੩੦ਵਾਂ ਸਾਲ

ਵਰਿਆਮ

ਦਸੰਬਰ, ੨੦੦੪

ਸਚੁ ਸੁਣਾਇਸੀ ਸਚ ਕੀ ਬੇਲਾ

ਜੈਸੀ ਮੈ ਆਵੈ, ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ, ਅਗਦੁ ਪੜੈ ਸੈਤਾਨੁ ਵੇ ਲਾਲੋ॥
ਮੁਸਲਮਾਨੀਆ ਪੜਹਿ ਕਤੇਬਾ, ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰਿ ਹਿਦਵਾਣੀਆ, ਏਹਿ ਭੀ ਲੇਖੈ ਲਾਇ ਵੇ ਲਾਲੋ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥
ਸਾਹਿਬ ਕੇ ਗੁਣ ਨਾਨਕੁ ਗਾਵੈ, ਮਾਸਪੁਰੀ ਵਿਚਿ ਆਖੁ ਮਸੋਲਾ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ॥
ਸਚਾ ਸੋ ਸਾਹਿਬੁ, ਸਚੁ ਤਪਾਵਸੁ, ਸਚੜਾ ਨਿਆਉ ਕਰੇਗੁ ਮਸੋਲਾ॥
ਕਾਇਆ ਕਪੜੁ ਟੁਕੁ ਟੁਕੁ ਹੋਸੀ, ਹਿਦੁਸਤਾਨੁ ਸਮਾਲਸੀ ਬੋਲਾ॥
ਆਵਨਿ ਅਠਤਰੈ, ਜਾਨਿ ਸਤਾਨਵੈ, ਹੋਰੁ ਭੀ ਉਠਸੀ ਮਰਦ ਕਾ ਚੇਲਾ॥
ਸਚ ਕੀ ਬਾਣੀ ਨਾਨਕੁ ਆਖੈ, ਸਚੁ ਸੁਣਾਇਸੀ ਸਚ ਕੀ ਬੇਲਾ॥੨॥੩॥੫॥

—ਗੁਰੂ ਨਾਨਕ

ਬਾਬਰ ਦੇ ਹਮਲੇ ਵੇਲੇ ਭਾਈ ਲਾਲੋ ਨੂੰ ਮੁਖਾਤਬ ਸ਼ਬਦ

ਸੰਪਾਦਕੀ

ਚਿੜੀ ਵਿਚਾਰੀ

ਦੇਸ ਦੀ ਹਾਲਤ ਤੀ ਤਸਵੀਰ ਵਚਿੱਤਰ ਹੈ। ਇਕ ਪਾਸੇ ਤਾਂ ਮੇਲੇ ਹੀ ਮੇਲੇ ਨਜ਼ਰ ਆਉਂਦੇ ਹਨ। ਨਾਚ ਗਾਣੇ ਅਤੇ ਮਨੋਰੰਜਨ ਦੇ ਪ੍ਰੋਗਰਾਮਾਂ ਦੀ ਭਰਮਾਰ ਹੈ। ਪਾਕਿਸਤਾਨ ਨਾਲ ਦੋਸਤੀ ਦੀ ਰੋਅ ਚਲ ਰਹੀ ਹੈ। ਡੈਲੀਗੇਸ਼ਨ ਆ ਜਾ ਰਹੇ ਹਨ। ਭਾਰਤ ਵਿਚ ਸਮਾਗਮਾਂ ਦੀ ਕਾਮਯਾਬੀ ਕਿਸੇ ਪਾਕਿਸਤਾਨੀ ਦਾ ਉਸ ਸਮਾਗਮ ਵਿਚ ਸ਼ਾਮਲ ਹੋਣਾ ਹੀ ਹੈ ਅਤੇ ਇਸੇ ਤਰ੍ਹਾਂ ਪਾਕਿਸਤਾਨ ਵਿਚ ਹੁੰਦੇ ਸਮਾਰੋਹਾਂ ਵਿਚ ਕਿਸੇ ਭਾਰਤੀ ਸ਼ਾਇਰ ਖਿਲਾੜੀ, ਲੇਖਕ ਜਾਂ ਜ਼ਿੰਦਗੀ ਦੇ ਕਿਸੇ ਹੋਰ ਖੇਤਰ ਵਿਚੋਂ ਆਈ ਸ਼ਖਸੀਅਤ ਦੀ ਸ਼ਮੂਲੀਅਤ ਖਿਚ ਦਾ ਕਾਰਨ ਹੈ। ਅੱਜ-ਕੱਲ ਇਧਰਲੇ ਪੰਜਾਬ ਵਿਚ ਪਛਮੀ ਪੰਜਾਬ ਤੋਂ ਲੇਖਕ ਆ ਕੇ ਇਧਰਲੇ ਪੰਜਾਬੀਆਂ ਨੂੰ ਉਧਰਲੇ ਸਮਾਗਮ ਵਿਚ ਆਉਣ ਦੀ ਪ੍ਰੇਰਣਾ ਕਰ ਰਹੇ ਹਨ ਅਤੇ ਇਧਰਲੇ ਸਮਾਗਮਾ ਵਿਚ ਰਾਵੀ ਪਾਰੋਂ ਆਉਣ ਵਾਲੇ ਲੇਖਕਾਂ ਦੀ ਬਹਤੁ ਚਰਚਾ ਹੈ। ਬਹੁਤ ਰੰਗ ਤਾਂ ਲਗੇ ਹਨ ਗਉਣ ਵਾਲੇ ਕਲਾਕਾਰਾਂ ਨੂੰ। ਸਾਰੀ-ਸਾਰੀ ਰਾਤ ਮੇਲਿਆਂ ਵਿਚ ਗਾਉਣ ਵਾਲੇ ਅਤੇ ਨਚਣ ਵਾਲਿਆਂ/ਵਾਲੀਆਂ ਨੂੰ ਵੇਖਣ ਵਾਸਤੇ ਏਨੀਆਂ ਭੀੜਾਂ ਜੁੜਦੀਆਂ ਹਨ ਕਿ ਸਾਰੇ ਇੰਤਜ਼ਾਮ ਫੇਹਲ ਹੋ ਰਹੇ ਹਨ ਅਤੇ ਸਾਰੇ ਜ਼ਾਬਤੇ ਟੁੱਟ ਰਹੇ ਹਨ। ਆਮ ਬੰਦਿਆਂ ਦੀਆਂ ਵਿਆਹ ਸ਼ਾਦੀਆਂ ਵਿਚ ਮਾਸ ਸ਼ਰਾਬ ਦੀ ਭਰਮਾਰ ਦਸਦੀ ਹੈ ਕਿ ਲੋਕ ਸੰਪੂਰਨ ਐਸ਼ ਵਿਚ ਡੁੱਬੇ ਹਨ। ਜਦੋਂ ਦਾ ਸਿੱਖ 'ਹਾਕਮਾਂ' ਵਲੋਂ ਮੈਰਿਜ ਪੈਲਸਾਂ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਜਾਣ ਤੇ ਪਾਬੰਦੀ ਲਗੀ ਹੈ, ਅੱਖ ਦੀ ਸ਼ਰਮ ਹੋਰ ਗਾਇਬ ਹੋ ਗਈ ਹੈ ਤੇ ਪੂਰਾ ਝਾਕਾ ਲਹਿ ਗਿਆ ਹੈ। ਸਾਰਾ ਦਿਨ ਸ਼ਰਾਬ ਦੇ ਦੌਰ ਚਲਦੇ ਹਨ ਅਤੇ ਚੰਗੇ ਚੰਗੇ ਸੂਫੀਆਂ ਅਤੇ ਬੁਜ਼ਰਗਾਂ ਨੂੰ ਵੀ ਪੀਣ ਲਈ ਪੇਸ਼ ਕੀਤੀ ਜਾਂਦੀ ਹੈ। ਇਹ ਹੈ ਇਕ ਤਸਵੀਰ। ਦੂਸਰੀ ਤਸਵੀਰ ਬਿਲਕੁਲ ਉਲਟ ਹੈ। ਇਕ ਬੰਦੇ ਨੇ ਕਿਨੀਆਂ ਹੀ ਬੱਚੀਆਂ ਦਾ ਕਤਲ ਕੀਤਾ ਹੈ। ਕਤਲ ਤੋਂ ਪਹਿਲਾਂ ਉਹਨੇ ਬੁਰਾ ਕੰਮ ਵੀ ਕੀਤਾ। ਕੋਈ ਛੇ ਮਹੀਨਿਆਂ ਬਾਦ ਹੀ ਉਹ ਫੜਿਆ ਜਾ ਸਕਿਆ ਅਤੇ ਕੋਈ ਪਤਾ ਨਹੀਂ ਉਹਦਾ ਕੀ ਬਣਦਾ ਹੈ। ਜੇ ਉਹਨੂੰ ਸਜ਼ਾ ਹੁੰਦੀ ਵੀ ਹੈ ਤਾਂ ਜਿਹਨਾਂ ਦੇ ਬੱਚੇ ਮਰ ਗਏ ਹਨ, ਉਹ ਵਾਪਸ ਨਹੀਂ ਮਿਲਣੇ। ਬਾਪ ਦੇ ਬੇਟੀ ਨਾਲ ਭਤੀਜੀ ਨਾਲ ਭਰਾ ਦੇ ਭੈਣਾਂ ਲਗਦੀਆਂ ਨਾਲ ਨਜ਼ਾਇਜ਼ ਸੰਬੰਧਾਂ ਦੀਆਂ ਕਹਾਣੀਆਂ ਆਮ ਹੋ ਗਈਆਂ ਹਨ। ਉਪਰ ਦਸੇ ਜਿਹਨਾਂ ਵਿਆਹ ਸ਼ਾਦੀਆਂ ਦੀ ਗੱਲ ਕੀਤੀ ਹੈ ਉਹ ਦੂਸਰੇ ਤੀਸਰੇ ਦਿਨ ਟੁੱਟ ਰਹੀਆਂ ਹਨ। ਇਕ ਪਾਸੇ ਸੜਕਾਂ ਚੌੜੀਆਂ ਹੋ ਰਹੀਆਂ ਹਨ ਦੂਸਰੇ ਪਾਸੇ ਭਿਆਨਕ ਐਕਸੀਡੈਂਟ ਵਧ ਗਏ ਹਨ। ਬਸ ਕਾਰ ਵਿਚ ਟੱਕਰ ਮਾਰ ਰਹੀ ਹੈ ਕਾਰ ਮੋਟਰ ਸਾਈਕਲ ਨੂੰ ਕੁਚਲ ਰਹੀ ਹੈ। ਅਗੇ ਤੋਂ ਅਗੇ ਚਲ ਕੇ ਆਖਰ ਤੇ ਆਮ ਆਦਮੀ ਹੈ ਜਿਸ ਕੋਲ ਪੈਦਲ ਚਲਣ ਵਾਸਤੇ ਸੜਕ ਤੇ ਸਿਰਫ ਜਾਨ ਦਾ ਖਤਰਾ ਹੀ ਹੈ। ਸਿਆਸੀ ਪਾਰਟੀਆਂ ਰੋਜ਼ ਲੜਾਈ ਦੇ ਮੁੱਦੇ ਲਭਦੀਆਂ ਰੋਜ਼ ਛੱਡਦੀਆਂ ਹਨ ਪਤਾ ਹੀ ਨਹੀਂ ਕੀ ਕਰਨਾ ਹੈ। ਇਕੋ ਮੰਤਰੀ ਮੰਡਲ ਦੇ ਮੰਤਰੀ ਇਕ ਦੂਜੇ ਨੂੰ ਚੋਰ ਸਾਬਤ ਕਰਨ ਲਈ ਬਿਆਨ ਦੇ ਰਹੇ ਹਨ। ਵੱਡੇ-ਵੱਡੇ ਧਰਮ ਗੁਰੂਆਂ ਤੇ ਕਤਲ ਦੇ ਕੇਸ ਚਲ ਰਹੇ ਹਨ। ਸਿਆਸੀ ਲੀਡਰ ਕਲ ਦੋਸ਼ੀ ਸਨ ਅੱਜ ਦੁਧ ਧੋਤੇ ਹਨ। ਕੁਝ ਇਸ ਤਰ੍ਹਾਂ ਦੀ ਤਸਵੀਰ ਹੈ ਜਿਸ ਵਿਚ ਆਮ ਆਦਮੀ ਜੀਣ ਦੀ ਕੋਸ਼ਿਸ਼ ਕਰ ਰਿਹਾ ਹੈ। ਓਵੇਂ ਹੈ ਜਿਵੇਂ ਪੁਰਾਣੀਆਂ ਦਾਦੀਆਂ ਰਾਤ ਬਾਤਾਂ ਪੌਂਦੀਆਂ ਸਨ, "ਚਿੜੀ ਵਿਚਾਰੀ ਕੀਹ ਕਰੇ। ਠੰਡਾ ਪਾਣੀ ਪੀ ਮਰੇ।"

ਜਗਦੀਸ਼ ਸਿੰਘ ਵਰਿਆਮ

ਵਰਿਆਮ

ਦਸੰਬਰ-੨੦੦੪
ਜਿਲਦ-੩੦
ਅੰਕ-੨

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:	Office Address :
ਮਾਸਿਕ ਵਰਿਆਮ	Monthly WARIAM
ਲਾਡੋਵਾਲੀ ਰੋਡ	(Punjabi)
(ਸਾਹਮਣੇ ਸੈਂਟਰਲ ਟਾਊਨ)	Ladowali Road.
ਜਲੰਧਰ- ੧੪੪੦੦੧	Opp. Central Town,
	Jalandhar-144001
ਫੋਨ-ਦਫਤਰ : ੨੨੨੨੫੪੩	Ph. : 2222543 (O)
ਘਰ : ੨੪੫੬੨੮੯	2456289 (R)

ਵਰਿਆਮ ਦੇ ਦਰ

ਇਹ ਅੰਕ	੧੫-੦੦
ਸਲਾਨਾ ਚੰਦਾ	੧੫੦-੦੦
ਪੰਜ ਸਾਲ ਲਈ	੬੦੦-੦੦
ਜੀਵਨ ਮੈਂਬਰ	੧੫੦੦-੦੦
ਵਿਦੇਸ਼ ਲਈ	੨੫ ਪੌਂਡ ਜਾਂ ੩੫ ਡਾਲਰ ਅਮਰੀਕੀ ਹਵਾਈ ਡਾਕ ਰਾਹੀਂ

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਪੁਰਬ

੨੨ ਨਵੰਬਰ ੨੦੦੪ ਸ੍ਰੀ ਸਤਿਗੁਰ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸੀ। ਇਸੇ ਤਾਰੀਖ (ਦੇਸੀ ਮਹੀਨੇ ਦਾ ੮ ਮਘਰ ਵੀ) ਨੂੰ ਸਤਿਗੁਰੂ ਜੀ ਦਾ ਅਵਤਾਰ ਸੰਨ ੧੯੨੦ ਵਿਚ ਹੋਇਆ ਸੀ। ਸਤਿਗੁਰੂ ਜੀ ਆਪ ਕਦੇ ਆਪਣਾ ਜਨਮ ਦਿਵਸ ਨਹੀਂ ਮਨਾਉਂਦੇ ਪਰ ਸੇਵਕਾਂ ਵਲੋਂ ਥਾਂ ਪਰ ਥਾਂ ਇਹ ਦਿਵਸ, ਪੁਰਬ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਸ੍ਰੀ ਭੈਣੀ ਸਾਹਿਬ ਵਿਚ ਵੀ ਸੇਵਕਾਂ ਨੇ ਇਹ ਪੁਰਬ ਵਖਰੇ ਤੌਰ ਤੇ ਮਨਾ ਹੀ ਲਿਆ।

ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਦੀਵਾਨ ਤੋਂ ਇਲਾਵਾ ਕਾਫੀ ਪ੍ਰੋਗਰਾਮ ਹੋਏ। ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਵਿਦਿਆਰਥੀਆਂ ਨੇ ਢੋਲਕੀ ਛੈਣਿਆਂ ਨਾਲ ਸ਼ਬਦ ਕੀਰਤਨ ਕਰਦਿਆਂ ਪਿੰਡ ਵਿਚ ਨਗਰ ਕੀਰਤਨ ਕੀਤਾ ਅਤੇ ਮੁੜ ਕੇ ਕੋਠੀ ਆ ਕੇ ਸਮਾਪਤੀ ਕੀਤੀ। ਸਿਮ੍ਰਤੀ ਮੰਦਰ ਦੇ ਵਡੇ ਹਾਲ ਵਿੱਚ ਭਾਰੀ ਸਮਾਗਮ ਹੋਇਆ। ਕਵੀਆਂ ਨੇ ਕਵਿਤਾਵਾਂ ਦਾ ਪ੍ਰੋਗਰਾਮ ਰਖਿਆ। ਬਾਹਰੋਂ ਆਏ ਵਿਸ਼ੇਸ਼ ਵਿਦਵਾਨਾਂ ਨੇ ਆਪਣੇ ਵਿਚਾਰ ਪਰਗਟ ਕੀਤੇ। ਸੰਤ ਦਲੀਪ ਸਿੰਘ ਨਾਮਧਾਰੀ ਦੇ ਸਟੇਜ ਪ੍ਰਬੰਧ ਵਿਚ ਹੋਏ ਸਮਾਗਮ ਵਿਚ ਮਾਸਟਰ ਅਮਰੀਕ ਸਿੰਘ ਜੀ ਨੇ ਕਵਿਤਾ ਸੁਣਾਈ। ਭਾਸ਼ਨਾਂ ਦਾ ਆਰੰਭ ਸੰਤ ਅਜੀਤ ਸਿੰਘ ਨਾਮਧਾਰੀ ਜੀ ਨੇ ਕੀਤਾ। ਉਪਰੰਤ ਸਿਲਸਲੇ ਵਾਰ, ਪ੍ਰੋ. ਕੁਲਵੰਤ ਜਗਰਾਓਂ, ਸ੍ਰੀ ਤੇਲੂ ਰਾਮ ਕੁਹਾੜਾ, ਪ੍ਰੋ. ਗੁਲਜ਼ਾਰ ਸਿੰਘ ਪੰਧੇਰ ਸਿਆਹੜ ਵਾਲਿਆਂ ਆਪਣੇ ਵਿਚਾਰ ਪੇਸ਼ ਕੀਤੇ ਜਿਸ ਵਿਚ ਸਤਿਗੁਰੂ ਜੀ ਦੀ ਮਹਿਮਾ, ਨਾਮ ਨਾਮਧਾਰੀ ਇਤਿਹਾਸ ਅਤੇ ਨਿਜੀ ਯਾਦਾਂ ਦਾ ਉਲੇਖ ਸੀ। ਕਵੀ ਸ. ਬਲਵਿੰਦਰ ਸਿੰਘ ਵੜੈਚ ਨੇ ਕਵਿਤਾ ਪੜ੍ਹੀ, ਜੁੱਗ ਜੁੱਗ ਜੀਵੇ ਛੱਤਰ ਝੂਲੀਵੇ ਪਿਆਰਾ।

ਪ੍ਰਸਿਧ ਵਿਦਵਾਨ ਡਾ. ਕਰਤਾਰ ਸਿੰਘ ਸੂਰੀ ਹੋਰਾਂ ਆਪਣੇ ਜੀਵਨ ਦੀਆਂ ਯਾਦਾਂ ਦਾ ਜ਼ਿਕਰ ਕਰਦਿਆਂ ਦਸਿਆ ਕਿ ਮੇਰੇ ਪਿਤਾ ਜੀ ਸ. ਨਾਨਕ ਸਿੰਘ ਨਾਵਲਿਸਟ ਹੋਰਾਂ ਮੈਨੂੰ ਨਾਮਧਾਰੀਆਂ ਦੀਆਂ ਕੁਰਬਾਨੀਆਂ ਬਾਰੇ ਬਹੁਤ ਕੁਝ ਦਸਿਆ। ਸੰਤ ਇੰਦਰ ਸਿੰਘ ਚਕ੍ਰਵਰਤੀ ਅਤੇ ਡਾ. ਅਮਰ ਭਾਰਤੀ ਜੀ ਨੇ ਵੀ ਮੇਰੇ ਮਨ ਵਿਚ ਬਹੁਤ ਜਗਿਆਸਾ ਜਗਾਈ। ਬੈਂਕਾਕ ਕਾਨਫਰੰਸ ਵਿਚ ਮੈਂ ਸਤਿਗੁਰਾਂ ਦੇ ਦਰਸ਼ਨ ਕੀਤੇ। ਉਹਨਾਂ ਦੀ ਅੱਖਾਂ ਦੀ ਜਿਓਤੀ ਮੇਰੇ ਅੰਦਰ ਪਈ। ਸਚ ਜਾਣਿਓ ਮੇਰੇ ਅੰਦਰ ਪ੍ਰਕਾਸ਼ ਹੋ ਗਿਆ। ਮੈਨੂੰ ਸਦਾ ਹੀ ਸਤਿਗੁਰੂ ਜੀ ਦੇ ਦਰਸ਼ਨਾਂ ਚੋਂ ਰੂਹਾਨੀ ਤਸਕੀਨ ਮਿਲੀ ਹੈ। ਭੈਣੀ ਸਾਹਿਬ ਦੇ ਦਰਸ਼ਨ ਮੇਰੀ ਵਡੀ ਪ੍ਰਾਪਤੀ ਹੈ।

ਪ੍ਰਸਿਧ ਵਿਦਵਾਨ ਅਤੇ ਬੁਲਾਰੇ ਪ੍ਰੋ ਮਹਿੰਦਰ ਸਿੰਘ ਚੀਮਾ ਹੋਰਾਂ ਬਹੁਤ ਵਡੇ ਆਕਾਰੀ ਮਜ਼ਮੂਨ ਨੂੰ ਥੋਹੜੇ ਸ਼ਬਦਾਂ ਵਿਚ ਸਮੇਟਦਿਆਂ ਬਿਬੇਕ ਦੀ ਗਲ ਕੀਤੀ। ਉਹਨਾਂ ਕਰੋਧ ਦੀ ਥਾਂ ਵਰੋਧ ਦੇ ਢੰਗ ਦਾ ਉਲੇਖ ਕੀਤਾ। ਨਾਮਧਾਰੀ ਜਨ ਜੀਵਨ ਅਤੇ ਇਤਿਹਾਸ ਚੋਂ ਪਰਮਾਣਾਂ ਸਹਿਤ ਪ੍ਰਦੂਸ਼ਣ ਰਹਿਤ ਭੈਣੀ ਸਾਹਿਬ, ਗੁਰੂ ਕੇ ਲੰਗਰ, ਸੁੱਚ ਸੋਧ, ਸਫਾਈ, ਗਊ ਮਾਂ ਧਰਤੀ ਮਾਂ ਦਾ ਮਹੱਤਵ ਅਤੇ ਸ਼ਾਨਦਾਰ ਨਾਮਧਾਰੀ ਇਤਿਹਾਸ ਦਾ ਜ਼ਿਕਰ ਕਰਦਿਆਂ ਬਹੁਤ ਸੂਤਰਬਧ ਪਰਵਚਨ ਕੀਤਾ।

ਵਰਿਆਮ ਦੇ ਸੰਪਦਾਕ ਸ. ਜਗਦੀਸ਼ ਸਿੰਘ ਨੇ ਲੰਮੇ ਸਮੇਂ ਤੋਂ ਸਤਿਗੁਰੂ ਜੀ ਨਾਲ ਬਤਾਏ ਸਮੇਂ ਨੂੰ ਯਾਦਾਂ ਦੇ ਰੂਪ ਵਿਚ ਜਜ਼ਬਾਤੀ ਰੌਅ ਵਿਚ ਬਿਆਨ ਕੀਤਾ ਅਤੇ ਸਤਿਗੁਰੂ ਜੀ ਵਲੋਂ ਅਧਿਆਤਮ, ਸਾਹਿਤ, ਸੰਗੀਤ, ਸਪੋਰਟਸ ਅਤੇ ਹੋਰ ਖੇਤਰਾਂ ਵਿਚ ਕੀਤੀ ਅਗਵਾਈ ਨੂੰ ਰੋਚਕਤਾ ਨਾਲ ਯਾਦ ਕੀਤਾ।

ਪਰਸਿਧ ਕਵੀ ਅਤੇ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਪ੍ਰਧਾਨ ਡਾ ਸੁਰਜੀਤ ਪਾਤਰ ਦਾ ਬਿਆਨ ਬਹੁਤ ਕਾਵਮਈ ਸੀ। ਉਹਨਾਂ ਸ੍ਰੀ ਭੈਣੀ ਸਾਹਿਬ ਦੀ ਪਹਿਲੀ ਯਾਤਰਾ ਸਮੇਂ ਚਿਟੇ ਕੰਵਲ ਫੁਲਾਂ ਨਾਲ ਸੰਗਤਾਂ ਦੀ ਸੰਗਿਆ ਦਿਤੀ। ਉਹਨਾਂ ਕਿਹਾ ਕਿ ਚਾਨਣੀ ਰਾਤ ਵਿਚ ਉਸਤਾਦ ਵਲੈਤ ਖਾਂ ਦੀ ਸਿਤਾਰ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਾਜ਼ਰੀ ਵਿਚ ਪੂਰੇ ਬ੍ਰਹਮੰਡ ਵਿਚ ਚਲਦੇ ਸੰਗੀਤ ਨੂੰ ਅਨੁਭਵ ਕਰਦੀ ਉਸ ਰਾਤ ਨੂੰ ਮੈਂ ਜ਼ਿੰਦਗੀ ਭਰ ਨਹੀਂ ਭੁਲ ਸਕਿਆ। ਪਾਤਰ ਜੀ ਦੇ ਬੀਮਾਰ ਹੋਣ ਤੇ ਸਤਿਗੁਰੂ ਜੀ ਦੇ ਦਰਸ਼ਨਾਂ ਅਤੇ ਕਿਰਪਾ ਨੇ ਨਵਾਂ ਜੀਵਨ ਦਾਨ ਦਿਤਾ। ਉਹ ਦੂਜੇ ਜਹਾਨ ਚੋਂ ਵਾਪਸ ਆਏ। ਸਾਹਿਤ ਅਕੈਡਮੀ ਜਾਂ ਸਾਹਿਤਕ ਅਦਾਰਿਆਂ ਨੂੰ ਜਦੋਂ ਲੋੜ ਪਈ ਸਤਿਗੁਰੂ ਜੀ ਵਲੋਂ ਸਦਾ ਹੀ ਸਹਾਇਤਾ ਹਾਜ਼ਰ ਰਹੀ ਹੈ। ਪਾਤਰ ਹੋਰਾਂ ਕਾਮਨਾ ਕੀਤੀ ਕਿ ਸਤਿਗੁਰਾਂ ਦੀ ਰੋਸ਼ਨੀ ਦੇ ਦੀਵੇ ਹਜ਼ਾਰਾਂ ਸਾਲ ਜਗਦੇ ਰਹਿਣ।

ਪੰਜਾਬੀ ਸਾਹਿਤ ਜਗਤ ਦੇ ਉਚ ਦੁਮਾਲੜੇ ਵਿਦਵਾਨ ਲੇਖਕ ਸ. ਸੰਤੋਖ ਸਿੰਘ ਧੀਰ ਦਾ ਭਾਸ਼ਨ ਕਹਾਣੀ ਰਸ ਵਾਂਗ ਸੁਆਦ ਭਰਪੂਰ ਸੀ। ਉਹਨਾਂ ਆਪਣੇ ਜ਼ਾਤੀ ਮਾਰਕਸਵਾਦੀ ਦ੍ਰਿਸ਼ਟੀਕੋਣ ਦਾ ਵੀ ਬਿਆਨ ਕੀਤਾ। ਅਧਿਆਤਮਵਾਦ ਨੂੰ ਉਹਨਾਂ ਦੋ ਭਾਗਾਂ, ਅੰਧ ਵਿਸ਼ਵਾਸ ਤੇ ਜਾਗ੍ਰਿਤ ਵਿਸ਼ਵਾਸ ਦੀ ਸੰਗਿਆ ਦਿਤੀ। ਉਹਨਾਂ ਕਿਹਾ ਕਿ ਗੁਰੂ ਨਾਨਕ ਦਾ ਅਧਿਆਤਮਵਾਦ ਸਰਬ ਮਾਨਵਜਾਤੀ ਦੇ ਕਲਿਆਨ ਦਾ ਅਧਿਆਤਮਵਾਦ ਸੀ। ਇਵੇਂ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਧਿਆਤਮਵਾਦ ਵੀ ਸਰਬ ਮਾਨਵਜਾਤ ਦੀ ਭਲਾਈ ਵਾਸਤੇ ਹੈ। ਉਹਨਾਂ ਆਪਣੇ ਪਿਤਾ ਜੀ ਦਾ ਜ਼ਿਕਰ ਕੀਤਾ ਜੋ ਕਿਰਪਾਨਧਾਰੀ

ਅਕਾਲੀ ਸਨ ਪਰ ਉਹਨਾਂ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਡੂੰਘਾ ਪਿਆਰ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨੌਜਵਾਨ ਸੰਤੋਖ ਸਿੰਘ ਤੇ ਵਰਾਂ ਦੀ ਬਖਸ਼ਿਸ਼ ਕੀਤੀ ਅਤੇ ਅਖਾਂ ਦੀ ਜੋਤ ਪ੍ਰਦਾਨ ਕੀਤੀ। ਉਹਨਾਂ ਬਹੁਤ ਭਿੱਝ ਕੇ ਕਿਹਾ ਕਿ ਮੈਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰੱਜ ਰੱਜ ਕੇ ਦਰਸ਼ਨ ਕੀਤੇ। ਆਪਣੇ ਰੌਚਕ ਬਿਆਨ ਸਿਲਸਲੇ ਨੂੰ ਜਾਰੀ ਰਖਦਿਆਂ ਉਹਨਾਂ, ਉਹ ਵਾਰਤਾ ਵੀ ਸੁਣਾਈ ਕਿ "ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਬੇਨਤੀ ਕੀਤੀ ਕਿ ਸਚਿਆ ਪਾਤਸ਼ਾਹ ਮੈਂ ਦੋ ਗਲਤੀਆਂ ਕੀਤੀਆਂ ਹਨ। ਇਕ ਮੈਂ ਲੇਖਕਾਂ ਦਾ ਪ੍ਰਧਾਨ ਬਣ ਬੈਠਾ (ਧੀਰ ਜੀ ਕੇਂਦਰੀ ਸਭਾ ਦੇ ਪ੍ਰਧਾਨ ਰਹੇ ਹਨ) ਅਤੇ ਦੂਸਰਾ ਚੰਡੀਗੜ੍ਹ ਵਿਚ ਪੰਜਾਬੀ ਕਾਨਫਰੰਸ ਰਖ ਬੈਠਾ।" ਲੰਬੇ ਸਿਲਸਲੇ ਨੂੰ ਛੋਟਾ ਕਰਦਿਆਂ ਉਹਨਾਂ ਦਸਿਆ ਕਿ ਕਿਵੇਂ ਸਤਿਗੁਰੂ ਜੀ ਨੇ ਪੈਜ ਰਖੀ ਅਤੇ ਮਿਹਰਾਂ ਦਾ ਮੀਂਹ ਵਸ ਪਿਆ। ਚੰਡੀਗੜ੍ਹ ਕਾਨਫਰੰਸ ਵਿਚ ਸਤਿਗੁਰਾਂ ਵਲੋਂ ਬਖਸ਼ਿਆ ਗੁਰੂ ਕਾ ਲੰਗਰ ਅਜੇ ਤਕ ਲੋਕਾਂ ਦੇ ਚੇਤਿਆਂ ਵਿਚ ਸਮਾਇਆ ਹੋਇਆ ਹੈ। ਧੀਰ ਜੀ ਦਾ ਬਚਨ ਸੀ ਕਿ ਅਖਾਂ ਦੀ ਰੌਸ਼ਨੀ ਅਤੇ ਕਲਮ ਦੀ ਰੌਸ਼ਨੀ ਭੈਣੀ ਸਾਹਿਬ ਤੋਂ ਹੀ ਪ੍ਰਾਪਤ ਹੋਈ ਹੈ। ਅਖੀਰ ਤੇ ਉਹਨਾਂ ਆਪਣੀ ਪ੍ਰਸਿਧ ਕਵਿਤਾ ਸੁਣਾਈ ਜਿਸ ਵਿਚ ਮਾਲਾ ਦੇ ਗੋਲ ਗੋਲ ਮਣਕਿਆਂ ਨੂੰ ਤੋਪਾਂ ਦੇ ਗੋਲਿਆਂ ਨਾਲ ਖੇਡਦੇ ਦਸਿਆ ਗਿਆ ਹੈ।

ਭਾਸ਼ਨਾਂ ਦੇ ਸਿਲਸਲੇ ਦੀ ਅੰਤਮ ਕੜੀ ਸੀ ਸ. ਹਰਵਿੰਦਰ ਸਿੰਘ ਹੰਸਪਾਲ ਪ੍ਰਧਾਨ ਨਾਮਧਾਰੀ ਦਰਬਾਰ ਅਤੇ ਪ੍ਰਧਾਨ ਪੰਜਾਬ ਕਾਂਗਰਸ ਦਾ ਭਾਸ਼ਨ। ਉਹਨਾਂ ਆਪਣੇ ਭਾਸ਼ਨ ਵਿਚ ਕਿਹਾ ਕਿ ੪੫ ਸਾਲ ਸਤਿਗੁਰਾਂ ਨੂੰ ਗੁਰਗੱਦੀ ਤੇ ਸ਼ੋਭਤ ਹੋਇਆਂ ਹੋਏ ਹਨ ਅਤੇ ਇਹਨਾਂ ਸਾਲਾਂ ਵਿਚ ਆਪ ਜੀ ਨੇ ਲੋਕ ਮਨਾਂ ਵਿਚ ਪਈਆਂ ਵਿੱਥਾਂ ਨੂੰ ਘਟਾਇਆ ਹੈ। ਉਹਨਾਂ ਕਿਹਾ ਕਿ ਮੇਰੇ ਵਰਗੇ ਬੰਦਿਆਂ ਨੂੰ ਆਪ ਦੀਆਂ ਕਈ ਗੱਲਾਂ ਬੜੇ ਚਿਰਾਂ ਬਾਦ ਸਮਝ ਆਉਂਦੀਆਂ ਹਨ। ਅਸੀਂ ਸਾਰੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਗੁਰੂ ਰਾਮ ਸਿੰਘ ਦੇ ਸਿਖ ਹਾਂ ਅਸੀਂ ਉਸ ਪਰੰਪਰਾ ਨੂੰ ਜਾਰੀ ਰਖ ਰਹੇ ਹਾਂ। ਆਓ ਚਿੰਤਨ ਕਰੀਏ ਅਤੇ ਸਾਰੇ ਸਿਖ, ਵਿਥਾਂ ਘਟਾ ਕੇ ਗੁਰੂ ਨਾਨਕ ਨਾਮ ਲੇਵਾ ਇਕਠੇ ਹੋਈਏ। ਇਹ ਹੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਵਤਾਰ ਪੁਰਬ ਮਨਾਉਣ ਦਾ ਹਾਸਲ ਹੈ।

ਭਾਸ਼ਨਾਂ ਦੇ ਸਿਲਸਲੇ ਬਾਦ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਇਕ ਬਹੁਤ ਵਧੀਆਂ ਡਾਕੂਮੈਂਟਰੀ ਫਿਲਮ ਦਿਖਾਈ ਗਈ ਜੋ ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਜੀ ਦੇ ਸਹਿਯੋਗ ਅਤੇ ਉਦਮ ਨਾਲ ਤਿਆਰ ਹੋਈ ਹੈ। ਇਸ ਫਿਲਮ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਇਤਿਹਾਸ ਦੇ ਕਈ ਜੀਵਨ ਚਿੱਤਰ ਪੇਸ਼ ਕੀਤੇ। ਥੋਹੜੇ ਸਮੇਂ ਵਿਚ ਕੀਰਤਨ, ਸੰਗੀਤ, ਖੇਡਾਂ ਅਤੇ ਨਾਮਧਾਰੀ ਮੇਲਿਆਂ ਦੇ ਦ੍ਰਿਸ਼, ਉਸਤਾਦ ਵਲਾਇਤ ਖਾਂ ਅਤੇ ਪੰਡਿਤ ਰਾਜਨ ਸਾਜਨ ਮਿਸ਼ਰਾ ਦੇ ਬਿਆਨ ਅਤੇ ਹੋਰ ਬੁਹਤ ਕੁਝ ਇਸ ਫਿਲਮ ਵਿਚ ਸੀ।

ਸਾਮੂਹਕ ਨਿਤਨੇਮ ਹਜ਼ੂਰੀ ਕੀਰਤਨ ਬਾਦ ਅਰਦਾਸ ਹੋਈ। ਹੋਰ ਵੀ ਬਹੁਤ ਪ੍ਰੋਗਰਾਮ ਇਸ ਦਿਨ ਸੰਗਤ ਨੇ ਵੇਖੇ ਤੇ ਆਨੰਦ ਮਾਣਿਆ। ਸਤਿਗੁਰੂ ਜੀ ਨੇ ਬਹੁਤ ਪਰਸੰਨ ਮੁਦਰਾ ਵਿਚ ਲੇਖਕਾਂ ਅਤੇ ਹੋਰ ਸੰਗਤ ਨੂੰ ਦਰਸ਼ਨ ਦਿਤੇ।

ਹੱਥ ਵਟਾਓ

ਵਰਿਆਮ ਤੀਹਵੇਂ ਸਾਲ ਵਿਚ ਚਲ ਰਿਹਾ ਹੈ। ਇਹ ਗੁਰੂ ਕਿਰਪਾ ਅਤੇ ਵਰਿਆਮ ਦੇ ਸਨੇਹੀਆਂ ਦੀਆਂ ਸ਼ੁਭ ਇਛਾਵਾਂ ਕਰਕੇ ਸੰਭਵ ਹੋਇਆ ਹੈ। ਪਿਛਲੇ ਕੁਝ ਸਮੇਂ ਤੋਂ ਮੇਰਾ ਫੇਰਾ ਤੋਰਾ ਘਟਿਆ ਹੋਇਆ ਹੈ। ਮੇਰੀ ਸਿਹਤ ਭਾਵੇਂ ਠੀਕ ਹੈ ਪਰ ਇਹ ਕਿਤੇ ਜਾਣ ਦੀ ਆਗਿਆ ਨਹੀਂ ਦਿੰਦੀ। ਇਹ ਉਮਰ ਦਾ ਤਕਾਜ਼ਾ ਵੀ ਹੋ ਸਕਦਾ ਹੈ। ਇਸ ਨਾਲ ਬਹੁਤ ਸਨੇਹੀ ਮਿਤਰ ਅਤੇ ਰਿਸ਼ਤੇਦਾਰ ਭਾਵੇਂ ਬੁਰਾ ਵੀ ਮਨਾਉਂਦੇ ਹੋਣ ਪਰ ਤੇਜ਼ ਰਫਤਾਰੀ ਨਾਲ ਜਾਣਾ ਆਉਣਾ ਮੇਰੀ ਸਿਹਤ ਅਤੇ ਵਰਿਆਮ ਦੀ ਤਿਆਰੀ ਤੇ ਅਸਰ ਪਾਉਂਦਾ ਹੈ। ਇਸ ਰੋਕ ਕਾਰਨ ਵਰਿਆਮ ਵਾਸਤੇ ਆਉਣ ਵਾਲੇ ਫੰਡਾਂ ਤੇ ਮਾੜਾ ਅਸਰ ਪਿਆ ਹੈ। ਫਿਰ ਤੁਰ ਕੇ ਮਿਲ ਜੁਲ ਕੇ ਪ੍ਰਾਪਤ ਹੋਣ ਵਾਲੇ ਇਸ਼ਤਿਹਾਰ ਸਹਾਇਤਾ ਆਦਿ ਵੀ ਕਾਫੀ ਘਟ ਗਏ ਹਨ।

ਮੇਰੀ ਜ਼ਾਤੀ ਬੇਨਤੀ ਹੈ ਕਿ ਵਰਿਆਮ ਦੇ ਹਤੈਸ਼ੀ ਅਗੇ ਆਉਣ। ਇਸ ਦੀ ਆਮਦਨੀ ਨੂੰ ਵਧਾਉਣ ਵਾਸਤੇ ਜਤਨ ਕਰਨ। ਵਰਿਆਮ ਲਈ ਅਪਣੇ ਅਤੇ ਦੋਸਤਾਂ ਮਿਤਰਾਂ ਤੋਂ ਇਸ਼ਤਿਹਾਰਾਂ ਦਾ ਪਰਬੰਧ ਕਰਾਉਣ। ਚੰਦੇ ਬਹੁਤ ਸਾਰੇ ਸਜਨਾਂ ਦੇ ਬਕਾਇਆ ਹਨ। ਬਦੇਸ਼ ਤੋਂ ਵੀ ਬਹੁਤ ਪ੍ਰੇਮੀਆਂ ਦੇ ਚੰਦੇ ਇਕਠੇ ਨਹੀਂ ਹੋ ਸਕੇ। ਕੁਝ ਆਏ ਹਨ ਪਰ ਜਿਨ੍ਹਾਂ ਦੇ ਨਹੀਂ ਆਏ ਉਹ ਕਿਰਪਾ ਕਰਕੇ ਭਿਜਵਾ ਦੇਣ। ਜੇ ਦੋ ਮਹੀਨਿਆਂ ਤਕ ਨਾ ਆਏ ਤਾਂ ਪਰਚਾ ਨਾ ਭੇਜਨ ਦੀ ਮਜਬੂਰੀ ਤਾਂ ਆਵੇਗੀ ਹੀ। ਇਹ ਸੰਗਦਿਆਂ ਸੰਗਦਿਆਂ ਬੇਨਤੀ ਕਰ ਰਿਹਾ ਹਾਂ ਥੋਹੜਾ-ਥੋਹੜਾ ਭਾਰ ਚੁਕਣ ਨਾਲ ਹੀ ਬਹੁਤ ਭਾਰ ਹੋਲਾ ਹੋ ਜਾਵੇਗਾ। ਵਰਿਆਮ ਚਲਦਾ ਰੱਖਣ ਲਈ ਇਹ ਜ਼ਰੂਰੀ ਹੋ ਗਿਆ ਹੈ।

ਧੰਨਵਾਦ ਸਹਿਤ

ਜਗਦੀਸ਼ ਸਿੰਘ ਵਰਿਆਮ

"ਗੁਰੂ ਨਾਨਕ—ਇਕ ਨਿਵੇਕਲਾ ਧਰਮ ਅਵਤਾਰ"

—ਗੁਰਬਚਨ ਸਿੰਘ ਨਾਮਧਾਰੀ

ਭਾਰਤ ਦੀ ਧਰਮ ਅਵਤਾਰ ਪਰੰਪਰਾ ਵਿਚ, ਗੁਰੂ ਨਾਨਕ ਦਾ ਥਾਂ ਨਿਵੇਕਲਾ ਹੈ ਤਾਂ ਉਹ ਇਸ ਕਰਕੇ ਕਿ ਗੁਰੂ ਨਾਨਕ ਨੇ ਧਰਮ ਨੂੰ ਮਨੁੱਖ ਦੀ ਸੁੱਖ-ਸ਼ਾਂਤੀ, ਸਮਾਨਤਾ ਅਤੇ ਸੁਰੱਖਿਆ ਨਾਲ ਜੋੜਿਆ। ਕਰੋੜਾਂ ਦੇਵੀ ਦੇਵਤਿਆਂ ਦੀ ਕਲਪਨਾ, ਕਬਰਾਂ, ਮੜ੍ਹੀਆਂ-ਮਸੀਤਾਂ, ਦਰਖਤਾਂ ਦੇ ਅੱਗੇ ਕਰਮਕਾਂਡੀ-ਅਨੁਸਠਾਨਾਂ ਵਿਚ ਧਨ ਅਤੇ ਸਮਾਂ ਖਰਚ ਕਰਦਾ ਹੋਇਆ ਭਾਰਤੀ ਜਨਮਾਨਸ ਮਨੁੱਖੀ ਸਮਾਜ ਦੀ ਖੁਸ਼ਹਾਲੀ ਤੋਂ ਦੂਰ ਹੁੰਦਾ ਗਿਆ। ਧਿਆਨਯੋਗ ਗੱਲ ਹੈ ਕਿ ਭਾਈਚਾਰਾ, ਸਾਂਝੀਵਾਲਤਾ, ਪੁਰਬ ਤਿਉਹਾਰ ਸਭ ਕੁਝ ਭਰੇ ਹੋਏ ਪੇਟ ਦੇ ਉਪਰਾਲੇ ਹਨ। ਭੁੱਖੇ ਤੋਂ ਧਰਮ ਦਾ ਅਰਥ ਪੁੱਛਿਆ ਜਾਏ ਤਾਂ ਜਵਾਬ ਮਿਲੇਗਾ, — "ਰੋਟੀ"।

ਰਿਸ਼ੀ ਉੱਦਾਲਕ ਦਾ ੨੦ ਸਾਲਾ ਪੁੱਤਰ ਗੁਰੂਕੁਲ ਤੋਂ ਬ੍ਰਹਮ ਵਿੱਦਿਆ ਪ੍ਰਾਪਤ ਕਰਕੇ ਆਇਆ। ਹਰ ਗੱਲ 'ਤੇ ਕਹਿੰਦਾ, "ਇਹ ਬ੍ਰਹਮ ਹੈ।"। ਜੜ੍ਹ ਚੇਤਨ ਹਰ ਸ਼ੈਅ ਵਿਚ ਬ੍ਰਹਮ ਨੂੰ ਵੇਖਣ-ਵੇਖੌਣ ਦੀ ਵਕਾਲਤ ਕਰਦਾ। ਪਿਤਾ ਉੱਦਾਲਕ ਨੇ ਪੁੱਤਰ ਨੂੰ ੧੫ ਦਿਨ ਦਾ ਉਪਵਾਸ ਰੱਖਣ ਦਾ ਹੁਕਮ ਦਿੱਤਾ। ਅੰਨ ਛੁੱਟ ਗਿਆ... ਸਰੀਰ ਕਮਜ਼ੋਰ ਹੁੰਦਾ ਗਿਆ... ਬੋਲਣਾ ਬੰਦ ਹੋ ਗਿਆ। ਸੱਤਵੇਂ ਦਿਨ ਪਿਤਾ ਨੇ ਪੁੱਛਿਆ, ਪੁੱਤਰ ਬ੍ਰਹਮ ਕੀ ਹੈ ? ਮੱਧਮ ਜਿਹੀ ਅਵਾਜ਼ ਵਿਚ ਪੁੱਤਰ ਨੇ ਕਿਹਾ, "ਅੰਨਮ-ਬ੍ਰਹਿਮ' ਅੰਨ ਹੀ ਬ੍ਰਹਮ ਹੈ।

ਯੁੱਧ ਵਿੱਦਿਆ ਵਿਚ ਪੰਜ ਹਜ਼ਾਰ ਸਾਲ ਪਹਿਲਾਂ ਅੱਜ ਦੀਆਂ ਮਿਜ਼ਾਇਲਾਂ ਤੋਂ ਜ਼ਿਆਦਾ ਤੇਜ਼ ਅਗਣੀ ਬਾਣ, ਸ਼ਕਤੀ ਬਾਣ ਅਤੇ ਬ੍ਰਹਮ ਅਸਤ੍ਰ ਚਲੌਣ ਵਾਲਾ ਇਹ ਦੇਸ਼, ਸਰਵ ਸ਼ਕਤੀਸ਼ਾਲੀ ਦੇਸ਼ ਸੀ। ਅਰਜਨ ਦੇ ਗਾਂਡੀਵ ਅਤੇ ਭੀਮ ਦੀ ਗਦਾ ਨਾਲ ਵਿਸ਼ਵ ਦਾ ਗਗਨ-ਮੰਡਲ ਕੰਬਿਆ। ਪਰ ਓਹੀ ਦੇਸ਼ ਯਵਨਾਂ, ਸ਼ੱਕਾਂ, ਹੂਨਾਂ ਅਤੇ ਮੁਗਲਾਂ ਦੇ ਪੈਰਾਂ ਤਲੇ ਰੌਂਦਿਆਂ ਜਾਏਗਾ, ਇਹ ਸ਼ਾਇਦ ਸੁਪਨੇ ਵਿਚ ਵੀ ਕਿਸੇ ਸੋਚਿਆ ਨਾ ਹੋਵੇ। ਆਰਥਕ ਖੇਤਰ ਵਿਚ 'ਸੋਨੇ ਦੀ ਚਿੜੀਆ' ਅਤੇ ਅਧਿਆਤਮਕ ਪੱਖੋਂ ਵਿਸ਼ਵ ਗੁਰੂ ਅਖੌਣ ਵਾਲੇ ਭਾਰਤ ਦੀਆਂ ਬਹੂ ਬੇਟੀਆਂ ਕਾਬਲ ਅਤੇ ਕਾਹਿਰਾ ਦੇ ਬਾਜ਼ਾਰਾਂ ਵਿਚ ਟੱਕੇ-ਟੱਕੇ 'ਤੇ ਨੀਲਾਮ ਹੁੰਦੀਆਂ ਰਹੀਆਂ ਅਤੇ ਵਿਸ਼ਵ ਨੂੰ ਗਿਆਨ ਦੇਣ ਵਾਲੇ ਇਸ ਮੁਲਕ ਦੇ ਵੰਸ਼ਜ ਊਚ ਨੀਚ, ਜ਼ਾਤ-ਪਾਤ, ਸਵਰਗ-ਨਰਕ, ਮੜ੍ਹੀਆਂ ਮਸੀਤਾਂ ਜਿਹੀਆਂ ਵਿਕਾਸ ਵਿਰੋਧੀ ਗਿਰਾਵਟਾਂ ਦਾ ਸ਼ਿਕਾਰ ਹੋ ਗਏ।

ਸੰਨ ੧੫੨੧ ਵਿਚ ਬਾਬਰ ਦੇ ਤੀਸਰੇ ਹਮਲੇ ਸਮੇਂ ਗੁਰੂ ਨਾਨਕ ਨੇ ਲੁੱਟ-ਪਾਤ,ਕੱਟ-ਵੱਢ ਅਤੇ ਔਰਤਾਂ ਦੀ ਬੇਪਤੀ ਆਪਣੀ ਅੱਖੀਂ ਵੇਖੀ। ਹੋਰਨਾਂ ਕੈਦੀਆਂ-ਗੁਲਾਮਾਂ ਵਾਂਗ, ਸਿਰ 'ਤੇ ਪੰਡ ਚੁੱਕ ਗੁਰੂ ਨਾਨਕ ਵੀ ਕੈਦਖਾਨੇ ਵਿਚ ਰਹੇ.... ਚੱਕੀ ਚਲਾਈ। ਮਨੁੱਖੀ ਕਦਰਾਂ ਕੀਮਤਾਂ ਦੀਆਂ ਧੱਜੀਆਂ ਉਡਦੀਆਂ ਵੇਖੀਆਂ ਤਾਂ ਰੋਸ ਨਾਲ ਭਰ ਕੇ ਪ੍ਰਮਾਤਮਾ ਨੂੰ ਸ਼ਿਕਾਇਤ ਕੀਤੀ :

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥"

ਭਗਵਾਨ ਕ੍ਰਿਸ਼ਨ ਤੋਂ ਪੰਜ ਹਜ਼ਾਰ ਸਾਲ ਮਗਰੋਂ ਇਹ ਪਹਿਲਾ (ਸਮਾਂ) ਅਵਸਰ ਸੀ ਜਦੋਂ ਧਰਮ ਨੇ ਰਾਜਨੀਤੀ ਵਿਚ ਦਖਲਅੰਦਾਜ਼ੀ ਕੀਤੀ। ਧਰਮ ਨੂੰ ਸਮਾਜਕ ਸ਼ਾਂਤੀ-ਸੁਰੱਖਿਆ ਅਤੇ ਸਰਬ ਪੱਖੀ ਖੁਸ਼ਹਾਲੀ ਨਾਲ ਜੋੜਨ ਦੀ ਇਹੋ ਸੋਚ ਗੁਰੂ ਨਾਨਕ ਦਰਸ਼ਨ (ਫਿਲੌਸਫੀ) ਬਣ ਕੇ ਪ੍ਰਚਾਰਤ ਹੋਈ। ਦਮਨ ਅਤੇ ਸ਼ੋਸ਼ਣ ਦੇ ਸ਼ਿਕਾਰ ਦੀਨ ਮਜ਼ਲੂਮ ਮਨੁੱਖ ਨੂੰ ਸਮਾਜ ਵਿਚ ਸਨਮਾਨ ਦਾ ਸੰਦੇਸ਼ ਦਿੱਤਾ :

"ਜਿਥੈ ਨੀਚ ਸੰਮਾਲੀਅਨਿ,
ਤਿਥੈ ਨਦਰਿ ਤੇਰੀ ਬਖਸੀਸ॥'

ਸੈਦਪੁਰ ਵਿਖੇ, ਮਲਿੱਕ ਭਾਗੋ ਦੇ ਪਕਵਾਨਾਂ ਨੂੰ ਤਿਆਗ ਤਰਖਾਣ ਲਾਲੋ ਦੀ ਛੱਪਰੀ 'ਚ ਕੋਧਰੇ ਦੀ ਰੋਟੀ ਨੂੰ ਤਰਜੀਹ ਦੇ ਕੇ ਗੁਰੂ ਨਾਨਕ ਨੇ ਦੱਬੇ ਅਤੇ ਸ਼ੋਸ਼ਿਤ ਕਾਮਿਆਂ-ਕਾਮਗਾਰਾਂ ਦਾ ਪ੍ਰਤਿਸ਼ਠਾ ਪੂਰਨ ਮੂਲਾਂਕਣ ਕੀਤਾ। ਧਰਮ ਦਾ ਅਰਥ ਹੈ, ਖੁਸ਼ਹਾਲੀ ਅਤੇ ਖੁਸ਼ਹਾਲੀ ਦਾ ਆਧਾਰ ਹੈ, ਕਿਰਤ। ਇਮਾਨਦਾਰੀ ਅਤੇ ਨਿਸ਼ਠਾਪੂਰਨ ਕਿਰਤ ਵਿਕਾਸ ਵਿਚ ਸਹਿਯੋਗ ਕਰਕੇ ਸਰਬ ਪੱਖੀ ਖੁਸ਼ਹਾਲੀ ਦਾ ਵਾਤਾਵਰਨ ਨਿਰਮਤ ਕਰ ਦਿੰਦੀ ਹੈ ਅਤੇ ਮਨੁੱਖ ਲਈ ਧਰਮ ਸਾਰਥਕ ਬਣ ਜਾਂਦਾ ਹੈ। ਮਨੁੱਖ ਦਾ ਸ਼ੋਸ਼ਣ ਕਰਨ ਵਾਲੇ ਰਾਜਿਆਂ ਨੂੰ ਸ਼ੇਰ ਬਘਿਆੜ ਅਤੇ ਉਨ੍ਹਾਂ ਦੇ ਅਹਿਲਕਾਰਾਂ ਨੂੰ ਕੁੱਤੇ ਜਿਹੇ ਸ਼ਬਦਾਂ ਨਾਲ ਸੰਬੋਧਨ ਕੀਤਾ, "ਰਾਜੇ ਸੀਹ ਮੁਕਦਮ ਕੁਤੇ...।"

ਅਤੇ ਕਿਰਤੀਆਂ ਕਾਮਿਆਂ ਨੂੰ ਸੁਲਤਾਨ ਕਹਿ ਕੇ ਸਨਮਾਨਤ ਕੀਤਾ।

ਗੁਰੂ ਨਾਨਕ ਦੇ ਉਪਦੇਸ਼ਾਂ ਅਨੁਸਾਰ, "ਕਿਰਤ ਕਰੋ; ਪੂਰੀ ਨਿਸ਼ਠਾ ਅਤੇ ਨਿਸ਼ਕਾਮਤਾ ਨਾਲ, ਸਮਰਪਣ ਅਤੇ ਸੱਚਾਈ ਨਾਲ! ਤੁਹਾਡਾ ਕਰਮ ਹੀ ਧਰਮ ਬਣ ਜਾਏਗਾ।"

ਨਿਸ਼ਠਾ ਅਤੇ ਨਿਸ਼ਕਾਮਤਾ ਨਾਲ ਕੱਪੜੇ ਬੁਣਦਾ

ਜੁਲਾਹਾ ਕਬੀਰ ਭਗਤ ਬਣ ਪ੍ਰਤਿਸ਼ਠਤ ਹੋਇਆ, ਮਾਸ ਵੇਚਦਾ ਸਧਨਾ ਕਸਾਈ ਸਿਰਮੌਰ ਭਗਤ ਰੂਪ ਵਿਚ ਜ਼ਾਹਿਰ ਹੋਇਆ। ਤਪਦੀ ਭੱਠੀ ਅੱਗੇ ਲੋਹਾ ਕੁੱਟਦਾ ਲੁਹਾਰ, ਗੀਤਾ ਦੇ ਸ਼ਲੋਕ ਸ੍ਰਿਜਤ ਕਰਦਾ ਹੁੰਦਾ ਹੈ। ਹੱਲ ਚਲਾਉਂਦਾ ਹੋਇਆ ਧਰਤੀ ਦੀ ਹਿੱਕ 'ਤੇ ਲਕੀਰਾਂ ਖਿੱਚਦਾ ਹੋਇਆ ਕਿਸਾਨ ਵੇਦ ਰੀਚਾਵਾਂ ਉਕੇਰ ਰਿਹਾ ਹੁੰਦਾ ਹੈ।

ਗੁਰਮਤ ਅਨੁਸਾਰ ਧਾਰਮਿਕ ਹੋਣ ਦੀ ਪਛਾਣ, ਮੱਥੇ 'ਤੇ ਬਣੇ ਹੋਏ ਤਿਲਕ-ਤ੍ਰਿਪੁੰਡ ਨਾਲ ਨਹੀਂ ਉਸ ਦੀ ਕਰਣੀ ਨਾਲ ਹੋਣੀ ਚਾਹੀਦੀ ਹੈ। ਵੇਦਾਂ ਗ੍ਰੰਥਾਂ ਦੇ ਰਟੇ ਹੋਏ ਸ਼ਲੋਕ ਕਿਸੇ ਦੀ ਵਿਦਵਤਾ ਦੀ ਪਛਾਣ ਨਹੀਂ ਹੋਣੀ ਚਾਹੀਦੀ। ਦੀਨ ਦੁਖੀਆਂ ਦੇ ਪ੍ਰਤੀ ਸਦਭਾਵਨਾ ਅਤੇ ਸੰਵੇਦਨਸ਼ੀਲਤਾ ਹੀ ਕਿਸੇ ਸ਼ਖਸੀਅਤ ਦਾ ਅਲੰਕਾਰ ਹੁੰਦਾ ਹੈ।

"ਚਾਰੇ ਬੇਦ ਮੁਖਾਗਰ ਪਾਠਿ,
ਪੁਰਬੀ ਨਾਵੈ ਵਰਨਾਂ ਕੀ ਦਾਤਿ॥
ਵਰਤ ਨੇਮ ਕਰਹਿ ਦਿਨ ਰਾਤ॥
ਕਾਜੀ ਮੁਲਾਂ ਹੋਵਹਿ ਸੇਖ॥ ਜੋਗੀ ਜੰਗਮ ਭਗਵੇ ਭੇਖ॥
ਕੋ ਗਿਰਹੀ ਕਰਮਾ ਕੀ ਸੰਧਿ॥ ਬਿਨੁ ਬੂਝੇ ਸਭ ਖੜੀਅਸਿ ਬੰਧਿ॥੩॥ ਜੇਤੇ ਜੀਅ ਲਿਖੀ ਸਿਰਿ ਕਾਰ॥ ਕਰਣੀ ਉਪਰਿ ਹੋਵਗਿ ਸਾਰ॥

ਕਰਨੀ ਦਾ ਸਾਰ ਹੀ ਧਰਮ ਦਾ ਆਧਾਰ ਹੈ। ਧਰਮ ਕਮਾਉਣ ਲਈ ਮੰਦਿਰ-ਮਸਜਿਦ ਜਾਣਾ ਲਾਜ਼ਮੀ ਨਹੀਂ, ਮੌਲਵੀ ਦੀ ਬਾਂਗ ਜ਼ਰੂਰੀ ਨਹੀਂ।

"ਦੇਹ ਮਸੀਤਿ ਮਨ ਮੌਲਾਨਾ ਕਲਮ ਖੁਦਾਈ ਪਾਕ ਖਰਾ"॥

ਅਤੇ

"ਸੱਚ ਕਮਾਵੈ ਸੋਈ ਕਾਜੀ, ਜੋ ਦਿਲ ਸੋਧੈ ਸੋਈ ਹਾਜੀ॥"

ਸੱਚ ਦੀ ਕਿਰਤ ਕਰਨ ਵਾਲਾ ਕਾਜੀ ਹੈ, ਦਿਲ ਦੀ ਸ਼ੁੱਧੀ, ਹਾਜੀ ਦੀ ਪਛਾਣ ਹੈ, ਧਰਮ ਨੂੰ ਮਨੁੱਖੀ ਸੁੱਖ ਜੋਗ ਢਾਲਣਾ ਗੁਰੂ ਨਾਨਕ ਦਾ ਮੁਖ ਮੰਤਵ ਸੀ। ਜਨੇਊ ਸੰਸਕਾਰ ਦਾ ਸਮਾਂ ਹੋਵੇ ਜਾਂ ਕੁਰੂਕਸ਼ੇਤਰ ਗ੍ਰਹਿਣ ਦਾ ਵੇਲਾ ਹੋਵੇ, ਹਰਿਦੁਆਰ ਸੂਰਜ ਨੂੰ ਜਲ ਦਿੰਦਾ ਕੋਈ ਤਥਾਕਥਤ ਸ਼ਰਧਾਲੂ ਜਾਂ ਗਯਾ ਵਿਚ ਪਿੰਡ ਦਾਨ ਨੂੰ ਨਿਭਾਉਂਦਾ ਕੋਈ ਕਰਮ ਕਾਂਡੀ, ਗੁਰੂ ਨਾਨਕ ਸਾਰੇ ਸੰਸਿਆਂ ਭਰਮਾਂ ਨੂੰ ਤੋੜਦਾ ਨਜ਼ਰ ਆਉਂਦਾ ਹੈ.... ਹਰ ਥਾਂ ਮਨੁੱਖ ਨੂੰ ਮਨੁੱਖ ਪ੍ਰਤੀ ਜੋੜਦਾ ਨਜ਼ਰ ਆਉਂਦਾ ਹੈ। ਪਿਤਾ ਦੇ ਨਮਿਤ ਸਰਾਧ ਕਰਦੇ ਦੁਨੀਚੰਦ ਨੂੰ ਗੁਰੂ ਨਾਨਕ ਕਹਿੰਦੇ ਹਨ ਮੋਇਆਂ ਪਿਛੋਂ ਕੀਤਾ ਹੋਇਆ ਪੁੰਨ-ਦਾਨ-ਅਨੁਸਠਾਨ ਚੰਗਾ ਹੈ ਜੇ ਇਹ ਜ਼ਰੂਰਤਮੰਦਾਂ ਨੂੰ ਅੰਨ-ਵਸਤ੍ਰ ਵੰਡ ਕੇ ਧਨ ਸੁਫਲਾ ਕੀਤਾ ਜਾਏ ਪਰ ਇਹ ਸੋਚਣਾ ਗਲਤ ਹੈ ਕਿ ਇਸ ਦਾ ਫਲ ਮਿਰਤ ਜੀਵ ਆਤਮਾ ਨੂੰ ਜਾ ਰਿਹਾ ਹੈ। ਤੇਰਾ ਪਿਤਾ, ਇਥੋਂ, ਲਾਹੌਰ ਤੋਂ, ਥੋੜ੍ਹੀ ਦੂਰ ਜੰਗਲ ਵਿਚ ਬਘਿਆੜ ਬਣਿਆ, ਕਈ ਦਿਨਾਂ ਤੋਂ ਭੁੱਖਣ ਭਾਣਾ ਭੋਜਨ ਨੂੰ ਲਿਲਕ ਰਿਹਾ ਹੈ। ਤੇਰਾ ਇਹ ਹਲਵਾ-ਪੂੜੀ ਉਸ ਤੱਕ ਨਹੀਂ ਪੁੱਜ ਸਕਦਾ। ਜ਼ਰੂਰੀ ਹੈ, ਮਰਨ ਤੋਂ ਪਹਿਲਾਂ, ਜੀਊਂਦਿਆਂ ਸਮਰੱਥਾ ਅਨੁਸਾਰ ਦੁਖੀਆਂ ਦੇ ਦਰਦ ਨੂੰ ਸਹਿਲਾਇਆ ਜਾਏ, ਕਿਸੇ ਦੇ ਪੈਰ ਵਿਚੋਂ ਵਕਤ ਦੇ ਚੁੱਭੇ ਹੋਏ ਕੰਡਿਆਂ ਨੂੰ ਚੁਣਿਆ ਜਾਏ, ਜ਼ਰੂਰਤਮੰਦਾਂ ਨੂੰ ਭੋਜਨ-ਵਸਤ੍ਰ ਦੀ ਵੰਡ, ਜੀਵਨ ਸਫਲਾ ਕਰਨ ਦਾ ਵਸੀਲਾ ਹੈ। ਇਸੇ ਕਰਕੇ ਜਦੋਂ ਦੁਨੀਚੰਦ ਨੇ ਬੇਸ਼ੁਮਾਰ ਦੌਲਤ, ਗੁਰੂ ਨਾਨਕ ਨੂੰ ਭੇਟ ਦੇਣ ਦੀ ਪੇਸ਼ਕਸ਼ ਕੀਤੀ ਤਾਂ ਗੁਰੂ ਨਾਨਕ ਨੇ ਕਿਹਾ, 'ਭੁੱਖਿਆਂ-ਨੰਗਿਆਂ ਅਤੇ ਜ਼ਰੂਰਤਮੰਦਾਂ ਵਿਚ ਵੰਡ ਦਿਓ, ਮਾਇਆ ਸਫਲ ਹੋ ਜਾਏਗੀ। ਧਨ ਦਾ ਗਣਿਤ ਇਹ ਹੈ ਕਿ ਇਹ ਬੜਾ ਪਾਪਾਂ ਨਾਲ, ਖੁਆਰ ਹੋ ਕੇ ਕੱਠਾ ਹੁੰਦਾ ਹੈ ਪਰ ਮੋਇਆਂ ਸਾਥ ਨਹੀਂ ਜਾਂਦਾ,

'ਇਸ ਜਰ ਕਾਰਣਿ ਘਣੀ ਵਿਗੁਤੀ ਇਸਿ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥ ਨ ਜਾਈ॥"

ਪ੍ਰਮਾਤਮਾ ਦੀ ਪੂਜਾ, ਅਰਾਧਨਾ ਬਾਬਤ ਗੁਰੂ ਨਾਨਕ ਦੀ ਸੋਚ ਬੜੀ ਸਪੱਸ਼ਟ ਸੀ। ਰੱਬ ਕਿਸੇ ਵੱਖਰੇ ਲੋਕ ਤੇ ਮਨੁੱਖਾਂ ਜੀਆਂ ਤੋਂ ਪਰ੍ਹੇ ਨਹੀਂ ਰਹਿੰਦਾ। ਖਾਲਕ ਔਰ ਖਲਕ, ਸ੍ਰਿਸ਼ਟੀ ਅਤੇ ਸਿਰਜਣਹਾਰ ਇਕ-ਮਿੱਕ ਹਨ। ਕਰਤਾਰ ਦਾ ਪ੍ਰਗਟ ਰੂਪ ਸੰਸਾਰ ਹੈ ਅਤੇ ਸੰਸਾਰ ਦਾ ਗੁਪਤ ਰੂਪ ਕਰਤਾਰ ਹੈ। ਫੁੱਲ ਵਿਚ ਖੁਸ਼ਬੋ ਅਤੇ ਦੁੱਧ ਵਿਚ ਛੁਪੇ ਹੋਏ ਘਿਓ ਦੀ ਤਰ੍ਹਾਂ ਹਰ ਜੀਅ ਦੀ ਆਤਮਾ, ਪ੍ਰਮਾਤਮਾ ਦਾ ਹੀ ਸੂਖਮ ਪ੍ਰਤੀਰੂਪ ਹੈ। ਕਿਸੇ ਪੂਰਨ ਗੁਰੂ ਦੇ ਮਾਰਗ ਦਰਸ਼ਨ ਵਿਚ ਆਤਮ ਵਿਚਾਰ ਨਾਲ ਉਸ ਦਾ ਸਾਖਿਆਤਕਾਰ ਹੁੰਦਾ ਹੈ। ਉਸ ਸਰਵ ਵਿਆਪਕ ਪ੍ਰਭੂ ਦੀ ਪੂਜਾ-ਪ੍ਰਾਰਥਨਾ ਕਿਸੇ ਮੰਦਿਰ ਦੀਆਂ ਸੀਮਤ ਦੀਵਾਰਾਂ ਵਿਚ ਸੰਭਵ ਨਹੀਂ। ਜਗਨਨਾਥਪੁਰੀ ਵਿਚ ਮੁੱਖ ਪੁਜਾਰੀ ਥਾਲੀ ਵਿਚ ਦੀਵਾ, ਧੂਪ-ਦੀਪ ਅਤੇ ਹੋਰ ਸਮੱਗਰੀ ਰੱਖ ਕੇ ਆਰਤੀ ਕਰ ਰਿਹਾ ਸੀ- ਘੰਟੀ ਦੀ ਸੁਰ ਦੇ ਨਾਲ ਸ਼ਰਧਾਲੂ ਜਨ ਆਰਤੀ ਗਾ ਰਹੇ ਸਨ। ਗੁਰੂ ਨਾਨਕ ਅਤੇ ਭਾਈ ਮਰਦਾਨਾ ਮੰਦਿਰ ਵਿਚ ਇਕ ਪਾਸੇ ਖੜ੍ਹੇ ਦੇਖ ਰਹੇ ਸਨ। ਆਰਤੀ ਤੋਂ ਬਾਅਦ ਪੁਜਾਰੀ ਨੇ ਪੁੱਛਿਆ, "ਤੁਸੀਂ ਭਗਵਾਨ ਜਗਨਨਾਥ ਦੀ ਆਰਤੀ ਵਿਚ ਸ਼ਾਮਿਲ ਨਹੀਂ ਹੋਏ ?" ਤਾਂ ਗੁਰੂ ਨਾਨਕ ਨੇ ਕਿਹਾ- "ਸਾਰੀ ਸ੍ਰਿਸਟੀ ਦਾ ਨਾਥ... ਜਗੰਨਾਥ! ਜੋ ਸ੍ਰਿਸਟੀ ਦਾ ਸ੍ਰਿਜਕ ਹੈ, ਪਾਲਕ ਅਤੇ ਸੰਘਾਰਕ ਹੈ ਉਸ ਸਰਵ ਵਿਆਪੀ ਪ੍ਰਮਾਤਮਾ ਦੀ ਆਰਤੀ, ਇਕ ਥਾਲੀ ਵਿਚ ਨਹੀਂ ਸਮਾ ਸਕਦੀ। ਧਰਤੀ ਤੋਂ ਆਕਾਸ਼ ਤੱਕ, ਜੜ੍ਹ ਤੋਂ ਚੇਤਨ ਤੱਕ, ਨਰ-ਨਾਰੀ, ਪਸ਼ੂ ਪੰਛੀ ਸਾਰੇ ਉਸ ਦਾ ਗੁਣਗਾਨ ਕਰ ਰਹੇ ਹਨ। ਨਦੀਆਂ ਦਾ ਕਲਕਲ ਨਾਦ, ਕੁਦਰਤ ਦਾ ਵਿਸਮਾਦ, ਝਰਨਿਆਂ ਦਾ ਗੀਤ, ਪੰਖੀਆਂ ਦਾ

ਸੰਗੀਤ ਸਭ ਉਸੇ ਨਿਰੰਕਾਰ ਦੀ ਆਰਤੀ ਗਾ ਰਹੇ ਹਨ। ਸਾਰਾ ਬ੍ਰਹਿਮੰਡ ਉਸ ਆਰਤੀ ਵਿਚ ਮਸ਼ਗੂਲ ਹੈ। ਅਨੰਤ ਅਕਾਸ਼, ਪੂਜਾ ਦਾ ਥਾਲ ਹੈ, ਸੂਰਜ-ਚੰਦਰਮਾ ਦੀਪ ਬਣ ਜਗ ਰਹੇ ਹਨ। ਤਾਰਕਾ ਮੰਡਲ ਜੋਤੀ ਬਣ ਜਿਸਦੀ ਆਰਤੀ ਉਤਾਰ ਰਹੇ ਹਨ। ਸਾਰੀ ਧਰਤੀ ਦਾ ਚੰਦਨ, ਫੁੱਲਾਂ-ਪੱਤਿਆਂ ਨਾਲ ਲੱਦੀ ਸਾਰੀ ਬਨਸਪਤੀ ਪੂਜਾ ਸਮਗਰੀ ਬਣ ਜਿਸ ਤੇ ਅਰਪਤ ਹੈ। ਸਾਰੀ ਕੁਦਰਤ ਕਾਇਨਾਤ ਵਿਚ ਗੂੰਜ ਰਿਹਾ ਅਨਹਦ ਨਾਦ, ਸੰਖਵਤ ਜਿਸਦੀ ਸ਼ੋਭਾ ਵਿਚ ਵੱਜ ਰਿਹਾ ਹੈ ਉਸ ਪ੍ਰਮਾਤਮਾ ਦੀ ਆਰਤੀ ਸੀਮਤ ਮੰਦਿਰ-ਪ੍ਰਾਂਗਣ ਵਿਚ ਛੋਟੀ ਜਿਹੀ ਥਾਲੀ ਅਤੇ ਪੂਜਾ ਸਮੱਗਰੀ ਨਾਲ ਸੰਭਵ ਨਹੀਂ......

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ।।
ਧੂਪੁ ਮਲਆਨਲੋ ਪਵਣੁ ਚਵਰੋ ਕਰੇ,
ਸਗਲ ਬਨਰਾਇ ਫੂਲੰਤ ਜੋਤੀ॥
ਕੈਸੀ ਆਰਤੀ ਹੋਇ॥ ਭਵਖੰਡਨਾ ਤੇਰੀ ਆਰਤੀ॥
ਅਨਹਤਾ ਸਬਜ ਵਾਜੰਤ ਭੇਰੀ॥

ਚਾਰ ਉਦਾਸੀਆਂ ਰਾਹੀਂ, ਸੰਸਾਰ ਨੂੰ ਨਾਪਣ ਵਾਲੇ ਗੁਰੂ ਨਾਨਕ ਹਰ ਪੱਖ 'ਤੇ ਬੋਲੇ। ਜੀਵਨ ਚਰਿੱਤਰ ਬਾਬਤ, ਮਨੁੱਖੀ ਕਦਰਾਂ ਕੀਮਤਾਂ ਬਾਬਤ, ਸਤਿ ਅਤੇ ਪ੍ਰਾਣੀ ਮਾਤਰ ਬਾਬਤ; ਦਇਆ-ਖਿਮਾ-ਪਰੋਪਕਾਰ ਬਾਬਤ, ਰਾਸ਼ਟਰ ਸਮੱਸਿਆਵਾਂ ਬਾਬਤ, ਕਿਰਤ ਕਮਾਈ ਬਾਬਤ ਕਰਮ ਅਤੇ ਕਿਰਪਾ ਬਾਬਤ, ਜੀਵਨ ਦੀ ਹਰ ਵਿਧਾ ਤੇ ਗੁਰੂ ਨਾਨਕ ਬੋਲੇ ਅਤੇ ਆਪਣੇ ਉਪਦੇਸ਼ਾਂ ਨਾਲ ਗੁਲਾਮ ਭਾਰਤ ਵਿਚ ਵੀ ਆਤਮ ਵਿਸ਼ਵਾਸ ਅਤੇ ਸਵੈਮਾਨ ਦੀ ਸੁਰਸਰੀ ਪ੍ਰਵਾਹਿਤ ਕਰ ਨਿਰਾਸ਼ ਜੀਵਨ ਨੂੰ ਜੋਬਨ ਵਾਂਗ ਲਿਸ਼ਕਾ ਦਿੱਤਾ। ਤਿੰਨ ਪਾਸਿਓਂ ਸਮੁੰਦਰ ਨਾਲ ਘਿਰੇ ਹੋਏ ਭਾਰਤ ਤੇ ਉੱਤਰੀ ਪੱਛਮੀ ਸੀਮਾ ਤੋਂ ਹੀ ਬਦੇਸ਼ੀ ਹਮਲਾਵਰ ਉਤਪਾਤ ਮਚਾਉਂਦੇ ਰਹੇ। ਸੀਮਾ ਪ੍ਰਾਂਤ ਹੋਣ ਕਰਕੇ ਉਨ੍ਹਾਂ ਲੁਟੇਰਿਆਂ ਹਮਲਾਵਰਾਂ ਦੇ ਸਾਰੇ ਵਾਰ ਪੰਜਾਬ ਹੀ... ਸਭ ਤੋਂ ਪਹਿਲਾਂ ਝੱਲਦਾ ਰਿਹਾ। ਆਕਰਮਣ ਹੁੰਦੇ... ਘਰ ਉਝੜ ਜਾਂਦੇ.... ਕਈ ਮਾਂਵਾਂ ਪੁੱਤਹੀਨ ਹੋ ਜਾਂਦੀਆਂ ਕਈ ਮੁਟਿਆਰਾਂ ਦੇ ਸੁਹਾਗ ਉਜੜ ਜਾਂਦੇ। ਪੰਜਾਬ ਖਿਡ-ਪੁੰਡ ਜਾਂਦਾ। ਮੁੜ ਵਸਦਾ..... ਮੁੜ ਉਜੜਦਾ ਰਿਹਾ, ਪਰ ਗੁਰੂਆਂ ਦੀ ਧਰਤੀ ਹੋਣ ਦਾ ਮਾਨ ਪ੍ਰਾਪਤ ਇਸ ਧਰਤੀ ਦੀ ਕੋਖ ਸੁੰਨੀ ਨਾ ਹੋਈ। ਗੁਰੂਆਂ ਦੀ ਉਚੇਰੀ ਚੰਗੇਰੀ ਸਿੱਖਿਆ ਪ੍ਰਾਪਤ ਪੰਜਾਬੀ ਜੋਬਨ ਮੁੜ-ਮੁੜ ਸਜਦਾ ਰਿਹਾ... ਹਰ ਮੋਰਚੇ ਤੇ ਗੱਜਦਾ ਰਿਹਾ। ਆਪਣੇ ਮੁਲਕ ਦੀ ੮੦% ਅਨਾਜ ਦੀ ਜ਼ਰੂਰਤ ਪੂਰੀ ਕਰਨ ਵਾਲਾ, ਦੇਸ਼ ਵਿਦੇਸ਼ ਵਿਚ ਸ਼ਾਨ ਨਾਲ ਵਿਕਾਸ ਦੇ ਨਵੇਂ-ਨਵੇਂ ਮਾਰਗ ਬਣਾਉਂਦਾ ਪੰਜਾਬੀ ਨਾਨਕ ਬਾਣੀ ਨੂੰ ਹੀ ਚਰਿੱਤਰਾਥ ਕਰ ਰਿਹਾ ਹੁੰਦੈ। "Story of the History of the world" ਦੇ ਲੇਖਕ Ornal Toyumbi ਜਿਨ੍ਹਾਂ ਨੇ "ਈਸਟ ਵੈਸਟ" ਅਤੇ "ਸੀਕਰੇਟ ਰਾਈਟਿੰਗਜ਼ ਆਫ ਸਿੱਖਸ" ਵਿਚ ਸਿੱਖਾਂ ਦੀ ਮਿਹਨਤ ਅਤੇ ਮਨੋਬਲ ਦਾ ਬੜਾ ਉਤਸ਼ਾਹਜਨਕ ਵਰਣਨ ਕੀਤਾ ਹੈ। ਉਨ੍ਹਾਂ ਲਿਖਿਆ ਹੈ, "ਜੇ ਕੁਝ ਲੋਗ ਮੂਰਖਤਾ ਪੂਰਨ ਕਾਰਵਾਈ ਤੋਂ ਬਾਜ਼ ਆ ਜਾਂਦੇ, ਤਾਂ ਧਰਤੀ 'ਤੇ ਸਿੱਖ, ਮਿਹਨਤਕਸ਼, ਜੋਸ਼ ਨਾਲ ਭਰਿਆ ਹੋਇਆ ਅਤੇ ਸਾਰੀ ਮਾਨਵਤਾ ਨੂੰ ਵਿਕਾਸ ਦੀਆਂ ਉਚਾਈਆਂ 'ਤੇ ਲੈ ਜਾਣ ਵਾਲੇ ਸ਼ਖਸ ਦੇ ਰੂਪ ਵਿਚ ਪ੍ਰੀਚਤ ਹੁੰਦਾ।"

ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ॥
ਗੁਣਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ
ਗੁਣ ਤੇ ਗੁਣ ਮਿਲਿ ਪਾਈਐ ਜੇ ਸਤਿਗੁਰ ਮਾਹਿਸਮਾਇ॥
ਮੁੋਲਿ ਅਮੁੋਲੁ ਨ ਪਾਈਐ ਵਣਜਿ ਨ ਲੀਜੈ ਹਾਟਿ॥
ਨਾਨਕ ਪੂਰਾ ਤੋਲੁ ਹੈ ਕਬਹੁ ਨ ਹੋਵੈ ਘਾਟਿ॥
—ਗੁਰੂ ਨਾਨਕ

ਰੋਟਰੀ ਕਲੱਬ ਵਲੋਂ

ਸੰਤ ਬਲਬੀਰ ਸਿੰਘ ਦਾ ਸਨਮਾਨ

ਰੋਟਰੀ ਕਲੱਬ ਜਲੰਧਰ (ਡਿਸਟ੍ਰਿਕ ੩੦੭੦) ਵੱਲੋਂ ਮਿਤੀ ੨੯ ਅਕਤੂਬਰ ੨੦੦੪ ਨੂੰ 'ਮਾਯਾ ਹੋਟਲ' ਜਲੰਧਰ ਵਿਚ ਸ਼ਹਿਰ ਦੀਆਂ ਕੁਝ ਪ੍ਰਮੁੱਖ ਸ਼ਖਸੀਅਤਾਂ ਨੂੰ ਇਮਾਨਦਾਰੀ, ਲਗਣ ਅਤੇ ਮਿਹਨਤ ਨਾਲ ਆਪਣੇ ਕਿਤੇ ਵਿਚ ਉਚਤਮ ਪੱਧਰ ਤਕ ਵਿਸ਼ੇਸ਼ਤਾ ਪ੍ਰਾਪਤ ਕਰਨ ਵਾਲਿਆਂ ਨੂੰ ਵੋਕੇਸ਼ਨਲ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ।

ਸੰਤ ਬਲਬੀਰ ਸਿੰਘ ਜੀ ਜ਼ਲੋਟ ਇੰਡਸਟਰੀਜ਼ ਵਿਚ ਇਕ ਵਰਕਰ ਤੋਂ ਚੀਫ਼ ਫੋਰਮੈਨ ਦੀ ਪਦਵੀ ਤੱਕ ਪਹੁੰਚੇ ਹਨ। ਜੋ ਕਵਿਤਾ ਵੀ ਰਚ ਕੇ ਸੁਣਾਉਂਦੇ ਹਨ ਅਤੇ ਸੰਗੀਤ ਵਿਚ ਵੋਕਲ ਅਤੇ ਤਬਲੇ ਦੀ ਵਿਸ਼ਾਰਦ ਦੀ ਡਿਗਰੀ ਵੀ ਪ੍ਰਾਪਤ ਕਰ ਚੁੱਕੇ ਹਨ। ਕੀਰਤਨ ਕਰਨ ਦੀ ਸੇਵਾ ਵੀ ਕਰਦੇ ਹਨ ਅਤੇ ਬੱਚਿਆ ਨੂੰ ਕੀਰਤਨ ਸਿਖਾਉਂਦੇ ਹਨ। ਉਹਨਾਂ ਨੂੰ ਵੀ ਇਹ ਸਨਮਾਨ ਦਿਤਾ ਗਿਆ। ਇਹ ਸਨਮਾਨ ਦੇਣ ਵਾਲਿਆਂ ਵਿਚ ਕੈਪਟਨ ਗੁਰਦੀਪ ਸਿੰਘ ਪ੍ਰਧਾਨ, ਸ੍ਰੀ ਕ੍ਰਿਸ਼ਨ ਅਰੋੜਾ ਸਕੱਤਰ, ਸ੍ਰੀ ਐਸ. ਵੀ ਹੰਸ ਪੂਰਵ ਡਿਸਟ੍ਰਿਕ ਗਵਰਨਰ ੯੨-੯੩ ਅਤੇ ਸ. ਸੁਰਿੰਦਰ ਸਿੰਘ ਰੋਟੇਰੀਅਨ ਸ਼ਾਮਲ ਸਨ।

ਸਾਹਿਬਜ਼ਾਦਾ ਅਜੀਤ ਸਿੰਘ ਜੀ— ਜੀਵਨ ਅਤੇ ਸ਼ਹਾਦਤ

-ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)

ਸਿੱਖ ਇਤਿਹਾਸ ਦੇ ਪੰਨਿਆਂ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਨਾਮ ਸੁਨਿਹਰੀ ਅੱਖਰਾਂ ਵਿਚ ਲਿਖਿਆ ਗਿਆ ਹੈ। ਉਨ੍ਹਾਂ ਦੀ ਸ਼ਹਾਦਤ ਨੇ ਇਤਿਹਾਸ ਵਿਚ ਇਕ ਅਨੋਖੀ ਪਿਰਤ ਪਾਈ ਅਤੇ ਇਕ ਵਚਿੱਤਰ ਪਰੰਪਰਾ ਕਾਇਮ ਕੀਤੀ। ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਸੀ। ਗੁਰੂ-ਪਿਤਾ (ਦਸਮ ਪਾਤਸ਼ਾਹ ਜੀ) ਨੇ ਆਪਣੇ ਸਪੁੱਤਰ ਨੂੰ ਆਪਣੇ ਹੱਥੀਂ ਤਿਆਰ ਕਰਕੇ ਜੰਗ ਵਿਚ ਭੇਜਿਆ, ਜਦੋਂ ਕਿ ਗੁਰੂ ਜੀ ਭਲੀ ਭਾਂਤ ਜਾਣਦੇ ਸਨ ਕਿ ਦੁਸ਼ਮਣ ਲੱਖਾਂ ਦੀ ਗਿਣਤੀ ਵਿਚ ਚਮਕੌਰ ਦੀ ਮਾਮੂਲੀ ਜਿਹੀ ਗੜ੍ਹੀ ਨੁਮਾ ਹਵੇਲੀ ਨੂੰ ਘੇਰਾ ਘੱਤੀ ਬੈਠਾ ਹੈ। ਗੁਰੂ ਪਿਤਾ ਨੇ ਆਪ ਰਣ ਤੱਤੇ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਭੇਜਿਆ ਜੋ ਧਰਮ ਦੀ ਖਾਤਰ ਸਾਹਵੇਂ ਮੱਥਿ ਜੂਝਿਆ ਅਤੇ ਧਰਮ ਲਈ ਆਪਾ ਹਲੂਲ ਕਰ ਗਿਆ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਭਾਈ ਕਾਹਨ ਸਿੰਘ ਦੇ ਰਚੇ ਗ੍ਰੰਥ ਗੁਰ ਸ਼ਬਦ ਰਤਨਾਕਰ ਮਹਾਨਕੋਸ਼ ਅਨੁਸਾਰ ਮਾਤਾ ਸੁੰਦਰੀ ਜੀ ਦੀ ਕੁੱਖ ਤੋਂ ੨੩ ਮਾਘ ਸੰਮਤ ੧੭੪੩ ਬਿਕਰਮੀ (੭ ਜਨਵਰੀ ੧੬੮੭ ਈਸਵੀ) ਨੂੰ ਹੋਇਆ। ਇਹੋ ਸੰਮਤ ਚਮਕੌਰ ਸਾਹਿਬ ਸਰਵੇ ਪੁਸਤਕ ਪ੍ਰਕਾਸ਼ਕ ਭਾਸ਼ਾ ਵਿਭਾਗ ਪੰਜਾਬ ਵਿਚ ਦਿੱਤਾ ਹੋਇਆ ਹੈ। ਆਪ ਜੀ ਮਾਤਾ ਸੁੰਦਰੀ ਜੀ ਦੀ ਇਕਲੌਤੀ ਸੰਤਾਨ ਸਨ। ਹੋਰ ਤਿੰਨ ਸਾਹਿਬਜ਼ਾਦੇ ਜੁਝਾਰ ਸਿੰਘ, ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਮਾਤਾ ਜੀਤੋ ਜੀ ਦੀ ਕੁੱਖ ਤੋਂ ਪੈਦਾ ਹੋਏ ਸਨ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਬਚਪਨ ਗੁਰ ਪਿਤਾ ਦਸਮ ਪਾਤਸ਼ਾਹ ਜੀ ਦੇ ਚਰਨਾਂ ਵਿਚ ਉਨ੍ਹਾਂ ਦੀ ਸੁਚੱਜੀ ਰਾਹਨੁਮਾਈ ਅਤੇ ਦੇਖ-ਰੇਖ ਵਿਚ ਬਤੀਤ ਹੋਇਆ। ਉਨ੍ਹਾਂ ਨੂੰ ਸ਼ਸ਼ਤਰ ਅਤੇ ਸ਼ਾਸਤਰਾਂ ਦੀ ਸਿੱਖਿਆ ਸਤਿਗੁਰਾਂ ਨੇ ਬੜੇ ਪ੍ਰੇਮ ਤੇ ਸਨੇਹ ਨਾਲ ਦਿੱਤੀ ਅਤੇ ਬਚਪਨ ਵਿਚ ਉਹ ਗਤਕਾ, ਪਲੱਥਬਾਜ਼ੀ ਅਤੇ ਮਸਨੂਈ ਲੜਾਈ ਕਰਨ ਵਿਚ ਪ੍ਰਬੀਨ ਹੋ ਗਏ। ਸਿੱਖ ਇਤਿਹਾਸ ਨਾਲ ਸਬੰਧਿਤ ਕੁਝ ਇਤਿਹਾਸਕ ਸਰੋਤਾਂ ਵਿਚ ਉਨ੍ਹਾਂ ਦਾ ਨਾਮ "ਜੀਤ ਸਿੰਘ" ਅਤੇ "ਰਣਜੀਤ ਸਿੰਘ' ਵੀ ਲਿਖਿਆ ਮਿਲਦਾ ਹੈ। ਕਵਿ ਸੈਨਾਪਤਿ ਪੁਸਤਕ "ਸ੍ਰੀ ਗੁਰੂ ਸੋਭਾ" ਵਿਚ ਲਿਖਦਾ ਹੈ:

ਤਾਹਿ ਸਮੇਂ ਕਾਰਣ ਕਰਣ, ਲੀਨੋ ਸਿੰਘ ਬੁਲਾਇ॥
ਕਹੀ 'ਸਿੰਘ ਰਣਜੀਤ' ਸੋਂ, ਦੂਤਨ ਦੇਹ ਸਜਾਇ॥੨੮॥੫੦੦॥
ਤਹਾਂ ਆਨਿ ਜੋਗਨਿ ਖਰੀ, ਨਾਰਦ ਵਾਵੈ ਤੂਰ॥
'ਜੀਤ ਸਿੰਘ'' ਰਣ ਮੈ ਮੰਡਿਓ, ਹੋਤ ਪਤ੍ਰ ਭਰਪੂਰ॥੩੨॥
ਕਰਤ ਮਾਰ ਚਾਰੋ ਦਿਸਾ ਜੀਤ ਸਿੰਘ ਅਸਵਾਰ॥
ਸਾਂਗ ਤਜੀ ਕਰ ਤੇ ਤਬੈ, ਗਹਿ ਲੀਨੀ ਕਰਵਾਰ॥੪੦॥

(ਸ੍ਰੀ ਗੁਰੂ ਸੋਭਾ)

ਇਸਦੀ ਹਾਮੀ ਭਰਦਾ ਹੋਇਆ ਭਾਈ ਕੇਸਰ ਸਿੰਘ ਛਿੱਬਰ ਲਿਖਦਾ ਹੈ:-

ਗਜੇ ਸਿੰਘ ਰਾਜਾ ਪੰਮਾ ਵਜ਼ੀਰ, ਏਹੁ ਦੋਨੋ ਆਇ ਲੜੇ
ਜੀਤ ਸਿੰਘ ਜੀ, ਜੁਝਾਰ ਸਿੰਘ, ਨਾਲ ਸਿੰਘ ਪੌੜੀ ਰਹੇ ਖੜੇ॥੫੬੨॥

(ਦਸਵਾਂ ਚਰਣ, ਬੰਸਾਵਲੀ ਨਾਮਾ)

ਛੋਟੀ ਉਮਰ ਵਿਚ ਹੀ ਸਾਹਿਬਜ਼ਾਦਾ ਜੀ ਨੇ ਧਰਮ ਅਰਥ ਜੰਗਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ ਅਤੇ ਦੁਸ਼ਮਣ ਦਾ ਬੜੀ ਬਹਾਦਰੀ ਨਾਲ ਟਾਕਰਾ ਕਰਦੇ ਸਨ। ਅਨੰਦਪੁਰ ਸਾਹਿਬ ਤੇ ਪਹਾੜੀ ਰਾਜਿਆਂ ਨੇ ੧੭੫੭ ਬਿਕਰਮੀ (੧੭੦੦ ਈਸਵੀ) ਵਿਚ ਹਮਲਾ ਕੀਤਾ ਸੀ, ਜਿਸ ਵਿਚ ਪਹਾੜੀ ਰਾਜਿਆਂ ਵੱਲੋਂ ਕਹਿਲੂਰ ਰਿਆਸਤ ਦਾ ਰਾਜਾ ਸਭ ਤੋਂ ਅੱਗੇ ਸੀ ਜੋ ਕਿ ਸਤਿਗੁਰਾਂ ਦੀ ਚੜ੍ਹਦੀ ਕਲਾ ਨੂੰ ਆਪਣੇ ਲਈ ਖਤਰੇ ਦੀ ਘੰਟੀ ਸਮਝਦਾ ਸੀ। ਪਹਾੜੀ ਰਾਜੇ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਸਤਿਗੁਰਾਂ ਨੂੰ ਅਨੰਦਪੁਰ ਸਾਹਿਬ ਤੋਂ ਖਦੇੜ ਕੇ ਬਾਹਰ ਕੱਢ ਦਿੱਤਾ ਜਾਵੇ, ਪਰੰਤੂ ਉਹ ਜਾਣਦੇ ਨਹੀਂ ਸਨ ਕਿ ਗੁਰੂ ਜੀ ਸੁਲਹਕੁਲ ਨੀਤੀ ਦੇ ਧਾਰਨੀ ਹਨ, ਉਹ ਜ਼ੁਲਮ ਦੇ ਵੈਰੀ ਹਨ, ਜ਼ਾਲਮ ਦੇ ਨਹੀਂ। ਪਹਾੜੀ ਰਾਜਿਆਂ ਨੇ ਹਮਲਾ ਤਾਂ ਅਨੰਦਪੁਰ ਸਾਹਿਬ 'ਤੇ ਕਰ ਦਿੱਤਾ, ਪਰੰਤੂ ਉਨ੍ਹਾਂ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਗੁਰੂ ਜੀ ਨੇ ਆਪ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਆਪਣੇ ਪਾਸ ਬੁਲਾ ਕੇ ਤਲਵਾਰ ਫੜਾਈ ਅਤੇ ਉਨ੍ਹਾਂ ਨੂੰ ਮੈਦਾਨੇ ਜੰਗ ਵੱਲ ਤੋਰਿਆ ਸੀ। ਕਵੀ ਸੈਨਾਪਤਿ ਪੁਸਤਕ 'ਸ੍ਰੀ ਗੁਰਸੋਭਾ' ਵਿਚ ਲਿਖਦਾ ਹੈ:

ਗੋਬਿੰਦ ਸਿੰਘ ਤਾਹੀ ਸਮੇ ਲੀਨੋ ਸਿੰਘ ਬੁਲਾਇ॥
ਦਿਯੋ ਖੜਗ ਕਰਿ ਤਾਸ ਕੇ, ਦੂਤਨ ਦੇਉ ਸਜਾਇ॥੧੭॥੩੧੩॥

॥ ਕਬਿਤ ॥

ਤਬਹੀ ਬਚਨ ਪਾਇ ਚੜ੍ਹਿਓ ਨਗਾਰਾ ਬਜਾਇ,
ਸ੍ਵਾਰ ਭਯੋ ਜੀਤ ਸਿੰਘ ਜੁਧ ਕੇ ਕਰਨ ਕੋ॥
ਸਿੰਘਨ ਕੋ ਸਾਥ ਲਿਯੇ ਮੁਹਰੇ ਨਿਸਾਨ ਦਿਯੇ,
ਬਾਂਧਯੋ ਹੈ ਖੜਗ ਸੀਸ ਦੂਤ ਕੇ ਧਰਨ ਕੋ॥
ਬਾਂਧੀ ਜਮਧਾਰ ਔਰ ਤਰਕਸ ਕਮਾਨ ਸੰਗਿ,
ਲੀਨੀ ਕਰਿ ਬਰਛੀ ਬਲ ਵੈਰੀ ਕੇ ਹਰਨ ਕੋ॥

ਥਾਵੇਂ ਕਰਿ ਢਾਲ ਲਈ ਘੋਰੇ ਅਸਵਾਰ ਭਯੋ,
ਗੋਬਿੰਦ ਸਿੰਘ ਸੰਗਿ ਜਾਤ ਰਾਵ ਸੋ ਲਰਨ ਕੋ॥੧੮॥੩੧੪॥

ਸਾਹਿਬਜ਼ਾਦੇ ਨੇ ਮੈਦਾਨੇ-ਜੰਗ ਤਰਥਲ ਮਚਾ ਦਿੱਤੀ, ਪਹਾੜੀ ਰਾਜੇ ਗੁਰੂ ਸਪੁੱਤਰ ਦੇ ਬਹਾਦਰੀ ਭਰਪੂਰ ਵਾਰ ਦੇਖ ਕੇ ਹੈਰਾਨ ਹੋ ਰਹੇ ਸਨ। ਉਹ ਘੋੜੇ 'ਤੇ ਸਵਾਰ ਜਿਧਰ ਵੀ ਮੂੰਹ ਕਰਦੇ, ਖ਼ੂਨ ਦੀਆਂ ਨਦੀਆਂ ਵਗਾਈ ਜਾ ਰਹੇ ਸਨ। ਕਵੀ ਸੈਨਾਪਤੀ ਜੀ ਲਿਖਦੇ ਹਨ:-

ਮਹਾਂ ਯੁਧ ਭਾਰੀ ਭਯੋ, ਖਬਰ ਤੀਨ ਲੋਕਨ ਭਈ॥
ਗੋਬਿੰਦ ਸਿੰਘ ਸੁਤ ਇਵ ਲਰਤ
ਰਾਜਨ ਕੀ ਸੁਧਿ ਬੁਧਿ ਗਈ॥੩੦॥੩੨੬॥
ਦੋਹਰਾ॥
ਰਾਜਨ ਕੀ ਸੁਧਿ ਬੁਧਿ ਗਈ, ਭਯੋ ਜੁੱਧ ਜਬ ਜੋਰ॥
ਲਰਤ ਸਿੰਘ ਰਣਜੀਤ ਤਹਿ, ਫਉਜ ਦਈ ਸਬ ਮੋਰ॥੩੧॥੩੨੭॥
ਇਸ ਪ੍ਰਕਾਰ ਭੋਰ ਵੇਰਵਾ ਇਸ ਪ੍ਰਕਾਰ ਹੈ:
ਸਵੈਯਾ॥
ਗਾਜਤ ਸੂਰ ਮਹਾ ਰਨ ਮੈ, ਘਨ ਮੈ ਚਮਕੈ ਬਿਜਲੀ ਘਨਨਾ ਵੈ॥
ਤਾਰਨ ਮੈ ਜਿਮ ਚੰਦ ਦਿਵੈ ਨ ਛਪੈ ਰਣਜੀਤ ਮਹਾ ਰਨ ਪਾਵੈ॥
ਭਾਨ ਪ੍ਰਕਾਸ ਕਿਯੋ ਜੁ ਤਬੈ, ਨਿਜ ਭਾਜਤ ਹੈ ਤਿਹ ਨੇੜ ਨ ਆਵੇ॥
ਮਾਨੋ ਪ੍ਰਕਾਸ ਕਿਯੋ ਜੁ ਤਬੈ ਸੈ ਬਾਜਿ ਸੁ, ਯੋ ਦਾਨ ਰਾਜਨ ਕੇ ਬਿਚਲਾਵੈ॥੩੬॥੩੩੨੧॥ (ਸ੍ਰੀ ਗੁਰੂ ਸੋਭਾ, ਪੰਨਾ ੬੧, ੬੨)

ਇਸ ਤੋਂ ਬਿਨਾਂ ਸਾਹਿਬਜ਼ਾਦੇ ਨੇ ਕਲਮੋਟ ਦੀ ਜੰਗ ਵਿਚ ਵੀ ਹਿੱਸਾ ਲਿਆ ਸੀ ਜੋ ੧੭੫੭ ਬਿਕਰਮੀ) ੧੭੦੦ ਈਸਵੀ) ਨੂੰ ਹੋਈ ਸੀ ਜਿਸ ਵਿਚ ਗੁਰੂ ਜੀ ਦੀ ਜਿੱਤ ਹੋਈ ਸੀ। ਇਹ ਇਲਾਕਾ ਅੱਜ ਕੱਲ੍ਹ ਜ਼ਿਲ੍ਹਾ ਊਨਾ ਹਿਮਾਚਲ ਪ੍ਰਦੇਸ਼ ਵਿਚ ਆਉਂਦਾ ਹੈ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਜੰਗਾਂ ਵਿਚ ਹਿੱਸਾ ਲੈਣ ਤੋਂ ਬਿਨਾ ਹੋਰ ਵੀ ਅਨੇਕ ਉਪਕਾਰ ਦੇ ਕਾਰਜ ਕੀਤੇ। ਇਕ ਵਾਰ ਬਸੀ ਕਲਾਂ ਦਾ ਪਠਾਣ ਜੋ ਇਲਾਕੇ ਦਾ ਮਾਲਕ ਸੀ, ਨੇ ਪੰਡਿਤ ਦਵਾਰਕਾ ਦਾਸ ਦੀ ਨਵ-ਵਿਆਹੁਤਾ ਪਤਨੀ ਨੂੰ ਜ਼ਬਰਦਸਤੀ ਆਪਣੇ ਘਰ ਚੁੱਕ ਲਿਆਂਦਾ। ਪੰਡਿਤ ਨੇ ਹਾਕਮਾਂ ਕੋਲ ਪਹੁੰਚ ਕੀਤੀ ਅਤੇ ਪਤਨੀ ਪ੍ਰਾਪਤ ਕਰਨ ਲਈ ਹਾਕਮਾਂ ਅੱਗੇ ਤਰਲੇ ਕੀਤੇ ਪ੍ਰੰਤੂ ਉਸ ਦੀ ਕੋਈ ਸੁਣਵਾਈ ਨਹੀਂ ਹੋਈ ਸੀ।

ਅਖੀਰ ਉਹ ਰੋਂਦਾ ਹੋਇਆ ਕਲਗੀਧਰ ਪਾਤਸ਼ਾਹ ਦੇ ਦਰਬਾਰ ਸ੍ਰੀ ਅਨੰਦਪੁਰ ਸਾਹਿਬ ਆਇਆ ਅਤੇ ਆਪਣੀ ਵਿਥਿਆ ਸੁਣਾਈ। ਗੁਰੂ ਜੀ ਨੇ ਉਸ ਪਾਪੀ ਕੁਕਰਮੀ ਪਠਾਣ ਦੇ ਹੋਸ਼ ਟਿਕਾਣੇ ਕਰਨ ਲਈ ਸਾਹਿਬਜ਼ਾਦਾ ਅਜੀਤ ਸਿੰਘ ਦੀ ਕਮਾਨ ਹੇਠ ਭਾਈ ਉਦੈ ਸਿੰਘ ਅਤੇ ਕੁਝ ਹੋਰ ਸਿੱਖਾਂ ਨੂੰ ਪੰਡਿਤ ਦਵਾਰਕਾ ਦਾਸ ਨਾਲ ਪਿੰਡ ਬਸੀ ਕਲਾਂ (ਜ਼ਿਲ੍ਹਾ ਹੁਸ਼ਿਆਰਪੁਰ) ਵੱਲ ਤੋਰ ਦਿੱਤਾ। ਉਧਰ ਉਹ ਪਠਾਣ ਨਸ਼ੇ ਵਿਚ ਮਸਤ ਨਾਚ ਦੇਖ ਰਿਹਾ ਸੀ। ਉਸ ਨੂੰ ਪਤਾ ਤੱਕ ਨਹੀਂ ਸੀ ਕਿ ਕੁਝ ਪਲਾਂ ਵਿਚ ਕੁਝ ਹੋਣ ਵਾਲਾ ਹੈ। ਅਚਾਨਕ ਹੀ ਸਿੰਘਾਂ ਨੇ ਪਠਾਣਾਂ ਦੇ ਮਹਲਾਂ 'ਤੇ ਹਮਲਾ ਕਰ ਦਿੱਤਾ ਅਤੇ ਪੰਡਿਤ ਦੀ ਨਵ ਵਿਆਹੁਤਾ ਪਤਨੀ ਪਠਾਣ ਦੀ ਚੁੰਗਲ ਵਿਚੋਂ ਛੁਡਵਾ ਲਈ। ਇਹ ਘਟਨਾ ੭ ਮਾਰਚ ੧੭੦੩ ਈਸਵੀ ਨੂੰ ਵਾਪਰੀ ਸੀ। ਪਠਾਣ ਨਾਲ ਹੋਈ ਮੁਠਭੇੜ ਵਿਚ ਕੁਝ ਸਿੰਘ ਸ਼ਹੀਦ ਹੋਏ ਜਿਨ੍ਹਾਂ ਦਾ ਸਸਕਾਰ ਪਿੰਡ ਲਧੇਵਾਲ (ਮਾਹਿਲਪੁਰ ਦੇ ਨੇੜੇ) ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਕੀਤਾ ਗਿਆ, ਜਿਥੇ ਅੱਜ ਕੱਲ੍ਹ ਗੁਰਦੁਆਰਾ ਸ਼ਹੀਦਾਂ ਤਾਮੀਰ ਕਰਵਾਇਆ ਗਿਆ ਹੈ।

ਹੁਣ ਤੱਕ ਪਹਾੜੀ ਰਾਜਿਆਂ ਦੀਆਂ ਅੱਖਾਂ ਖੁੱਲ੍ਹ ਗਈਆਂ ਸਨ ਅਤੇ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਦਸਮ ਪਾਤਸ਼ਾਹ ਜੀ ਨੂੰ ਅਨੰਦਪੁਰ ਸਾਹਿਬ ਤੋਂ ਬਾਹਰ ਕੱਢਣਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਹੈ। ਇਸ ਲਈ ਉਨ੍ਹਾਂ ਨੇ ਬਾਦਸ਼ਾਹ ਔਰੰਗਜ਼ੇਬ ਤੱਕ ਪਹੁੰਚ ਕੀਤੀ ਅਤੇ ਪੰਜਾਬ ਦੀ ਸਾਰੀ ਹਾਲਤ ਦੱਸੀ ਅਤੇ ਸਤਿਗੁਰਾਂ ਦੀ ਦਿਨੋਂ-ਦਿਨ ਵਧ ਰਹੀ ਲੋਕ ਪ੍ਰਿਯਤਾ ਬਾਰੇ ਵੀ ਦੱਸਿਆ। ਬਾਦਸ਼ਾਹ ਦੇ ਹੁਕਮ ਨਾਲ ਮੁਗਲ ਸਲਤਨਤ ਦੀਆਂ ਫੌਜਾਂ ਸਰਹੰਦ, ਮਲੇਰਕੋਟਲਾ ਅਤੇ ਜਲੰਧਰ ਤੋਂ ਅਨੰਦਪੁਰ ਸਾਹਿਬ ਪਹੁੰਚ ਗਈਆਂ ਅਤੇ ਬਾਈਧਾਰ ਦੇ ਰਾਜਿਆਂ ਦੀਆਂ ਫੌਜਾਂ ਨਾਲ ਮਿਲ ਕੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਚਾਹੇ ਸਿਰਕੱਢ ਮੁਗਲ ਜਰਨੈਲ ਉਸ ਫੌਜ ਵਿਚ ਮੌਜੂਦ ਸਨ ਪਰੰਤੂ ਕਿਸੇ ਦਾ ਹੌਸਲਾ ਨਹੀਂ ਸੀ ਪੈਂਦਾ ਕਿ ਉਹ ਅੱਗੇ ਹੋ ਕੇ ਸਿੰਘਾਂ ਨਾਲ ਦੋ ਦੋ ਹੱਥ ਕਰ ਸਕੇ।

ਉਹ ਘੇਰਾ ਕਈ ਮਹੀਨੇ ਕਾਇਮ ਰਿਹਾ, ਕਿਲ੍ਹੇ ਅੰਦਰ ਰਾਸ਼ਨ ਖਤਮ ਹੋ ਗਿਆ। ਘੇਰਾ ਪਾਇਆ ਹੋਣ ਕਾਰਨ ਸਿੱਖ ਜਗਤ ਵੱਲੋਂ ਕੋਈ ਕੁਮਕ ਅੰਦਰ ਨਹੀਂ ਸੀ ਜਾ ਸਕਦੀ। ਉਧਰ ਬਾਹਰ ਮੁਗਲ ਜਰਨੈਲਾਂ ਨੂੰ ਵੀ ਸ਼ਰਮਿੰਦਗੀ ਉਠਾਉਣੀ ਪੈ ਰਹੀ ਸੀ ਕਿਉਂਕਿ ਦਰਬਾਰ ਵਿਚ ਕਾਨਾਫੂਸੀ ਹੋ ਰਹੀ ਸੀ ਕਿ ਛੋਟੇ ਜਿਹੇ ਕਿਲ੍ਹੇ ਨੂੰ ਫਤਹਿ ਕਰਨ ਲਈ ਇੰਨਾ ਸਮਾਂ ਕਿਉਂ ਲੱਗ ਰਿਹਾ ਹੈ। ਅਖੀਰ ਦੱਖਣ ਵੱਲੋਂ ਬਾਦਸ਼ਾਹ ਔਰੰਗਜ਼ੇਬ ਨੇ ਕੁਰਾਨ ਦੀ ਜਿਲਦ 'ਤੇ ਇਕ ਕਸਮਨਾਮਾ ਲਿਖ ਕੇ ਅਨੰਦਪੁਰ ਗੁਰੂ ਜੀ ਵੱਲ ਭੇਜਿਆ ਕਿ ਜੇਕਰ ਗੁਰੂ ਜੀ ਇਕ ਵਾਰ ਉਸ ਦੇ ਕਹਿਣ 'ਤੇ ਅਨੰਦਪੁਰ ਸਾਹਿਬ ਛੱਡ ਜਾਣ ਅਤੇ ਉਸ ਨੂੰ ਦੱਖਣ ਵੱਲ ਆ ਕੇ ਮਿਲਣ ਤਾਂ ਗੁਰੂ ਜੀ ਅਤੇ ਸਿੱਖਾਂ ਦੀ ਸਲਾਮਤੀ ਦਾ ਉਹ ਜ਼ੁੰਮੇਵਾਰ ਹੈ।

ਅਖੀਰ ਸਿੱਖਾਂ ਅਤੇ ਮਾਤਾ ਗੁਜਰੀ ਜੀ ਦੇ ਕਹਿਣ 'ਤੇ ਸਤਿਗੁਰਾਂ ਨੇ ਰਾਤ ਦੇ ਸਮੇਂ ਅਨੰਦਪੁਰ ਸਾਹਿਬ ਨੂੰ ਛੱਡ ਦਿੱਤਾ। ਜਦੋਂ ਮੁਗਲ ਫੌਜ ਨੂੰ ਪਤਾ ਲੱਗਾ ਕਿ ਗੁਰੂ ਜੀ ਕਿਲ੍ਹੇ

ਨੂੰ ਛੱਡ ਕੇ ਸਰਸਾ ਨਦੀ ਵੱਲ ਜਾ ਰਹੇ ਹਨ ਤਾਂ ਮੁਗਲ ਜਰਨੈਲਾਂ ਨੇ ਸਾਰੀਆਂ ਕਸਮਾਂ ਖਾਧੀਆਂ ਛਿੱਕੇ ਟੰਗ ਕੇ ਗੁਰੂ ਜੀ 'ਤੇ ਹਮਲਾ ਕਰ ਦਿੱਤਾ। ਸਤਿਗੁਰੂ ਜੀ ਉਨ੍ਹਾਂ ਗੈਰਤਹੀਣ ਜਰਨੈਲਾਂ ਦੀਆਂ ਕਰਤੂਤਾਂ ਨੂੰ ਭਲੀ ਭਾਂਤ ਜਾਣਦੇ ਸਨ ਇਸ ਲਈ ਉਨ੍ਹਾਂ ਨੇ ਪਹਿਲਾਂ ਹੀ ਉਨ੍ਹਾਂ ਦੇ ਹਮਲੇ ਨੂੰ ਰੋਕਣ ਲਈ ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਰੰਘਰੇਟਾ ਨੂੰ ਤਾਇਨਾਤ ਕੀਤਾ ਹੋਇਆ ਸੀ। ਬੜੀ ਅਜੀਬ ਸਥਿਤੀ ਬਣ ਗਈ ਸੀ। ਰਾਤ ਦੇ ਹਨੇਰੇ ਵਿਚ ਦੁਸ਼ਮਣ ਦਾ ਟਿੱਡੀ ਦਲ ਵਾਹੋ ਦਾਹੀ ਸਤਿਗੁਰੂ ਜੀ ਤੇ ਉਨ੍ਹਾਂ ਦੇ ਸਿੱਖਾਂ ਦਾ ਪਿੱਛਾ ਕਰਦਾ ਆ ਰਿਹਾ ਸੀ ਅਤੇ ਅੱਗੋਂ ਸਰਸਾ ਨਦੀ ਦਾ ਵਹਿਣ ਸ਼ੂਕਦਾ ਸੀ। ਪਤਾ ਨਹੀਂ ਸਰਦੀਆਂ ਦੇ ਮੌਸਮ ਵਿਚ ਕਿਥੋਂ ਨਦੀ ਵਿਚ ਬੇਸ਼ੁਮਾਰ ਹੜ੍ਹ ਆਇਆ ਹੋਇਆ ਸੀ। ਸਰਸਾ ਨਦੀ ਦੇ ਕੰਢੇ ਆਉਣ ਤੱਕ ਅੰਮ੍ਰਿਤ ਵੇਲਾ ਹੋ ਗਿਆ ਸੀ। ਉਥੇ ਹੀ ਸਤਿਗੁਰਾਂ ਨੇ ਅੰਮ੍ਰਿਤ ਵੇਲੇ ਦਾ ਦੀਵਾਨ ਸਜਾਇਆ, ਆਸਾ ਦੀ ਵਾਰ ਦਾ ਕੀਰਤਨ ਹੋਇਆ ਅਤੇ ਨਿੱਤਨੇਮ ਕੀਤਾ। ਏਧਰ ਨਿਤਨੇਮ ਹੋ ਰਿਹਾ ਸੀ ਓਧਰ ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਨੇ ਸਿੰਘਾਂ ਸਮੇਤ ਰਣ ਮੰਡਿਆ ਹੋਇਆ ਸੀ। ਦੁਸ਼ਮਣ ਦੀ ਫੌਜ ਨੂੰ ਰੋਕ ਪਾਈ ਹੋਈ ਸੀ। ਉਸ ਜੰਗ ਵਿਚ ਦੁਸ਼ਮਣ ਨਾਲ ਜੂਝਦੇ ਹੋਏ। ਭਾਈ ਜੀਵਨ ਸਿੰਘ ਜੀ ਰੰਘਰੇਟਾ ਸ਼ਹੀਦੀਆਂ ਪਾ ਗਏ।

ਨਿਤਨੇਮ ਤੋਂ ਵੇਹਲੇ ਹੋ ਕੇ ਸਤਿਗੁਰਾਂ ਦੇ ਹੁਕਮ ਨਾਲ ਸਿੰਘ ਸਰਸਾ ਨਦੀ ਪਾਰ ਕਰਨ ਲੱਗੇ ਤਾਂ ਪਿੱਛੋਂ ਦੁਸ਼ਮਣ ਨੇ ਜ਼ੋਰਦਾਰ ਹੱਲਾ ਬੋਲਿਆ, ਜਿਸ ਨਾਲ ਸਿੰਘਾਂ ਵਿਚ ਰੋਹ ਜਾਗਿਆ ਅਤੇ ਹਫੜਾ ਦਫੜੀ ਮਚ ਗਈ। ਪਾਣੀ ਦੇ ਵਹਿਣ ਵਿਚ ਅਨੇਕ ਸਿੰਘ ਰੁੜ੍ਹ ਗਏ, ਸ਼ਹੀਦ ਹੋ ਗਏ। ਅਨੰਦਪੁਰ ਦੀ ਧਰਤੀ 'ਤੇ ਰਚਿਆ ਹੋਇਆ ਲਖ ਮਣ ਸਾਹਿਤ ਅਤੇ ਦੁਰਲਭ ਗ੍ਰੰਥ ਜੋ ਉਸ ਸਮੇਂ ਸਿੰਘਾਂ ਕੋਲ ਮੌਜੂਦ ਸਨ, ਸਭ ਪਾਣੀ ਦੇ ਵਹਿਣ ਵਿਚ ਰੁੜ ਗਏ। ਗੁਰੂ ਪਰਿਵਾਰ ਦੇ ਮੈਂਬਰ ਵਿਛੜ ਗਏ।

ਅਜੇ ਇਕ ਮੁਸੀਬਤ ਖਤਮ ਨਹੀਂ ਹੋਈ ਕਿ ਦੂਜੀ ਅੱਗੋਂ ਆ ਖੜੀ ਹੋਈ, ਭਾਵ ਅਜੇ ਮੁਸ਼ਕਿਲ ਨਾਲ ਗੁਰੂ ਜੀ ਤੇ ਸਿੰਘਾਂ ਨੇ ਸਰਸਾ ਨਦੀ ਨੂੰ ਪਾਰ ਹੀ ਕੀਤਾ ਸੀ ਕਿ ਅੱਗੋਂ ਰੋਪੜ ਦੇ ਰੰਘੜਾਂ ਨੇ ਸਿੰਘਾਂ ਦਾ ਰਾਹ ਆ ਰੋਕਿਆ। ਗੁਰੂ ਜੀ ਨੂੰ ਇਹ ਖਬਰ ਮਿਲੀ ਤਾਂ ਆਪ ਜੀ ਸਤਲੁਜ ਦੇ ਕੰਢੇ ਚਲਦੇ ਹੋਏ ਲੋਧੀ ਮਾਜਰਾ ਤੋਂ ਹੁੰਦੇ ਹੋਏ ਕੋਟਲਾ ਨਿਹੰਗ ਖਾਨ ਕੋਲ ਪਹੁੰਚ ਗਏ। ਸਾਹਿਬਜ਼ਾਦਾ ਅਜੀਤ ਸਿੰਘ ਅਤੇ ਭਾਈ ਬਚਿੱਤਰ ਸਿੰਘ ਨੂੰ ਸਿੰਘ ਭੇਜ ਕੇ ਰੰਘੜਾਂ ਦਾ ਟਾਕਰਾ ਕਰਨ ਲਈ ਹੁਕਮ ਕੀਤਾ। ਸਾਹਿਬਜ਼ਾਦਾ ਅਜੀਤ ਸਿੰਘ ਅਤੇ ਭਾਈ ਬਚਿੱਤਰ ਸਿੰਘ ਨੇ ਰੰਘੜਾਂ ਨੂੰ ਮੈਦਾਨੇ ਜੰਗ ਵਿਚੋਂ ਭਜਾ ਦਿੱਤਾ। ਅਨੇਕ ਰੰਘੜ ਲੜਦੇ ਹੋਏ ਮਰ ਗਏ। ਕੁਝ ਜਾਨ ਬਚਾ ਕੇ ਭੱਜ ਗਏ ਪਰੰਤੂ ਉਸ ਲੜਾਈ ਵਿਚ ਭਾਈ ਬਚਿੱਤਰ ਸਿੰਘ ਵੀ ਬਹੁਤ ਜ਼ਿਆਦਾ ਜ਼ਖਮੀ ਹੋ ਗਏ ਜਿਸ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਜੀ ਘੋੜੇ ਤੇ ਬਿਠਾ ਕੇ ਕੋਟਲਾ ਨਿਹੰਗ ਖਾਨ ਕੋਲ ਲੈ ਗਏ।

ਗੁਰੂ ਗੋਬਿੰਦ ਸਿੰਘ ਜੀ ਗਿਣੀ ਮਿੱਥੀ ਵਿਉਂਤ ਅਨੁਸਾਰ ਕੋਟਲਾ ਨਿਹੰਗ ਖਾਨ ਤੋਂ ਮਾਛੀਵਾੜਾ ਅਤੇ ਫਿਰ ਉਸ ਤੋਂ ਅੱਗੇ ਜਾਣਾ ਚਾਹੁੰਦੇ ਸਨ, ਪਰੰਤੂ ਜਦੋਂ ਅਜੇ ਚਮਕੌਰ ਸਾਹਿਬ ਪਹੁੰਚੇ ਸਨ ਤਾਂ ਗੁਰੂ ਜੀ ਨੂੰ ਖਬਰ ਮਿਲੀ, ਦਿੱਲੀ ਤੋਂ ਤਾਜ਼ਾ ਦਮ ਆਈ ਫੌਜ ਵੀ ਚਮਕੌਰ ਸਾਹਿਬ ਪਹੁੰਚ ਗਈ ਹੈ ਅਤੇ ਪਿੱਛੋਂ ਅਨੰਦਪੁਰ ਸਾਹਿਬ ਤੋਂ ਆ ਰਹੀ ਦੁਸ਼ਮਨਾਂ ਦੀ ਫੌਜ ਦਾ ਟਿੱਡੀ ਦਲ ਵੀ ਪਿੱਛਾ ਕਰਦਾ ਆ ਰਿਹਾ ਸੀ। ਸੋ ਮਜਬੂਰੀ ਵਸ ਸਤਿਗੁਰਾਂ ਨੇ ਅੱਗੇ ਵਧਣਾ ਤਿਆਗ ਕੇ ਚਮਕੌਰ ਸਾਹਿਬ ਚੌਧਰੀ ਗਰੀਬੂ ਦੀ ਹਵੇਲੀ ਵਿਚ ਟਿਕਾਣਾ ਕਰਨਾ ਪਿਆ। ਗੁਰੂ ਜੀ ਨੇ ਹੁਣ ਤਕ ਜਾਣ ਲਿਆ ਸੀ ਕਿ ਉਥੇ ਇਤਿਹਾਸਕ ਜੰਗ ਲੜੀ ਜਾਣੀ ਹੈ ਅਤੇ ਅਸਾਵਾਂ ਭੇੜ ਹੋਣਾ ਹੈ, ਇਕ ਇਕ ਸਿੰਘ ਨੂੰ ਲੱਖਾਂ ਦੁਸ਼ਮਣਾਂ ਨਾਲ ਟੱਕਰ ਲੈਣੀ ਪੈਣੀ ਹੈ। ਉਥੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਸ਼ਕਤੀ ਦੀ ਪਰਖ ਹੋਣੀ ਹੈ। ਉਥੇ ਪਿਤਾ ਆਪਣੇ ਪੁੱਤਰਾਂ ਨੂੰ ਆਪ ਹੱਥੀਂ ਸਜਾ ਕੇ ਜੰਗ ਨੂੰ ਤੋਰੇਗਾ। ਗੁਰੂ ਜੀ ਜਾਣ ਗਏ ਸਨ ਉਸ ਜੰਗ ਨੇ ਇਤਿਹਾਸ ਦੀ ਪੈੜ ਬਦਲ ਦੇਣੀ ਹੈ ਅਤੇ ਉਥੇ ਦਿੱਤੇ ਬਲੀਦਾਨ ਨੇ ਭਵਿੱਖ ਵਿਚ ਰਾਹ ਦਸੇਰਾ ਬਣ ਜਾਣਾ ਹੈ। ਹਕੀਮ ਮਿਰਜ਼ਾ ਅਲਹ ਯਾਰ ਖ਼ਾਂ 'ਜੋਗੀ' ਆਪਣੀ ਰਚਨਾ "ਗੰਜਿ-ਸ਼ਹੀਦਾਂ" ਵਿਚ ਗੁਰੂ ਜੀ ਦੇ ਇਰਾਦੇ ਦੀ ਤਰਜਮਾਨੀ ਕਰਦੇ ਹੋਏ ਲਿਖਦੇ ਹਨ:-

ਜਿਸ ਖਿੱਤੇ ਮੇਂ ਹਮ ਕਹਿਤੇ ਥੇ ਆਨਾ ਯਿਹ ਵੁਹੀ ਹੈ।
ਕੱਲ ਲੁੱਟ ਕੇ ਜਿਸ ਜਗਹ ਸੇ ਜਾਨਾ ਯਹ ਵੁਹੀ ਹੈ।
ਜਿਸ ਜਾ ਪਿ ਹੈ ਬੱਚੋਂ ਕੋ ਕਟਾਨਾ ਯਿਹ ਵੁਹੀ ਹੈ।
ਮੱਟੀ ਕਹਿ ਦੇਤੀ ਹੈ ਠਿਕਾਨਾ ਯਿਹ ਵੁਹੀ ਹੈ।
ਇਕ ਮੋਰਚੇ ਮੇਂ ਫਿਰ ਵਹੀਂ ਸਰਕਾਰ ਦਰ ਆਏ।
ਜਾ ਪਹੁੰਚੇ ਅਕਾਲੀ ਵਹੀਂ ਸਤਿਗੁਰੂ ਜਿਧਰ ਆਏ।

ਜਦੋਂ ਗੁਰੂ ਜੀ ਆਪਣੇ ਨਾਲ ੪੦ ਕੁ ਸਿੰਘ ਲੈ ਕੇ ਹਵੇਲੀ ਵਿਚ ਆਏ ਤਾਂ ਦੁਸ਼ਮਣ ਦੀ ਫੌਜ ਨੇ ਸਾਰੇ ਪਾਸਿਆਂ ਤੋਂ ਘੇਰਾ ਪਾ ਲਿਆ। ਗਿਆਨੀ ਗਿਆਨ ਸਿੰਘ ਅਨੁਸਾਰ ਪਹਾੜੀ ਰਾਜਿਆਂ ਤੋਂ ਬਿਨਾਂ ਮੁਗਲਾਂ ਦੇ ਉੱਘੇ ਜਰਨੈਲ ਨਾਹਰ ਖਾਂ, ਹੈਬਤ ਖਾਂ, ਇਸਮਾਈਲ ਖਾਂ, ਉਸਮਾਨ ਖਾਂ, ਸੁਲਤਾਨ ਖਾਂ, ਖ਼੍ਵਾਜਾ ਖਿਜ਼ਰ ਖਾਂ, ਜਹਾਨ ਖਾਂ, ਨਜੀਬ ਖਾਂ, ਮੀਆਂ ਖਾਂ,

ਦਿਲਾਵਰ ਖਾਂ, ਸੈਦ ਖਾਂ, ਜ਼ਬਰਦਸਤ ਖਾਂ, ਵਜੀਰ ਖਾਂ, ਗੁਲਬੇਗ ਖਾਂ ਆਦਿਕ ਚਮਕੌਰ ਸਾਹਿਬ ਗੁਰੂ ਜੀ ਨਾਲ ਲੜਨ ਆਏ ਹੋਏ ਸਨ। ਉਨ੍ਹਾਂ ਨੇ ਅਨੇਕ ਜੰਗਾਂ ਲੜੀਆਂ ਤੇ ਜਿੱਤਾਂ ਪ੍ਰਾਪਤ ਕੀਤੀਆਂ ਸਨ ਪ੍ਰੰਤੂ ਇਥੇ ਆ ਕੇ ਉਨ੍ਹਾਂ ਦੀ ਬਸ ਹੋ ਗਈ ਸੀ। ਸਾਰੀ ਰਾਤ ਘੇਰਾ ਪਿਆ ਰਿਹਾ ਪ੍ਰੰਤੂ ਗੜ੍ਹੀ ਦੇ ਨੇੜੇ ਕੋਈ ਨਹੀਂ ਆਇਆ।

ਪਹੁ-ਫੁਟਾਲਾ ਹੋਇਆ। ਸਤਿਗੁਰੂ ਜੀ ਨੇ ਨਿਤਨੇਮ ਤੋਂ ਵਿਹਲੇ ਹੋ ਕੇ ਸਿੰਘਾਂ ਦੀਆਂ ਕੰਧਾਂ ਦੇ ਚਾਰੇ ਪਾਸੇ ਡਿਊਟੀਆਂ ਲਗਾ ਦਿੱਤੀਆਂ ਅਤੇ ਆਪ ਗੜ੍ਹੀ ਵਿਚ ਸਾਹਿਬਜ਼ਾਦਿਆਂ ਸਮੇਤ ਤਿਆਰ ਬਰ ਤਿਆਰ ਹੋ ਕੇ ਉਪਰਲੀ ਮੰਜ਼ਿਲ ਤੇ ਬੈਠ ਗਏ ਅਤੇ ਮੈਦਾਨੇ ਜੰਗ ਦਾ ਜਾਇਜ਼ਾ ਲੈਣ ਗਏ। ਚਾਰੇ ਪਾਸੇ ਜਿਥੋਂ ਤੱਕ ਨਜ਼ਰ ਜਾਂਦੀ ਸੀ, ਮੁਗਲ ਫੌਜ ਹੀ ਦਿਖਾਈ ਦਿੰਦੀ ਸੀ। ਸਵੇਰੇ ਹੁੰਦੇ ਸਾਰ ਦੁਸ਼ਮਣ ਫੌਜ ਨੇ ਤੀਰਾਂ ਦੀ ਵਰਖਾ ਕਰਨੀ ਸ਼ੁਰੂ ਕਰ ਦਿੱਤੀ, ਪ੍ਰੰਤੂ ਗੜ੍ਹੀ ਦੇ ਨੇੜੇ ਕੋਈ ਨਹੀਂ ਸੀ ਆ ਰਿਹਾ। ਨਾਹਰ ਖਾਨ ਮਲੇਰਕੋਟਲੇ ਵਾਲੇ ਨੇ ਹੌਸਲਾ ਕਰਕੇ ਗੜ੍ਹੀ ਦੀ ਕੰਧ ਨਾਲ ਪੌੜੀ ਲਗਾ ਕੇ ਉੱਪਰ ਜਾਣਾ ਚਾਹਿਆ ਪ੍ਰੰਤੂ ਗੁਰੂ ਜੀ ਦੇ ਇਕੋ ਤੀਰ ਨੇ ਉਸ ਨੂੰ ਚਾਰੇ ਖਾਨੇ ਚਿੱਤ ਕਰ ਦਿੱਤਾ। ਉਸ ਤੋਂ ਬਾਅਦ ਗੈਰਤ ਖਾਨ ਅੱਗੇ ਵਧਿਆ ਪ੍ਰੰਤੂ ਗੁਰੂ ਜੀ ਦੇ ਇਕੋ ਤੀਰ ਨੇ ਉਸ ਨੂੰ ਵੀ ਜਹੰਨਮ ਪਹੁੰਚਾ ਦਿੱਤਾ।

ਹੁਣ ਗੁਰੂ ਜੀ ਦੇ ਹੁਕਮ ਨਾਲ ਦੁਸ਼ਮਨ ਨਾਲ ਲੋਹਾ ਲੈਣ ਲਈ ਪੰਜ-ਪੰਜ ਸਿੰਘਾਂ ਦੇ ਜਥੇ ਮੈਦਾਨੇ ਜੰਗ ਵਿਚ ਜਾਣ ਲੱਗੇ। ਸਿੰਘ ਜਿਧਰ ਵੀ ਜਾਂਦੇ, ਦੁਸ਼ਮਣ ਦੇ ਆਹੂ ਲਾਹ ਦਿੰਦੇ ਅਤੇ ਫਿਰ ਆਪ ਵੀ ਸ਼ਹੀਦੀਆਂ ਪਾ ਜਾਂਦੇ। ਸਤਿਗੁਰਾਂ ਕੋਲੇ ਬੈਠੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਜੀ ਵੀ ਸਵੇਰ ਤੋਂ ਇਤਿਹਾਸਕ ਜੰਗ ਲੜ ਹੁੰਦੀ ਦੇਖ ਰਹੇ ਸਨ ਅਤੇ ਦੁਸ਼ਮਣ ਦੀ ਸ਼ਿਕਸਤ ਅਤੇ ਸਿੰਘਾਂ ਨੂੰ ਸ਼ਹੀਦ ਹੁੰਦੇ ਵੇਖ ਰਹੇ ਸਨ। ਹੁਣ ਸਾਹਿਬਜ਼ਾਦਾ ਜੀ ਤੋਂ ਰਿਹਾ ਨਾ ਗਿਆ। ਆਪ ਉੱਠ ਕੇ ਗੁਰੂ ਪਿਤਾ ਜੀ ਕੋਲ ਗਏ ਅਤੇ ਰਣਤੱਤੇ ਵਿਚ ਸ਼ਹੀਦ ਹੋਣ ਲਈ ਆਗਿਆ ਮੰਗੀ। ਦਸਮ ਪਾਤਸ਼ਾਹ ਜੀ, ਅਜੀਤ ਸਿੰਘ ਜੀ ਦਾ ਮਨੋਰਥ ਜਾਣ ਕੇ ਬਹੁਤ ਖੁਸ਼ ਹੋਏ ਅਤੇ ਆਪਣੇ ਹੱਥੀਂ ਘੋੜਾ ਸ਼ਿੰਗਾਰਿਆ, ਉੱਪਰ ਕਾਠੀ ਪਾਈ, ਸਾਹਿਬਜ਼ਾਦੇ ਨੂੰ ਸ਼ਸਤਰ ਸਜਾਏ ਅਤੇ ਪੰਜ ਸਿੰਘ ਨਾਲ ਦੇ ਕੇ ਮੈਦਾਨੇ ਜੰਗ ਵੱਲ ਭੇਜਿਆ। ਦੁਨੀਆਂ ਦੇ ਇਤਿਹਾਸ ਵਿਚ ਇਹ ਪਹਿਲੀ ਮਿਸਾਲ ਹੈ ਕਿ ਰਣਤੱਤੇ ਵਿਚ ਪਿਤਾ ਨੇ ਆਪਣੇ ਪੁੱਤਰ ਨੂੰ ਸ਼ਹੀਦ ਹੋਣ ਲਈ ਆਪਣੇ ਹੱਥੀਂ ਤੋਰਿਆ ਹੋਵੇ। ਮੈਕਸ ਆਰਥਰ ਮੈਕਾਲਿਫ ਅਨੁਸਾਰ ਜੋ ਪੰਜ ਸਿੱਖ ਸਾਹਿਬਜ਼ਾਦੇ ਨਾਲ ਮੈਦਾਨੇ ਜੰਗ ਵਿਚ ਗਏ. ਉਨ੍ਹਾਂ ਦੇ ਨਾਮ—ਆਲਿਮ ਸਿੰਘ, ਜਵਾਹਰ ਸਿੰਘ, ਧਿਆਨ ਸਿੰਘ, ਸੁੱਖਾ ਸਿੰਘ ਅਤੇ ਬੀਰ ਸਿੰਘ ਸਨ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਜਿਧਰ ਵੀ ਮੂੰਹ ਕਰਦੇ, ਦੁਸ਼ਮਨਾਂ ਦੀਆਂ ਲਾਸ਼ਾਂ ਦੇ ਢੇਰ ਲਗਾ ਦਿੰਦੇ। ਹਕੀਮ ਮਿਰਜ਼ਾ ਅਲਹ ਯਾਰ ਖਾਂ ਜੋਗੀ ਰਚਨਾ 'ਗੰਜਿ ਸ਼ਹੀਦਾਂ' ਵਿਚ ਸਾਹਿਬਜ਼ਾਦੇ ਦੀ ਬਹਾਦਰੀ ਭਰਪੂਰ ਦੁਸ਼ਮਨ ਤੇ ਕਰਦੇ ਵਾਰਾਂ ਬਾਰੇ ਲਿਖਦੇ ਹਨ :

ਸਾਹਿਬਜ਼ਾਦਾਇ ਜੀ-ਜਾਹ ਨੇ ਭਾਗੜ ਥੀ ਮਚਾਈ।
ਯਿਹ ਫੌਜ ਭਗਾ ਦੀ, ਕਭੀ ਵੁਹ ਫੌਜ ਭਗਾਈ।
ਬੜ੍ਹ-ਚੜ੍ਹ ਕੇ ਤਵੱਕੋ ਸੇ ਸੁਜਾਅਤ ਜੋ ਦਿਖਾ ਦੀ।
ਸਤਿਗੁਰੂ ਨੇ ਵਹੀ ਕਿੱਲਾ ਸੇ ਬੱਚੇ ਕੋ ਨਿਦਾ ਦੀ।
ਸ਼ਾਬਾਸ਼ ਪਿਸਰ ਖੂਬ ਦਲੇਰੀ ਸੇ ਲੜੇ ਹੋ।
ਹਾਂ ਕਿਉਂ ਨਾ ਹੋ, ਗੋਬਿੰਦ ਕੇ ਫ਼ਰਜ਼ੰਦ ਬੜੇ ਹੋ।

ਮੈਦਾਨੇ ਜੰਗ ਵਿਚ ਜਿਧਰ ਵੀ ਸਾਹਿਬਜ਼ਾਦਾ ਅਜੀਤ ਸਿੰਘ ਮੂੰਹ ਕਰਦੇ, ਦੁਸ਼ਮਣ ਦੇ ਆਹੂ ਲਾਹ ਸੁੱਟਦੇ, ਨੇਜੇ ਨਾਲ ਇੰਨੀ ਫੁਰਤੀ ਦਿਖਾ ਰਹੇ ਸਨ ਕਿ ਦੁਸ਼ਮਣ ਦੀ ਕੋਈ ਵਾਹ ਪੇਸ਼ ਨਹੀਂ ਜਾ ਰਹੀ ਸੀ। ਗੜ੍ਹੀ ਵਿਚ ਬੈਠੇ ਦਸਮ ਪਾਤਸ਼ਾਹ ਜੀ ਮੈਦਾਨੇ ਜੰਗ ਵਿਚ ਪਈ ਤਰਥਲ ਦੇਖਕੇ ਮੁਖ 'ਚੋਂ ਵਾਹ ਪੁੱਤਰ! ਸਾਬਾਸ਼ ਪੁੱਤਰ ਆਖ ਰਹੇ ਸਨ। ਅਖੀਰ ਨੇਜ਼ਾ ਟੁੱਟ ਗਿਆ ਤਾਂ ਸਾਹਿਬਜ਼ਾਦੇ ਨੇ ਤਲਵਾਰ ਮਿਆਨ ਵਿਚੋਂ ਧੂ ਲਈ ਅਤੇ ਦੁਸ਼ਮਣ ਤੇ ਟੁੱਟ ਪਏ। ਅਖੀਰ ਆਪ ਜੀ ਲੜਦੇ ਹੋਏ ਰਣ ਤੱਤੇ ਵਿਚ ਸ਼ਹੀਦ ਹੋ ਗਏ। ਅਲਹ ਯਾਰ ਖਾਂ ਜੋਗੀ ਜੀ ਆਪ ਜੀ ਦੀ ਸ਼ਹਾਦਤ ਬਾਰੇ ਲਿਖਦੇ ਹਨ :

ਬੇਟੇ ਕੋ ਸ਼ਹਾਦਤ ਮਿਲੀ ਦੇਖਾ ਜੋ ਪਿਦਰ ਨੇ।
ਤੂਫਾਂ ਬਪਾ ਗਮ ਸੇ ਕੀਆ ਦੀਦਾ ਇ ਤਰ ਨੇ।
ਇਸ ਵਕਤ ਕਹਾ ਨੰਨ੍ਹੇ ਸੇ ਮਾਸੂਮ ਪਿਸਰ ਨੇ।
ਰੁਖਸਤ ਹਮੇਂ ਦਿਲਵਾਓ ਪਿਤਾ, ਜਾਏਂਗੇ ਮਰਨੇ।
ਭਾਈ ਸੇ ਬਿਛੜ ਕਰ ਹਮੇਂ ਜੀਨਾ ਨਹੀਂ ਆਤਾ।
ਸੋਨਾ ਨਹੀ, ਖਾਨਾ ਨਹੀਂ, ਪੀਨਾ ਨਹੀਂ ਭਾਤਾ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਸ਼ਹਾਦਤ ਤੋਂ ਬਾਅਦ ਛੋਟੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਮੈਦਾਨੇ ਜੰਗ ਵਿਚ ਜਾਣ ਦੀ ਆਗਿਆ ਮੰਗੀ। ਫਿਰ ਪੰਜ ਸਿੰਘਾਂ ਨਾਲ ਮੈਦਾਨੇ ਜੰਗ ਵਿਚ ਗਏ ਅਤੇ ਦੁਸ਼ਮਣ ਦੀਆਂ ਫੌਜਾਂ ਨੂੰ ਨੇਸਤੋ—ਨਾਬੂਦ ਕਰਦੇ ਹੋਏ ਆਪ ਵੀ ਸ਼ਹੀਦੀ ਪਾ ਗਏ। ਇਸ ਤਰ੍ਹਾਂ ਸਾਰਾ ਦਿਨ ਗੁਜ਼ਰ ਗਿਆ ਅਤੇ ਰਾਤ ਸਮੇਂ ਦਸਮ ਪਾਤਸ਼ਾਹ ਜੀ ਆਪ ਮਾਛੀਵਾੜੇ ਵੱਲ ਚਲੇ ਗਏ, ਮੁਗਲ ਫੌਜ ਹੱਥ ਮਲਦੀ ਰਹਿ ਗਈ।

ਪਿੰਡ ਜੀਆ ਨੱਥਾ

ਡਾਕ ਖੁੱਡਾ— ੧੪੪੩੦੫ (ਹੁਸ਼ਿਆਰਪੁਰ)

ਲਲਿਤ ਨਿਬੰਧ

ਨਜ਼ਰ ਦੇ ਨਕਸ਼

-ਡਾ: ਲਖਵਿੰਦਰ ਜੌਹਲ

ਕਦੇ ਕਦੇ ਅਚਾਨਕ ਲਗਦਾ ਹੈ ਕਿ ਜੋ ਵਿਅਕਤੀ ਤੁਹਾਡੇ ਸਾਹਮਣੇ ਆ ਰਿਹਾ ਹੈ ਉਸ ਨੂੰ ਤੁਸੀਂ ਪਹਿਲਾਂ ਵੀ ਕਦੇ ਵੇਖਿਆ ਹੈ। ਕਦੇ ਨਾ ਕਦੇ ਇਸ ਨੂੰ ਮਿਲੇ ਹੋ—ਇਸ ਨਾਲ ਗੱਲਾਂ ਕੀਤੀਆਂ ਹਨ। ਇਹ ਚਿਹਰਾ ਤੁਹਾਡਾ ਜਾਣੂ ਹੈ-ਪਛਾਣੂ ਹੈ। ਪਰ ਜਦੋਂ ਤੁਸੀਂ ਹਿੰਮਤ ਕਰਕੇ ਉਸਨੂੰ ਪੁੱਛਦੇ ਹੋ ਤਾਂ ਉਹ ਪਹਿਲਾਂ ਕਦੇ ਤੁਹਾਨੂੰ ਮਿਲਿਆ ਨਹੀਂ ਹੁੰਦਾ। ਅਜਿਹਾ ਕਿਉਂ ਹੁੰਦਾ ਹੈ ? ਇਸ ਦਾ ਜੁਆਬ ਮਨੋਵਿਗਿਆਨ ਕੋਲ ਹੈ ? ਅੰਧ ਵਿਸ਼ਵਾਸੀਆਂ ਕੋਲ ਹੈ ? ਨਜ਼ਰ ਅਤੇ ਦਿਮਾਗ਼ ਦੇ ਸੂਖਮ ਸੁਮੇਲ ਕੋਲ ਹੈ ? ਜਾਂ ਭਾਵਨਾਵਾਂ ਕੋਲ ਹੈ-ਕਲਪਨਾਵਾਂ ਕੋਲ ਹੈ ?

ਇਕ ਨਜ਼ਰ ਕਿਸੇ ਚਿਹਰੇ ਉੱਤੇ ਗਈ.... ਹਟੀ ਅਤੇ ਫਿਰ ਗਈ... ਇਸ ਇਕ ਪਲ ਦੇ ਹੇਰ ਫੇਰ ਵਿਚ ਹੀ ਸਾਲਾਂ ਸਾਲਾਂ ਦੀ ਕਲਪਨਾ ਸਮਾ ਜਾਂਦੀ ਹੈ....ਕਹਿੰਦੇ ਨੇ ਕਿਸੇ ਚਿਹਰੇ ਨੂੰ ਇਕ ਨਜ਼ਰ ਵੇਖੋ ਤੇ ਫੇਰ ਪਲ ਭਰ ਵਿਚ ਹੀ ਦੂਸਰੀ ਵਾਰ ਵੇਖੋ ਤਾਂ ਉਹ ਚਿਹਰਾ ਪਹਿਲਾਂ ਵਰਗਾ ਨਹੀਂ ਹੁੰਦਾ-ਚਿਹਰੇ ਦੀ ਆਭਾ ਨਦੀ ਦੇ ਵਹਿਣ ਵਰਗੀ ਹੈ। ਇਕ ਹੀ ਜਗ੍ਹਾ ਤੋਂ ਵਗਦੀ ਨਦੀ ਹਮੇਸ਼ਾ ਇਕੋ ਜਿਹੀ ਨਹੀਂ ਹੁੰਦੀ। ਪਲ ਪਲ ਬਦਲਦੀ ਹੈ ਨਦੀ—ਛਿਣ ਛਿਣ ਬਦਲਦੇ ਨੇ ਚਿਹਰੇ......।

ਸੰਸਾਰ ਪ੍ਰਸਿੱਧ ਚਿੱਤਰਕਾਰ ਸਲਵਾਡੋਰ ਡਾਲੀ ਨੇ ਮੌਤ ਦੇ ਬਿਸਤਰ ਉੱਤੇ ਪਈ ਆਪਣੀ ਪਤਨੀ ਗਾਲਾ ਦੇ ਮਰਨ-ਪਲਾਂ ਨੂੰ ਸੋਲਾਂ ਚਿੱਤਰਾਂ ਵਿਚ ਰੂਪਮਾਨ ਕੀਤਾ ਹੈ। ਇਹ ਸੋਲਾਂ ਵੱਖ-ਵੱਖ ਚਿੱਤਰ ਗਾਲਾ ਦੇ ਮੌਤ ਵੱਲ ਵਧਦੇ ਨਕਸ਼ਾਂ ਦਾ ਚਿਤਰਨ ਹਨ। ਯਾਨੀ ਡਾਲੀ ਨੇ ਆਪਣੀ ਪਤਨੀ ਦੇ ਆਖ਼ਰੀ ਸਾਹਾਂ ਨਾਲ ਲੜਦੇ ਚਿਹਰੇ ਨੂੰ ਸੋਲਾਂ ਰੰਗ ਬਦਲਦੇ ਹੋਏ ਵੇਖਿਆ ਅਤੇ ਇਨ੍ਹਾਂ ਰੰਗਾਂ ਨੂੰ ਚਿਹਰੇ ਦੇ ਵਿਭਿੰਨ ਚਿੱਤਰਾਂ ਵਿਚ ਰੂਪਮਾਨ ਕੀਤਾ। ਪਿਘਲਦੇ ਹੋਏ ਸਮੇਂ ਨੂੰ ਪਿਘਲੀਆਂ ਹੋਈਆਂ ਦੀਵਾਰ ਘੜੀਆਂ ਰਾਹੀਂ ਸਮੂਰਤ ਕਰਨ ਵਾਲਾ ਡਾਲੀ, ਕਿਸ ਤਰ੍ਹਾਂ ਵੇਖਦਾ ਹੋਏਗਾ ਆਪਣੀ ਪਤਨੀ ਦੇ ਚਿਹਰੇ ਨੂੰ ? ਉਹ ਵੀ ਉਸ ਵੇਲੇ ਜਦੋਂ ਉਹ ਮਰ ਰਹੀ ਹੈ। ਉਸ ਦਾ ਰਿਸ਼ਤਾ ਆਪਣੀ ਪਤਨੀ ਨਾਲੋਂ ਵਧੇਰੇ ਆਪਣੀ ਕਲਾ ਨਾਲ ਜੁੜਿਆ ਹੋਇਆ ਹੈ ? ਇਹ ਕੇਹੇ ਛਿਣ ਹੋਣਗੇ, ਜਦੋਂ ਪਤਨੀ ਅਤੇ ਕਲਾ ਡਾਲੀ ਦੀ ਨਜ਼ਰ ਨੂੰ ਇਕ ਦੂਸਰੇ ਵਿਚ ਓਤਪੋਤ ਕਰ ਰਹੇ ਹੋਣਗੇ। ਅਜੀਬ ਕਸ਼ਮਕਸ਼ ਦੇ ਅਜਿਹੇ ਪਲਾਂ ਵਿਚ ਹੀ ਮੈਨੂੰ ਹਿੰਦੀ ਕਵੀ ਮੰਗਲੇਸ਼ ਡਬਰਾਲ ਦੀ ਇਕ ਕਵਿਤਾ ਯਾਦ ਆ ਰਹੀ ਹੈ ਜਿਸ ਵਿਚ ਉਹ ਕਹਿੰਦਾ ਹੈ.... 'ਮੈਂ ਕਿਤੇ ਜਾਣਾ ਸੀ-ਗਿਆ ਨਹੀਂ- ਮੈਂ ਕੁਝ ਕਰਨਾ ਸੀ-ਕੀਤਾ ਨਹੀਂ-ਜਿਸਦੀ ਉਡੀਕ ਸੀ ਮੈਨੂੰ- ਉਹ ਇਥੇ ਨਹੀਂ ਆਇਆ। ਖੁਸ਼ੀ ਦਾ ਇਕ ਗੀਤ ਮੈਂ ਗਾਉਣਾ ਸੀ-ਨਹੀਂ ਗਾਇਆ। ਇਹ ਸਭ ਕੁਝ ਨਾ ਹੋਇਆ ਤਾਂ ਲੰਬੀ ਨੀਂਦ ਮੈਂ ਸੌਣਾ ਸੀ-ਨਹੀਂ ਸੌਂ ਸਕਿਆ.....'। ਕਵਿਤਾ ਦੀਆਂ ਆਖ਼ਰੀ ਸਤਰਾਂ ਵਿਚ ਉਹ ਕਹਿੰਦਾ ਹੈ' ਇਹ ਸੋਚ ਕੇ ਕਿੰਨਾ ਸੁੱਖ ਮਿਲਦਾ ਹੈ ਕਿ ਨਾ ਉਹ ਜਗਾਹ ਕਿਤੇ ਹੈ ਅਤੇ ਨਾ ਉਹ ਕੰਮ ਹੈ- ਨਾ ਉਡੀਕ ਹੈ- ਨਾ ਗੀਤ ਹੈ ਅਤੇ ਨਾ ਹੀ ਕਿਤੇ ਨੀਂਦ ਹੈ....। ਇਹ ਹੋਣ ਅਤੇ ਨਾ ਹੋਣ ਦੀ ਕਿਰਿਆ ਹੀ ਸਾਨੂੰ ਹੋਣੀਆਂ ਅਣਹੋਣੀਆਂ ਦੇ ਚੱਕਰਵਿਊ ਵਿਚ ਫਸਾਈ ਰੱਖਦੀ ਹੈ।ਬਹੁਤ ਕੁਝ ਅਜਿਹਾ ਵਾਪਰਦਾ ਹੈ ਜੋ ਇਤਿਹਾਸ ਵਿਚੋਂ ਆਪਣੇ ਆਪ ਹੀ ਖਾਰਜ ਹੋ ਜਾਂਦਾ ਹੈ— ਉਹ ਕਿਹੜਾ ਪਲ ਹੈ ਜਿਸ ਨੇ ਇਤਿਹਾਸ ਬਣਨਾ ਹੈ ਅਤੇ ਉਹ ਕਿਹੜਾ ਪਲ ਹੈ ਜੋ ਇਤਿਹਾਸ ਨਹੀਂ ਹੈ-ਸੋਚ ਸਕਦਾ ਹੈ ਕੋਈ ? ਸ਼ਾਇਦ ਨਹੀਂ..... ਜ਼ਿੰਦਗੀ ਨਾਲ ਲੜਨਾ ਇਤਿਹਾਸ ਹੈ— ਆਪਣੇ ਆਪ ਨਾਲ ਲੜਨਾ ਇਤਿਹਾਸ ਨਹੀਂ ਹੈ ਪਰ ਆਪਣੇ ਆਪ ਨਾਲ ਲੜਨ ਤੋਂ ਬਿਨਾਂ ਜ਼ਿੰਦਗੀ ਨਾਲ ਕਿਵੇਂ ਲੜ ਸਕਦੇ ਹੋ ਤੁਸੀਂ ? ਤੁਹਾਡੇ ਹਿਰਦਿਆਂ ਵਿਚ ਵਗਦੇ ਭਾਵਾਂ ਦੇ ਦਰਿਆ ਕਿਸੇ ਸਭਿਅਤਾ ਦਾ ਇਤਿਹਾਸ ਨਹੀਂ ਹੁੰਦੇ ਪਰ ਤੁਹਾਡੀਆਂ ਅੱਖਾਂ ਵਿੱਚੋਂ ਡਿਗਿਆ ਇਕ ਕਤਰਾ ਵੀ ਕਈ ਵਾਰ ਇਤਿਹਾਸ ਬਦਲ ਦੇਣ ਦੀ ਸ਼ਕਤੀ ਰਖਦਾ ਹੈ। ਚਸ਼ਮੇ-ਨੀਰ ਜਦੋਂ ਖੋਲਦੇ ਹਨ-ਡੋਲ ਜਾਂਦੇ ਨੇ ਇਤਿਹਾਸ-ਤਿੜਕ ਜਾਂਦੇ ਨੇ ਤਖ਼ਤ.... ਹੰਝੂਆਂ ਦੇ ਹਾਰ ਹੌਲੀ ਹੌਲੀ ਬਣ ਜਾਂਦੇ ਨੇ ਅਲੰਕਾਰ.,...ਨਜ਼ਰ ਦੀ ਨਬਜ਼ ਧੜਕਦੀ ਹੈ ਧੱਕ-ਧੱਕ ਤਾਂ ਅਚਾਨਕ ਅਹਿਸਾਸ ਹੁੰਦਾ ਹੈ ਜੋ ਤੁਸੀਂ ਕੀਤਾ ਨਹੀਂ ਹੈ— ਕਰਨਾ ਹੈ ਉਹ— ਜਿਸ ਦੀ ਉਡੀਕ ਸੀ— ਉਹ ਆ ਗਿਆ ਹੈ— ਜੋ ਖੁਸ਼ੀ ਦਾ ਗੀਤ ਗਾਉਣਾ ਸੀ— ਉਹ ਸ਼ੁਰੂ ਹੋ ਚੁੱਕਾ ਹੈ— ਉਹ ਸਭ ਕੁਝ ਹੋਣ ਵਾਲਾ ਹੈ ਜਿਸ ਨੇ ਸਕੂਨ ਦੇਣਾ ਹੈ!!.... ਪਰ ਕੀ ਹੈ ਸਕੂਨ ? ..... ਜੋ ਕੁਝ ਤੁਹਾਡੇ ਸਾਹਮਣੇ ਹੈ— ਉਹ ਪਹਿਲਾਂ ਵੀ ਇਥੇ ਹੀ ਸੀ— ਪਰ ਤੁਸੀਂ ਉਸ ਨੂੰ ਕਦੇ ਵੇਖਿਆ ਨਹੀਂ ਸੀ..... ਤੇ ਫੇਰ ਮੈਨੂੰ ਯਾਦ ਆ ਰਿਹਾ ਹੈ-ਰੂਸੀ (ਦਾਗਿਸਤਾਨੀ) ਲੇਖਕ ਰਸੂਲ ਹਮਜ਼ਾਤੋਵ—ਉਸ ਨੇ ਕਿਹਾ ਸੀ— ਲਿਖਣ ਲਈ ਵਿਸ਼ਾ ਨਾ ਮੰਗੋ—ਅੱਖਾਂ ਮੰਗੋ। ਵਿਸ਼ੇ ਤਾਂ ਬੇਸ਼ੁਮਾਰ ਸਾਡੇ ਆਲੇ ਦੁਆਲੇ ਪਏ ਹਨ। ਇਨ੍ਹਾਂ ਨੂੰ ਵੇਖਣ ਵਾਲੀ ਨਜ਼ਰ ਨਹੀਂ ਹੈ। ਨਜ਼ਰ ਪੈਦਾ ਹੋ ਜਾਵੇਗੀ ਤਾਂ ਹਰ ਚੀਜ਼ ਸਾਡੀ ਪਹੁੰਚ ਵਿਚ ਹੋਵੇਗੀ.... ਨਜ਼ਰ ਤੋਂ ਪਰ੍ਹੇ... ਪਹੁੰਚ ਤੋਂ ਪਰ੍ਹੇ ਹੈ ਹਰ .... ਕੋਈ.....। ਨਜ਼ਰ ਦੇ ਨਕਸ਼ਾਂ ਨੂੰ ਪਛਾਣਨ ਦੀ ਸਮਰੱਥਾ ਨਾਲ ਹੀ ਜੁੜਿਆ ਹੋਇਆ ਹੈ ਇਤਿਹਾਸ ? ਪਰ ਇਹ ਇਤਿਹਾਸ ਸਿਰਫ਼ ਸਮੂਰਤ ਕਿਉਂ ਹੈ ? ਦਿਲ ਦਰਿਆਵਾਂ ਵਿਚ ਖੌਲਦੀਆਂ ਭਾਵਨਾਵਾਂ ਦਾ ਇਤਿਹਾਸ ਕਿਹੜੀ ਨਜ਼ਰ ਨੂੰ ਕਦੋਂ ਦਿਸਦਾ ਹੈ ? ਕਿਸ ਤਰ੍ਹਾਂ ਦੇ ਹੋ ਸਕਦੇ ਹਨ ਉਸ ਨਜ਼ਰ ਦੇ ਨਕਸ਼ ? ਇਸ ਸਵਾਲ ਦਾ ਜਵਾਬ ਅਮੂਰਤ ਹੈ ਅਜੇ!! ਅਮੂਰਤ ਹਨ ਅਜੇ ਸਾਹਮਣੇ ਆ ਰਹੇ ਵਿਅਕਤੀ ਨਾਲ ਆਪਣੇ ਰਿਸ਼ਤੇ ਨੂੰ ਪਛਾਣ ਰਹੀ ਨਜ਼ਰ ਦੇ ਨਕਸ਼ ?

ਦੂਰਦਰਸ਼ਨ ਸਮਾਚਾਰ
ਸੀ.ਪੀ.ਸੀ. ਖੇਲ ਗਾਉਂ, ਨਵੀਂ ਦਿੱਲੀ-੪੯

ਯੋਗੀ ਭਜਨ ਜੀ ਦਾ ਨਾਮਧਾਰੀ ਸੰਗਤ ਨਾਲ ਸੰਬੰਧ

*—ਤਰਲੋਚਨ ਸਿੰਘ **

ਯੋਗੀ ਹਰਭਜਨ ਸਿੰਘ ਵਿਸ਼ਵ ਦੇ ਸਿੱਖ ਹਲਕਿਆਂ ਵਿਚ ਕਿਸੇ ਵਿਸ਼ੇਸ਼ ਜਾਣ-ਪਛਾਣ ਦੇ ਮੁਥਾਜ ਨਹੀਂ। ਉਹ ਇਕ ਅਤਿ ਸਨਮਾਨਯੋਗ ਅਤੇ ਵਿਲੱਖਣ ਸ਼ਖਸੀਅਤ ਦੇ ਮਾਲਕ ਸਨ ਜਿਨ੍ਹਾਂ ਆਪਣੀ ਲਗਨ, ਮਿਹਨਤ ਅਤੇ ਸਿੱਖੀ ਪ੍ਰਤੀ ਸ਼ਰਧਾ ਨਾਲ ਸਿੱਖ ਧਰਮ ਨੂੰ ਦੁਨੀਆਂ ਦੇ ਕੋਨੇ-ਕੋਨੇ ਵਿਚ ਫੈਲਾਇਆ।

ਯੋਗੀ ਭਜਨ ਜੀ ਨੇ ੧੯੭੦ ਵਿਚ ਅਜਿਹਾ ਕ੍ਰਿਸ਼ਮਾ ਦਿਖਾਇਆ ਕਿ ਵੱਡੇ-ਵੱਡੇ ਸਿੱਖ ਪ੍ਰਚਾਰਕ ਹੈਰਾਨ ਰਹਿ ਗਏ। ਓਦੋਂ ਵਿਦੇਸ਼ਾਂ ਵਿਚ ਅਤੇ ਖਾਸ ਕਰਕੇ ਪੱਛਮ ਵਿਚ ਨੈਤਿਕ ਪਤਨ ਜ਼ੋਰਾਂ ਤੇ ਸੀ। ਲੋਕ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਸਨ। ਧਰਮ ਦਾ ਨਾਂ ਲੈਣੋਂ ਗੁਰੇਜ਼ ਕਰਦੇ ਸਨ। ਇਥੋਂ ਤਕ ਕਿ ਪੰਜਾਬ ਤੋਂ ਜਾਣ ਵਾਲੇ ਸਿੱਖ ਵੀ ਓਸੇ ਰੰਗ ਵਿਚ ਰੰਗੇ ਜਾ ਰਹੇ ਸਨ ਅਤੇ ਸਿੱਖੀ ਸਰੂਪ ਵਿਚ ਰਹਿਣ ਤੋਂ ਕਤਰਾਉਂਦੇ ਸਨ। ਉਦੋਂ ਸ੍ਰੀ ਸਿੰਘ ਸਾਹਿਬ ਹਰਭਜਨ ਸਿੰਘ ਯੋਗੀ ਨੇ ਉਹਨਾਂ ਭਟਕੇ ਹੋਏ ਲੋਕਾਂ ਦੀ ਬਾਂਹ ਫੜੀ, ਉਹਨਾਂ ਨੂੰ ਸ਼ਾਂਤੀ ਦਾ ਰਾਹ ਦਿਖਾਇਆ। ਉਹਨਾਂ ਦੀ ਮਾਨਸਿਕ ਭਟਕਣਾ ਨੂੰ ਠੱਲ੍ਹ ਪਾਈ। ਯੋਗਾ, ਕੁੰਡਲਿਨੀ ਅਤੇ ਗੁਰਬਾਣੀ ਦੇ ਪ੍ਰਵਾਹ ਨਾਲ ਅਮਰੀਕਨ ਲੋਕਾਂ ਨੂੰ ਸਿੱਖ ਧਰਮ ਨਾਲ ਜੋੜਿਆ ਅਤੇ ਵੱਡੀ ਗਿਣਤੀ ਵਿਚ ਅਮਰੀਕਨ ਔਰਤਾਂ ਅਤੇ ਮਰਦਾਂ ਨੂੰ ਸਿੰਘ ਸਜਾਇਆ। ੧੯੭੦ ਵਿਚ ਜਦੋਂ ਅਮਰੀਕਨ ਸਿੰਘਾਂ ਸਿੰਘਣੀਆਂ ਦਾ ਇਕ ਜੱਥਾ ਪੰਜਾਬ ਆਇਆ ਤਾਂ ਲੋਕ ਵੇਖ ਕੇ ਹੈਰਾਨ ਰਹਿ ਗਏ। ਚਿੱਟੇ ਕੱਪੜਿਆਂ ਵਿਚ ਸਜੇ ਅਮਰੀਕਨ ਸਿੰਘ ਸਿੰਘਣੀਆਂ ਵੇਖਿਆਂ ਹੀ ਬਣਦੇ ਸਨ। ਇਸ ਨਾਲ ਯੋਗੀ ਹਰਭਜਨ ਸਿੰਘ ਦਾ ਨਾਂ ਵਿਸ਼ਵ ਭਰ ਵਿਚ ਮਸ਼ਹੂਰ ਹੋ ਗਿਆ। ਇਸ ਤੋਂ ਬਾਅਦ ਉਹਨਾਂ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ ਅਤੇ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਦੁਨੀਆਂ ਭਰ ਵਿਚ ੩੦੦ ਤੋਂ ਵੱਧ ਕੇਂਦਰ ਖੋਲ੍ਹੇ ਅਤੇ ਲੱਖਾਂ ਲੋਕਾਂ ਨੂੰ ਸਿੰਘ ਸਜਾਇਆ। ਉਹਨਾਂ ਦੀਆਂ ਸਿੱਖ ਧਰਮ ਪ੍ਰਤੀ ਸੇਵਾਵਾਂ ਨੂੰ ਮੱਦੇ-ਨਜ਼ਰ ਰੱਖਦਿਆਂ ਉਹਨਾਂ ਨੂੰ ਸਨਮਾਨ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੧੯੭੧ ਵਿੱਚ "ਸਿੰਘ ਸਾਹਿਬ" ਅਤੇ ੧੯੭੪ ਵਿਚ ਸ੍ਰੀ ਅਕਾਲ ਤਖਤ ਸਾਹਿਬ ਵਲੋਂ "ਭਾਈ ਸਾਹਿਬ" ਦਾ ਖਿਤਾਬ ਪ੍ਰਦਾਨ ਕੀਤਾ ਗਿਆ ਸੀ। ਉਹਨਾਂ ਨੂੰ ਆਨੰਦਪੁਰ ਸਾਹਿਬ ਵਿਖੇ 'ਪੰਥ ਰਤਨ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ ਸੀ। ਅਜਿਹੀ ਮਹਾਨ ਸ਼ਖਸੀਅਤ ਸਾਡੇ ਕੋਲੋਂ ਹਮੇਸ਼ਾ-ਹਮੇਸ਼ਾ ਲਈ ਵਿਛੜ ਗਈ ਹੈ।

ਯੋਗੀ ਹਰਭਜਨ ਸਿੰਘ ਜੀ ਦੇ ਨਾਮਧਾਰੀ ਸੰਗਤ ਦੇ ਮੁਖੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਬਹੁਤ ਚੰਗੇ ਸੰਬੰਧ ਸਨ। ਜਦੋਂ ਵੀ ਯੋਗੀ ਜੀ ਭਾਰਤ ਆਉਂਦੇ, ਉਹ ਹਮੇਸ਼ਾ ਭੈਣੀ ਸਾਹਿਬ ਜਾਂਦੇ। ਅਮਰੀਕਨ ਸਿੰਘਾਂ ਦੇ ਜਥੇ ਵੀ ਜਦੋਂ ਭਾਰਤ ਆਉਂਦੇ, ਉਹ ਭੈਣੀ ਸਾਹਿਬ ਜ਼ਰੂਰ ਜਾਂਦੇ। ਸ਼ੁਰੂ-ਸ਼ੁਰੂ ਵਿਚ ਕਈਆਂ ਨੇ ਇਤਰਾਜ਼ ਵੀ ਕੀਤਾ ਕਿ ਯੋਗੀ ਜੀ ਓਥੇ ਕਿਉਂ ਜਾਂਦੇ ਹਨ ? ਪਰ ਯੋਗੀ ਹਰਭਜਨ ਸਿੰਘ ਜੀ ਕਹਿੰਦੇ ਸਨ ਕਿ ਮੈਨੂੰ ਓਥੇ ਜਾ ਕੇ ਮਾਨਸਿਕ ਸ਼ਾਂਤੀ ਮਿਲਦੀ ਹੈ। ਕੀਰਤਨ ਦਾ ਜੋ ਆਨੰਦ ਮੈਨੂੰ ਓਥੇ ਜਾ ਕੇ ਆਉਂਦਾ ਹੈ, ਉਹ ਮੇਰੇ ਲਈ ਲਾਹੇਵੰਦ ਹੈ। ਯੋਗੀ ਜੀ ਦਿੱਲੀ ਵਿਚ ਵੀ ਨਾਮਧਾਰੀ ਗੁਰਦੁਆਰੇ ਵਿਚ ਦੋ ਵਾਰੀ ਦਰਸ਼ਨ ਕਰਨ ਗਏ ਸਨ।

ਏਸੇ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਵੀ ਜਦੋਂ ਅਮਰੀਕਾ ਜਾਂਦੇ ਯੋਗੀ ਜੀ ਨੂੰ ਜ਼ਰੂਰ ਮਿਲਦੇ। ਯੋਗੀ ਜੀ ਹਰ ਸਾਲ 'ਵਿਸ਼ਵ ਪ੍ਰਾਰਥਨਾ ਦਿਨ' ਮਨਾਉਂਦੇ ਸਨ ਜਿਸ ਵਿਚ ਦੁਨੀਆਂ ਦੇ ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ ਨੂੰ ਆਮੰਤ੍ਰਿਤ ਕੀਤਾ ਜਾਂਦਾ ਸੀ। ੧੯੯੯ ਦੇ 'ਵਿਸ਼ਵ ਪ੍ਰਾਰਥਨਾ ਦਿਵਸ' ਦੀ ਪ੍ਰਧਾਨਗੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੀ ਕੀਤੀ ਸੀ। ਜਿਸ ਦਾ ਆਯੋਜਨ ਯੋਗੀ ਹਰਭਜਨ ਸਿੰਘ ਜੀ ਦੀ ਸੰਸਥਾ "ਸਿੱਖ ਧਰਮ" ਵਲੋਂ ਉਹਨਾਂ ਦੇ ਹੈੱਡ-ਕੁਆਰਟਰ ਐਸਪੇਨੋਲਾ ਤੋਂ ੧੫ ਕਿਲੋਮੀਟਰ ਦੂਰ ਪਹਾੜੀ ਉੱਤੇ ਗੁਰੂ ਰਾਮ ਦਾਸ ਪੁਰੀ ਵਿਖੇ ਕੀਤਾ ਗਿਆ ਸੀ। ਮੇਰੀ ਖੁਸ਼-ਕਿਸਮਤੀ ਹੈ ਕਿ ਉਸ ਸਮਾਗਮ ਵਿਚ ਮੈਂ ਵੀ ਸ਼ਾਮਲ ਸਾਂ ਅਤੇ ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਕਰੀਰ ਨੂੰ ਅੰਗਰੇਜ਼ੀ ਵਿਚ ਤਰਜਮਾ ਕਰਨ ਦਾ ਮੌਕਾ ਮਿਲਿਆ ਤਾਂ ਜੋ ਅਮਰੀਕਨ ਉਹਨਾਂ ਦੇ ਭਾਸ਼ਣ ਨੂੰ ਸਮਝ ਸਕਣ। ਮੈਨੂੰ ਅੱਜ ਤਕ ਯਾਦ ਹੈ ਸਤਿਗੁਰੂ ਜੀ ਦੇ ਨਾਲ ਗਏ ਸੰਗੀਤਕਾਰਾਂ, ਤਬਲਾ-ਵਾਦਕ ਅਤੇ ਸਿਤਾਰ-ਵਾਦਕ ਨੇ ਅਜਿਹਾ ਸੰਗੀਤਮਈ ਰੰਗ ਬੰਨ੍ਹਿਆ ਕਿ ਓਥੋਂ ਦੀ ਫ਼ਿਜ਼ਾ ਸੰਗੀਤ ਨਾਲ ਭਰ ਗਈ ਸੀ ਅਤੇ ਅਜਿਹਾ ਰਸ ਸੀ ਕਿ ਉਹਨੂੰ ਯਾਦ ਕਰਕੇ ਹੀ ਅੱਜ ਵੀ

ਮਨ ਵਿਸਮਾਦ ਹੋ ਜਾਂਦਾ ਹੈ। ਸਤਿਗੁਰੂ ਜੀ ਤਿੰਨ ਦਿਨ ਉਥੇ ਰਹੇ ਸਨ, ਉਹ ਬੀਬੀ ਫਤਹਿ ਕੌਰ ਖਾਲਸਾ ਜੀ ਦੇ ਘਰ ਠਹਿਰੇ ਸਨ। ਇਕ ਵਾਰੀ ਸਤਿਗੁਰੂ ਜੀ ਯੋਗੀ ਜੀ ਦੇ ਘਰ ਲਾਸ ਏਂਜਲੱਸ ਇਸਟੇਟ ਵੀ ਠਹਿਰੇ ਸਨ।

ਇਸ ਤੋਂ ਪਹਿਲਾਂ ਵੀ ਯੋਗੀ ਜੀ ਨੇ ਆਪਣੇ ਇਕ ਸਾਲਾਨਾ ਕੈਂਪ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਫਰਾਂਸ ਵਿਚ ਆਮੰਤ੍ਰਿਤ ਕੀਤਾ ਸੀ। ਇਸ ਕੈਂਪ ਵਿਚ ਕਰੀਬ ੧੫੦੦ ਯੂਰਪੀਨ ਸ਼ਾਮਲ ਹੁੰਦੇ ਹਨ, ਜਿਹੜਾ ਇਕ ਹਫਤਾ ਚਲਦਾ ਹੈ। ਸਤਿਗੁਰੂ ਜੀ ਸਾਰਾ ਦਿਨ ਇਸ ਕੈਂਪ ਵਿਚ ਰਹੇ ਸਨ। ਇਹ ਕੈਂਪ ਫਰਾਂਸ ਵਿਚ ਆਯੋਜਿਤ ਕੀਤਾ ਗਿਆ ਸੀ ਜਿਥੇ ਪਹੁੰਚਣ ਲਈ ਪੈਰਿਸ ਤੋਂ ਦੋ ਘੰਟੇ ਲਗਦੇ ਹਨ। ਸਤਿਗੁਰੂ ਜੀ ਨੇ ਸੰਗਤਾਂ ਨੂੰ ਸੰਬੋਧਨ ਵੀ ਕੀਤਾ ਸੀ। ਸਤਿਗੁਰੂ ਜੀ ਇਸ ਕੈਂਪ ਦੀ ਰੌਣਕ, ਇੰਤਜ਼ਾਮ ਤੇ ਆਲਾ-ਦੁਆਲਾ ਵੇਖ ਕੇ ਏਨੇ ਖੁਸ਼ ਹੋਏ ਸਨ ਕਿ ਉਹਨਾਂ ਨੇ ਇੱਛਾ ਜ਼ਾਹਿਰ ਕੀਤੀ ਸੀ ਕਿ ਉਹ ਵੀ ਇਸ (Valley) ਵਿਚ ਅਧਿਆਤਮਕ ਸੈਂਟਰ ਬਣਾਉਣਾ ਚਾਹੁੰਦੇ ਹਨ।

ਮੈਨੂੰ ਯਾਦ ਹੈ ਮਿਲਵਾਕੀ ਵਿਚ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਦੀ ਪ੍ਰਧਾਨਗੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤੀ ਸੀ ਅਤੇ ਇਸ ਦਾ ਉਦਘਾਟਨ ਯੋਗੀ ਹਰਭਜਨ ਸਿੰਘ ਜੀ ਨੇ ਕੀਤੀ ਸੀ। ਇਸ ਕਾਨਫਰੰਸ ਵਿਚ ਵਿਸ਼ਵ ਭਰ ਤੋਂ ਪੰਜਾਬੀ ਲੇਖਕ, ਵਿਦਵਾਨ ਤੇ ਹੋਰ ਪਤਵੰਤੇ ਸ਼ਾਮਲ ਹੋਏ ਸਨ।

ਯੋਗੀ ਹਰਭਜਨ ਸਿੰਘ ਲੰਡਨ ਵਿਚ ਸ. ਸੁਰਿੰਦਰ ਸਿੰਘ ਮਨਚੰਦਾ ਬੈਂਕੌਕ ਵਾਲੇ ਦੇ ਪੁੱਤਰ ਦੇ ਵਿਆਹ ਵਿਚ ਸ਼ਾਮਲ ਹੋਏ ਸਨ ਅਤੇ ਉਥੇ ਸਤਿਗੁਰੂ ਜਗਜੀਤ ਸਿੰਘ ਜੀ ਵੀ ਸੁਸ਼ੋਭਿਤ ਸਨ।

ਸ. ਹਰਵਿੰਦਰ ਸਿੰਘ ਹੰਸਪਾਲ ਸਾਬਕਾ ਮੈਂਬਰ ਪਾਰਲੀਮੈਂਟ ਤੇ ਵਰਤਮਾਨ ਪ੍ਰਧਾਨ ਪੰਜਾਬ ਕਾਂਗਰਸ ਕਮੇਟੀ, ਵੀ ਯੋਗੀ ਜੀ ਕੋਲ ਗਏ ਸਨ ਅਤੇ ਉਹਨਾਂ ਦੇ ਐਸਪੇਨੋਲਾ ਵਿਖੇ ਹੈੱਡ-ਕੁਆਰਟਰ ਵਿਚ ਇਕ ਹਫਤਾ ਰਹੇ ਸਨ।

ਯੋਗੀ ਜੀ ਜਦੋਂ ਬੈਂਕੌਕ ਗਏ ਤਾਂ ਉਥੋਂ ਦੇ ਨਾਮਧਾਰੀ ਸੰਗਤ ਦੇ ਮੁਖੀ ਦੇ ਘਰ ਵੀ ਰਹੇ ਸਨ ਅਤੇ ਉਥੋਂ ਦੇ ਗੁਰਦੁਆਰੇ ਵੀ ਗਏ ਸਨ।

ਅਮਰੀਕਨ ਸਿੱਖਾਂ ਦੇ ਅਤੇ ਲਾਸ ਏਂਜਲੱਸ ਅਤੇ ਯੂਰਪੀਨ ਦੇਸ਼ਾਂ ਵਿਚ ਰਹਿੰਦੀ ਨਾਮਧਾਰੀ ਸੰਗਤ ਦੇ ਵੀ ਚੰਗੇ ਸੰਬੰਧ ਹਨ ਅਤੇ ਇਹ ਦੋਵੇਂ ਆਪਸ ਵਿਚ ਤਾਲ-ਮੇਲ ਵੀ ਰੱਖਦੇ ਹਨ।

ਯੋਗੀ ਹਰਭਜਨ ਸਿੰਘ ਜੀ ਦੀਆਂ ਅੰਤਮ ਰਸਮਾਂ ਵਿਚ ਵੀ ਨਾਮਧਾਰੀ ਸੰਗਤ ਵਲੋਂ ਪੂਰੀ ਪ੍ਰਤੀਨਿੱਧਤਾ ਕੀਤੀ ਗਈ। ਯੋਗੀ ਜੀ ੬ ਅਕਤੂਬਰ ਨੂੰ ਪੂਰੇ ਹੋਏ ਸਨ ਅਤੇ ਉਹਨਾਂ ਦਾ ਅੰਤਮ ਸਸਕਾਰ ੧੦ ਅਕਤੂਬਰ ੨੦੦੪ ਨੂੰ ਹੋਇਆ ਸੀ, ਜਿਸ ਵਿਚ ਸੁਰਿੰਦਰ ਸਿੰਘ ਮਨਚੰਦਾ ਬੈਂਗਕੌਕ ਵਾਲੇ ਅਤੇ ਉਹਨਾਂ ਦੀ ਧਰਮ ਪਤਨੀ ਸ਼ਾਮਲ ਹੋਏ ਸਨ। ਉਹਨਾਂ ਦਾ ਭੋਗ ੨੩ ਅਕਤੂਬਰ ਨੂੰ ਪਿਆ ਸੀ। ਉਸ ਵਿਚ ਵੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸ਼ੋਕ ਸੁਨੇਹਾ ਸਰਦਾਰ ਸੁਲੱਖਣ ਸਿੰਘ, ਪ੍ਰਧਾਨ ਨਾਮਧਾਰੀ ਸੰਗਤ ਬਰਤਾਨੀਆ, ਲੰਡਨ ਨੇ ਪੜ੍ਹ ਕੇ ਸੁਣਾਇਆ। ਸ. ਜਸਵਿੰਦਰ ਸਿੰਘ ਜਰਮਨੀ ਵਾਲਿਆਂ ਨੇ ਇਸ ਦਾ ਅੰਗਰੇਜ਼ੀ ਵਿਚ ਤਰਜਮਾ ਕੀਤਾ। ਇਸ ਮੌਕੇ ਉੱਤੇ ਕੈਨੇਡਾ ਤੋਂ ਸ. ਮਨਜਿੰਦਰ ਸਿੰਘ ਨਾਮਧਾਰੀ, ਲਾੱਸ ਏਂਜਲੱਸ ਤੋਂ ਸ. ਗੁਰਦੇਵ ਸਿੰਘ ਉਚੇਚੇ ਤੌਰ 'ਤੇ ਸ਼ਾਮਲ ਹੋਏ ਸਨ। ਮੈਂ ਵੀ ਯੋਗੀ ਭਜਨ ਜੀ ਦੀ ਅੰਤਿਮ ਅਰਦਾਸ ਵਿਚ ਸ਼ਾਮਲ ਸਾਂ। ਉਸੇ ਮੌਕੇ ਤੇ ਇਕ ਅਦੁੱਤੀ ਇਕੱਠ ਹੋਇਆ ਸੀ ਜਿਸ ਵਿਚ ਵਿਸ਼ਵ ਭਰ ਤੋਂ ਵੱਡੀ ਗਿਣਤੀ ਵਿਚ ਅਹਿਮ ਹਸਤੀਆਂ ਪਹੁੰਚੀਆਂ ਹੋਈਆਂ ਸਨ। ਸ੍ਰੀ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਇਕਬਾਲ ਸਿਘ ਜੀ, ਤਖਤ ਸ੍ਰੀ ਕੇਸਗੜ੍ਹ ਆਨੰਦਪੁਰ ਸਾਹਿਬ ਦੇ ਸਿੰਘ ਸਾਹਿਬ ਤਰਲੋਚਨ ਸਿੰਘ ਵੀ ਉਚੇਚੇ ਤੌਰ ਤੇ ਇਸ ਮੌਕੇ ਉੱਤੇ ਪੁਜੇ ਹੋਏ ਸਨ। ਅਮਰੀਕਾ ਦੀਆਂ ਤਕਰੀਬਨ ਸਾਰੀਆਂ ਸਿੱਖ ਸੰਸਥਾਵਾਂ ਦੇ ਨੁਮਾਇੰਦੇ ਵੀ ਉਥੇ ਆਏ ਹੋਏ ਸਨ। ਸਾਰਾ ਦਿਨ ਕੀਰਤਨ ਦਾ ਪ੍ਰਵਾਹ ਚਲਦਾ ਰਿਹਾ। ਇਸ ਮੌਕੇ ਉੱਤੇ ਅਮਰੀਕਾ ਦੇ ਰਾਸ਼ਟਰਪਤੀ ਸ੍ਰੀ ਜਾਰਜ ਬੁਸ਼, ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਕਨੇਡਾ ਦੇ ਪ੍ਰਧਾਨ ਮੰਤਰੀ ਸੀ. ਪਾਲ ਮਾਰਟੀਨ ਅਤੇ ਸੰਯੁਕਤ ਰਾਸ਼ਟਰ ਮਹਾਂਸੰਘ ਦੇ ਸਕੱਤਰ ਜਨਰਲ ਸ੍ਰੀ ਕੋਫੀ ਆਨਨ ਦੇ ਸ਼ੋਕ ਸੁਨੇਹੇ ਪੜ੍ਹ ਕੇ ਸੁਣਾਏ ਗਏ।

ਮਰਨਾ ਤਾਂ ਇਕ ਦਿਨ ਸਭ ਨੇ ਹੈ, ਪਰ ਗੁਰਬਾਣੀ ਵਿੱਚ ਸੰਦੇਸ਼ ਹੈ :

"ਐਸੀ ਕਰਨੀ ਕਰ ਚਲੋ, ਤੁਮ ਹਸੋ ਜਗ ਰੋਏ॥"

*ਮੈਂਬਰ, ਪਾਰਲੀਮੈਂਟ ਅਤੇ
ਚੇਅਰਮੈਨ, ਕੌਮੀ ਘੱਟ ਗਿਣਤੀ ਕਮਿਸ਼ਨ,
ਨਵੀਂ ਦਿੱਲੀ

ਗਰ ਫਿਰਦੌਸ ਜ਼ਮੀਂ ਅਸਤ

—ਗੁਰਬਚਨ ਸਿੰਘ ਨਾਮਧਾਰੀ

ਪਹਾੜ ਮੇਰੀ ਕਮਜ਼ੋਰੀ ਹਨ। ਉੱਚੇ ਪਰਬਤ ਸਿਖਰਾਂ ਤੇ ਮੈਨੂੰ ਸਿਰਜਨਹਾਰ ਦੀ ਪ੍ਰਤੀਤੀ ਹੁੰਦੀ ਹੈ। ਗਹਿਰੀਆਂ ਘਾਟੀਆਂ ਚੋਂ ਸ਼ਿਵਾਲੇ ਦੀਆਂ ਘੰਟੀਆਂ ਸੁਣਾਈ ਦਿੰਦੀਆਂ ਹਨ। ਰੁੱਖਾਂ ਦੇ ਮੋਨ ਵਿਚ, ਵਗਦੀ ਪੌਣ ਵਿਚ, ਚਿੜੀਆਂ ਦੇ ਗੀਤ ਵਿਚ, ਝਰਨਿਆਂ ਦੇ ਸੰਗੀਤ ਵਿਚ ਮੈਨੂੰ ਅਨਹਦ ਧੁਨੀ ਸੁਣਾਈ ਦਿੰਦੀ ਹੈ। ਮੇਰੀ ਇਸੇ ਸੋਚ ਦੇ ਹਮਖਿਆਲ ਹਨ, ਹਰਭਜਨ ਸਿੰਘ ਸਲੂਜਾ। ਪ੍ਰਕ੍ਰਿਤੀ ਪ੍ਰੇਮ ਦੀ ਇਹੋ ਸਮਾਨ ਵਿਚਾਰਧਾਰਾ ਸਾਨੂੰ ਇਕ-ਦੂਜੇ ਦੇ ਨੇੜੇ ਲੈ ਆਈ। ਜਦੋਂ ਵੀ ਕਦੇ ਚਿਤ ਉਦਾਸ ਹੋਵੇ ਜਾਂ ਪਰਿਵਾਰਕ, ਵਪਾਰਕ ਵਾਧਿਆਂ-ਘਾਟਿਆਂ ਤੋਂ ਉਪਜੀ ਪ੍ਰੇਸ਼ਾਨੀ ਹੋਵੇ, ਕੁਦਰਤ ਦੀਆਂ ਵਾਜਾਂ ਮਾਰਦੀਆਂ ਹੁਸੀਨ ਵਾਦੀਆਂ ਦੀ ਗੋਦ ਵਿਚ ਸਿਰ ਰਖ ਕੇ ਸਾਰੇ ਟੈਂਸ਼ਨ-ਡਿਪ੍ਰੈਸ਼ਨ ਦੂਰ ਸੁੱਟ ਆਉਂਦੇ ਹਾਂ। ਪਿਛਲੇ ਦਿਨੀਂ, ਸਤੰਬਰ ੨੦੦੪ ਵਿਚ ਹਿਮਾਲੇ ਦੀ ਇਕ ਦੁਰਗਮ ਯਾਤਰਾ ਦੇ ਸਿਲਸਿਲੇ ਵਿਚ ਇਕ ਐਸੇ ਅਨੁਭਵ ਅਤੇ ਰੋਮਾਂਚ ਵਿਚੋਂ ਲੰਘਿਆ ਜਿਸਨੇ ਮੇਰੀ ਅਧਿਆਤਮਕ ਪ੍ਰਗਿਆ ਨੂੰ ਪਰਮ ਆਹਲਾਦਕਤਾ ਨਾਲ ਸਰਾਬੋਰ ਕਰ ਦਿੱਤਾ।

੧੯੭੦ ਵਿਚ ਬੀ.ਏ ਦੇ ਵਿਦਿਆਰਥੀ ਰੂਪ ਵਿਚ ਜੀ.ਐਲ.ਏ. ਕਾਲਜ, ਡਾਲਟਨਗੰਜ ਦੀ ਲਾਇਬ੍ਰੇਰੀ ਚੋਂ ਕਾਲਜ ਮਿਤਰਾਂ ਦੀ "ਕੁੰਡਲਿਨੀ-ਯੋਗ" ਪੁਸਤਕ ਪੜ੍ਹਣ ਦਾ ਸੁਭਾਗ ਪ੍ਰਾਪਤ ਹੋਇਆ। ਲੇਖਕ ਨੇ ਯੋਗ ਵਿਦਿਆ ਪ੍ਰਾਪਤੀ ਲਈ ਕਿਸੇ ਸਿੱਧ ਯੋਗੀ ਦੀ ਖੋਜ ਵਿਚ ਰਿਸ਼ੀਕੇਸ਼, ਬਦਰੀਨਾਥ, ਗੋਮੁਖ ਹੁੰਦਿਆਂ ਹੋਇਆਂ ਕੈਲਾਸ਼ ਪਰਬਤ ਦੀ ਜਿਹੜੀ ਮਨੋਰਮ ਤਸਵੀਰ ਰੇਖਾਂਕਤ ਕੀਤੀ ਸੀ, ਉਹ ਅਧੂਰੀ ਚਾਹਤ ਬਣ ਮੇਰੇ ਅਵਚੇਤਨ ਮਨ ਵਿੱਚ ਬੈਠੀ ਸੀ। ਮੇਰੇ ਪਰਮ ਸੁਨੇਹੀ ਸ੍ਰੀ ਸੰਜੀਵ ਤਿਵਾੜੀ (ਡਾਇਰੈਕਟਰ, ਪਬਲਿਕ ਰਿਲੇਸ਼ਨ, ਪੰਜਾਬ ਯੂਨੀਵਰਸਿਟੀ) ਨੇ ਆਪਣੀ ਇਕ ਅਭੁੱਲ ਯਾਤਰਾ ਦੇ ਸਿਲਸਿਲੇ ਵਿਚ ਜਦੋਂ ਕਿੰਨੌਰ ਦੀ ਕੁਦਰਤੀ ਖੂਬਸੂਰਤੀ ਬਿਆਨ ਕੀਤੀ ਤਾਂ ਅੰਦਰ ਦੱਬੀ ਹੋਈ ਉਹੀ ਅਧੂਰੀ ਚਾਹਤ ਫਿਰ ਉਠ ਖਲੋਤੀ। ਮਿੱਤਰ ਪਿਆਰੇ ਸਲੂਜਾ ਨਾਲ ਖਿਆਲ ਸਾਂਝੇ ਕੀਤੇ ਤਾਂ ਉਧਰੋਂ ਵੀ ਇਸ ਦੁਰਗਮ ਯਾਤਰਾ ਦੀ ਤਾਂਘ ਉਠ ਖ਼ਲੋਤੀ।

ਸਾਡੇ ਅਜ਼ੀਜ਼ਾਂ, ਸ੍ਰੀ ਪ੍ਰਤਾਪ ਸਿੰਘ ਨੇਗੀ, (ਮੈਨਜਰ, ਓਰੀਐਂਟਲ ਇੰਸ਼ੋਰੈਂਸ, ਸ਼ਿਮਲਾ) ਨੇ ਡੀ.ਸੀ. ਸ਼ਿਮਲਾ ਦੇ ਸਹਿਯੋਗ ਨਾਲ ਯਾਤਰਾ ਦੇ ਦਰਮਿਆਨ ਹਰ ਪੜਾਅ ਤੇ ਆਵਾਸ ਅਤੇ ਭੋਜਨ ਦਾ ਪ੍ਰਬੰਧ ਸਰਕਾਰੀ ਪੱਧਰ ਤੇ ਕਰਨ ਦਾ ਜ਼ਿੰਮਾ ਲਿਆ ਅਤੇ ਇਸ ਤਰਾਂ ਸਾਡੀ ਯੋਜਨਾ ਪਰਵਾਨ ਚੜ੍ਹੀ। ਮੇਰੇ ਅਤੇ ਸਲੂਜਾ ਦੇ ਨਾਲ ਸਾਡੀਆਂ ਦੋਨਾਂ ਦੀਆਂ ਸਿੰਘਣੀਆਂ ਇੰਦਰਜੀਤ ਅਤੇ ਰਵਿੰਦਰ ਵੀ ਨਾਲ ਸਨ।

੧੮ ਸਿਤੰਬਰ, ਬਾਦ ਦੁਪਹਿਰ ੨ ਵਜੇ ਚੰਡੀਗੜ ਤੋਂ ਚਲ ਕੇ ਸ਼ਾਮ ੪ ਵਜੇ ਕਾਰ ਰਾਹੀਂ ਸ਼ਿਮਲਾ ਪੁੱਜੇ। ਮੁੱਖ ਮੰਤਰੀ ਹਿਮਾਚਲ ਦੀ ਕੋਠੀ ਦੇ ਨਾਲ ਨਾਥਪਾ ਝਾਖੜੀ ਹਾਈਡ੍ਰੋ ਪ੍ਰੋਜੈਕਟ ਦੇ, ਵੀ.ਆਈ.ਪੀ. ਗੈਸਟ ਹਾਊਸ ਵਿਚ ਸਾਡੇ ਲਈ ਦੋ ਸੂਟ ਬੁੱਕ ਸਨ। ਸਾਡੇ ਮੋਬਾਈਲ ਫੋਨ ਤੇ ਸੰਪਰਕ ਕਰਕੇ ਨੇਗੀ ਜੀ ਨੇ ਅਗੋਂ ਆ ਕੇ ਸਾਨੂੰ ਜੀ ਆਇਆਂ ਆਖਿਆ ਅਤੇ ਅਗਵਾਨੀ ਕਰਕੇ ਸਾਨੂੰ ਗੈਸਟ ਹਾਊਸ ਤਕ ਲੈ ਕੇ ਗਏ। ਸਾਡੀ ਰੁਚੀ ਅਨੁਸਾਰ ਸ਼ੁੱਧ ਸ਼ਾਕਾਹਾਰੀ ਖਾਣਾ ਅਤੇ ਠਹਿਰਣ ਦਾ ਐਸਾ ਸੋਹਣਾ ਪ੍ਰਬੰਧ ਵੇਖ ਅਸੀਂ ਨੇਗੀ ਦੇ ਕਇਲ ਹੋ ਗਏ।

੧੯ ਸਿਤੰਬਰ, ਸਵੇਰੇ ੮ ਵਜੇ ਸ਼ਿਮਲੇ ਤੋਂ ਝਾਖੜੀ ਲਈ ਤੁਰੇ। ਕੁਫਰੀ, ਨਿਯੋਗ, ਨਾਰਕੰਡਾ ਹੁੰਦੇ ਹੋਏ ਤਕਰੀਬਨ ਤਿੰਨ ਘੰਟਿਆਂ ਦੀ ਡ੍ਰਾਈਵ ਤੋਂ ਬਾਦ ਪੰਜਾਬੀ ਲੋਕ ਗੀਤਾਂ ਵਿਚ ਰੁਮਕ-ਰੁਮਕ ਵਗਦੇ ਸਤਿਲੁਜ ਨੂੰ ਨਿਹਾਰ ਰੋਮਾਂਚਤ ਹੋ ਗਏ। ਇਸੇ ਸਤਿਲੁਜ ਦੇ ਪਾਣੀਆਂ ਵਿਚ ਅਫਜ਼ਲ ਤੋਸੀਫ਼ (ਹੁਣ ਪਾਕਿਸਤਾਨ ਵਿਚ) ਨੇ ਆਪਣੀਆਂ ਕਹਾਣੀਆਂ ਦੇ ਕਿਰਦਾਰ ਲੱਭੇ। ਸਤਿਲੁਜ ਦੇ ਇਕ ਕੰਡੇ ਤੇ ਪਿਉਕੇ ਅਤੇ ਦੂਜੇ ਕੰਡੇ ਤੇ ਸਹੁਰਾ ਪਿੰਡ ਹੋਣ ਕਰਕੇ ਬੇੜੀ ਰਾਹੀਂ ਲੰਘਦੇ ਟੱਪਦੇ, ਇਸੇ ਦਰਿਆ ਦੀ ਹਿੱਕ ਤੇ ਆਪਣੀ ਕਲਮ ਨਾਲ ਮਨੁੱਖੀ ਸਮਾਜ ਦੇ ਕਈ ਦੁਖੀ ਦਿਲਾਂ ਦੀ ਦਾਸਤਾਂ ਨੂੰ ਕਹਾਣੀ ਰੂਪ ਵਿਚ ਉਕੇਰਿਆ। ਪਤਵਾਰ ਚਲੌਂਦੇ ਹੋਇ ਮਲਾਹ ਦੀ ਛਪ-ਛਪ ਦੀ ਲੈਅ ਵਿਚ ਹੱਥ ਦੀ ਬੁੱਕ ਨਾਲ ਸਤਿਲੁਜ ਦੇ ਪਾਣੀਆਂ ਨੂੰ ਉਛਾਲਦੀ ਬੇੜੀ ਕੰਢੇ ਬੈਠੀ ਅਫਜ਼ਲ ਤੋਸੀਫ਼ ਗਾਉਂਦੀ–

ਸਤਿਲੁਜ ਮੇਰਾ ਪਿਓਕਾ-ਸਹੁਰਾ, ਸਤਿਲੁਜ ਮੇਰੀ ਜਿੰਦ
ਸਤਿਲੁਜ ਮੇਰੀ ਸਕੀ-ਸਹੇਲੀ, ਸਤਿਲੁਜ ਸ਼ਾਣ-ਏ-ਹਿੰਦ॥

ਵੱਲ ਖਾਂਦੀ ਕਿਸੇ ਮੁਟਿਆਰ ਵਾਂਗ ਪਹਾੜਾਂ ਦੀਆਂ ਘੁਮਾਨਦਾਰ ਸੜਕਾਂ ਤੇ ਸਾਡੀ ਕਾਰ ਰਫਤਾ-ਰਫਤਾ ਰਿੜ੍ਹੀ ਜਾ ਰਹੀ ਸੀ। ਕਈ ਚੜ੍ਹਾਈਆਂ-ਉਤਰਾਈਆਂ ਤੋਂ ਬਾਦ ਰਾਮਪੁਰ ਬੁਸ਼ਹਿਰ ਹੁੰਦੇ ਹੋਇ ਝਾਖੜੀ ਪੁੱਜਦੇ ੩ ਵੱਜ ਚੁਕੇ ਸਨ। ਸ਼ਿਮਲੇ ਸ੍ਰੀ ਨੇਗੀ ਦੇ ਦਿੱਤੇ ਹੋਇ 'ਯਾਤਰਾ ਵਿਵਰਣ' ਤੇ ਨਜ਼ਰ ਮਾਰੀ..... ਇਥੇ ਪ੍ਰੋਜੈਕਟ ਕਾਲੋਨੀ ਓਪਰ ਪਹਾੜੀ ਦੀ ਸਿਖਰ ਤੇ ਬਣੇ ਹੋਇ ਈ.ਆਈ.ਸੀ ਗੈਸਟ ਹਾਊਸ ਵਿਚ ਠਹਿਰਨ ਦਾ ਪ੍ਰਬੰਧ ਸੀ। ਰਿਸੈਪਸ਼ਨ ਤੇ ਦਸਿਆ ਗਿਆ ਕਿ

ਪ੍ਰੋਜੈਕਟ ਮੈਨਜਰ ਸ੍ਰੀ ਪਰਵੀਨ ਨੇਗੀ ਦੇ ਤੁਹਾਡੇ ਲਈ ਦੋ ਫੋਨ ਆ ਚੁੱਕੇ ਹਨ। ਖਾਣਾ ਖਾ ਕੇ, ਇਕ ਘੰਟਾ ਆਰਾਮ ਤੋਂ ਬਾਦ ਸ਼ਾਮ ੫ ਵਜੇ ਪ੍ਰੋਜੈਕਟ ਦੀ ਜੀਪ ਤੁਹਾਨੂੰ ਲੈਣ ਆਇਗੀ, ਅੰਡਰਗਰਾਊਂਡ, ਕਈ ਮੀਲਾਂ ਵਿਚ ਫੈਲੇ ਹਾਈਡ੍ਰੋ ਪ੍ਰੋਜੈਕਟ ਨੂੰ ਵੇਖਣ ਲਈ ਪ੍ਰਵੀਨ ਨੇਗੀ ਨੇ ਬੜੀ ਸ਼ਾਲੀਨਤਾ ਨਾਲ ਕਿਹਾ— ਇਥੋਂ ੨੭ ਕਿਲੋਮੀਟਰ ਦੂਰ ਅਤੇ ਸਮੁੰਦਰੀ ਸਤਹ ਤੋਂ ਦਸ ਹਜ਼ਾਰ ਫੁਟ ਉਚੇ ਸਥਾਨ ਨਾਥਪਾ ਤੋਂ ਸਤਿਲੁਜ ਨੂੰ ਪਹਾੜ ਦੇ ਅੰਦਰ ਸੁਰੰਗ ਬਣਾ ਕੇ ਮੋੜਿਆ ਗਿਆ। ਪਹਾੜਾਂ ਦੇ ਅੰਦਰੋਂ ਹੀ ਥੱਲੇ ਢਾਲ ਨੂੰ ਦੌੜਦੀ ਸਤਿਲੁਜ ਝਾਖੜੀ ਦੇ ਟਰਬਾਈਨਾਂ ਤੇ ਟੱਕਰ ਮਾਰ ਰਹੀ ਹੈ, ਜਿਸ ਨਾਲ ਲੱਗੇ ਸ਼ਾਫਟ ਤੇਜ਼ੀ ਨਾਲ ਚੱਕਰ ਕੱਟਦੇ ਹਨ ਅਤੇ ਇਸ ਘਰਸ਼ਣ ਤੋਂ ਬਿਜਲੀ ਪੈਦਾ ਹੁੰਦੀ ਹੈ। ਨਾਥਪਾ-ਝਾਖੜੀ ਹਾਈਡ੍ਰੋ ਪ੍ਰੋਜੈਕਟ ਆਪਣੀ ਇਕੱਲੀ ਯੂਨਿਟ ਚੋਂ ੧੫੦੦ ਮੈਗਾਵਾਟ ਬਿਜਲੀ ਉਤਪਾਦਨ ਰੋਜ਼ਾਨਾ ਕਰਨ ਵ੍ਹਾਲਾ ਅਤੇ ੨੭ ਕਿ. ਮੀਟਰ ਲੰਬੀ ਸੁਰੰਗ ਵਾਲਾ, ਹਿੰਦੁਸਤਾਨ ਦਾ ਸਭ ਤੋਂ ਵੱਡਾ ਪ੍ਰਾਜੈਕਟ ਹੈ। ੯ ਕਰੋੜ ਰੁਪਏ ਦੀ ਰੋਜ਼ਾਨਾ ਬਿਜਲੀ ਵੇਚਣ ਵਾਲਾ ਇਹ ਪ੍ਰੋਜੈਕਟ ਸਮਝੌਤੇ ਅਨੁਸਾਰ ੧੨% ਬਿਜਲੀ ਹਿਮਾਚਲ ਪ੍ਰਦੇਸ਼ ਨੂੰ ਬਤੌਰ ਰਾਇਲਟੀ ਮੁਫਤ ਦੇਣ ਤੋਂ ਬਾਦ, ਬਾਕੀ ਦਾ ੮੮% ਉਤਪਾਦਨ ਚੰਡੀਗੜ੍ਹ, ਪੰਜਾਬ ਅਤੇ ਹਰਿਆਣ ਨੂੰ ਭੇਜਦਾ ਹੈ।

ਅਗਲੇ ਦਿਨ ਸਵੇਰੇ ਅਸੀਂ ਬਹੁਤ ਬਿਖੜੇ ਮਾਰਗ ਤੇ ਚੱਲਣਾ ਸੀ। ਸਾਂਗਲਾ, ਇਕ ਪਾਸੇ ਸੁਮੇਰ ਪਰਬਤ ਅਤੇ ਦੂਜੇ ਪਾਸੇ ਬ੍ਰਹਮ ਪਰਬਤ ਦੀ ਬਿਖਮ ਘਾਟੀ ਵਿਚ ਵਸਿਆ ਹੋਇਆ ਸ਼ਹਿਰ ਹੈ। ਝਾਖੜੀ ਦੇ ਪ੍ਰੋਜੈਕਟ ਮੈਨਜਰ ਸ੍ਰੀ ਪ੍ਰਵੀਨ ਨੇਗੀ ਨੇ ਸਾਂਗਲਾ ਦੇ ਬਿਖਮ ਭੂਗੋਲ ਦੀ ਜਾਣਕਾਰੀ ਦੇ ਨਾਲ-ਨਾਲ ਇਸ ਅਤਿ ਦੇ ਦੁਰਗਮ ਮਾਰਗ ਤੇ ਬਹੁਤ ਸੁਚੇਤ ਡ੍ਰਾਇਵਿੰਗ ਦੀ ਲੋੜ ਦੱਸੀ।

੨੦ ਸਿਤੰਬਰ ਸਵੇਰੇ ੯ ਵਜੇ ਅਸੀਂ ਸਾਂਗਲਾ ਲਈ ਅਰਦਾਸ ਕਰ, ਤੁਰ ਪਏ। ਅਸੀਂ ਚਾਰੇ, ਅਗਲੀ ਯਾਤਰਾ ਦੀ ਕਲਪਨਾ ਤੋਂ ਰੋਮਾਂਚਤ ਸਾਂ। ਉੱਚੇ ਨੀਵੇਂ ਰਸਤਿਆਂ ਤੇ ਹਿਚਕੋਲੇ ਖਾਂਦੇ ਅਤੇ ਬਿਨਾਂ ਪਿੱਲਰ, ਲੱਕੜ ਦੇ ਪੁਰਾਣੇ ਪੁਲਾਂ ਤੋਂ ਲੰਘਦੇ ਜਦੋਂ ਅਸੀਂ "ਕਰਛਮ" ਤੋਂ ਸੱਜੇ ਮੁੜੇ ਤਾਂ ਅਗਲਾ ਰਾਹ ਅੱਧਾ ਕਿਲੋਮੀਟਰ ਤੋਂ ਬਾਦ ਹੀ ਆਪਣੀ ਦੁਰਗਮਤਾ ਦਾ ਪ੍ਰੀਚੈ ਦੇਣ ਲੱਗਾ। ਲਗਾਤਾਰ ਚੜ੍ਹਾਈ ਅਤੇ ਇੱਕ ਗੱਡੀ ਦੇ ਲੰਘਣ ਯੋਗ ਰਾਹ! ਸੜਕ ਦੇ ਕਿਨਾਰੇ ਕੋਈ ਬਰਮ ਨਹੀਂ, ਅਵਰੋਧ ਨਹੀਂ। ਥੱਲੇ ਵੱਡੇ-ਵੱਡੇ ਪੱਥਰਾਂ ਚੋਂ ਵਗਦੀ ਬਸਪਾ ਨਦੀ। ਜਿਉਂ-ਜਿਉਂ ਅਸੀਂ ਉਪਰ ਚੜ੍ਹੇ ਜਾ ਰਹੇ ਸਾਂ, ਥੱਲੇ ਬਸਪਾ ਕਾਫੀ ਦੂਰ, ਗਹਿਰੀ ਘਾਟੀ ਵਿਚ ਵਗਦੀ ਧਾਰਾ ਵਾਂਗ ਦਿਸ ਰਹੀ ਸੀ। ਖੱਬੇ ਹੱਥ ਉੱਚੇ-ਉੱਚੇ ਪਹਾੜ, ਸੱਜੇ ਹੱਥ ਚਾਰ ਹਜ਼ਾਰ ਕੁ ਫੁੱਟ ਗਹਿਰੀ ਘਾਟੀ ਅਤੇ ਘਾਟੀ ਵਿਚ ਵੱਡੀਆਂ-ਵੱਡੀਆਂ ਪਥਰੀਲੀਆਂ ਚੱਟਾਨਾਂ..... ਸ਼ਾਇਦ ਹਜ਼ਾਰਾਂ ਸਾਲ ਪਹਿਲਾਂ ਕਿਸੇ ਭਿਆਨਕ ਜ਼ਲਜ਼ਲੇ ਨੇ ਗਰਵ ਨਾਲ ਖੜੋਤੇ ਪਹਾੜਾਂ ਦੇ ਅਭਿਮਾਨ ਨੂੰ ਤੋੜ ਕੇ ਇਸ ਗਹਿਰੀ ਘਾਟੀ ਵਿਚ ਭਰ ਦਿੱਤਾ ਹੋਵੇ। ਪ੍ਰਵੀਨ ਨੇਗੀ ਦੀ ਨਸੀਹਤ ਯਾਦ ਆਈ, "ਸਾਂਗਲਾ ਚਲਤੇ ਸਮੇਂ ਡ੍ਰਾਈਵਰ ਕੀ ਨਜ਼ਰ ਸਿਰਫ ਸੜਕ ਪਰ ਹੋਣੀ ਚਾਹੀਏ..... ਬਿਨਾ ਬਰਮ ਕੀ ਬਣੀ ਹੋਈ ਸੰਕਰੀ ਸੜਕ... ਜ਼ਰਾ ਸੀ ਚੂਕ ਨਾਮੋਨਿਸ਼ਾਂ ਮਿਟਾ ਦੇਤੀ ਹੈ।" ਹਰ ਮਿੰਟ ਤੇ ਇਕ ਅੰਨ੍ਹਾ ਮੋੜ ਇੱਕਲੀ ਗੱਡੀ ਦਾ ਰਾਹ। ਪਰ ਸਾਡਾ ਉਹ ਸਫਰ ਸੁਹਾਵਣਾ ਸੀ। ਭੈਅ ਨਾਲ ਬੋਝਲ ਨਹੀਂ ਹੋਇਆ। ਹੌਰਨ ਨੂੰ ਹਾਰਮੋਨੀਅਮ ਵਾਂਗ ਵਰਤਦੇ ਸ਼ਬਦ ਦੀ ਲੋਅ ਤੇ ਝੂਮਦੇ ਰਫਤਾ-ਰਫਤਾ ਅੱਗੇ ਵਧੀ ਗਏ। ਕਰਛਮ ਤੋਂ ਸਾਂਗਲਾ.... ੧੮ ਕਿਲੋਮੀਟਰ ਅਤਿ ਜੋਖਿਮਪੂਰਨ ਸਫਰ ਦਸਿਆ ਗਿਆ ਸੀ। ਡੇਢ ਘੰਟਾ ਹੋ ਚੁਕਿਆ ਸੀ। ਕਰਛਮ ਤੋਂ ਇਸ ਪਾਸੇ ਨੂੰ ਤੁਰਿਆਂ ਤੇ ਅੱਗੇ ਮੀਲ ਪੱਥਰ ਤੇ ਨਿਗਾਹ ਗਈ— ਸਾਂਗਲਾ- 6.ਕਿ.ਮੀ.। ਚਾਰ ਕਿਲੋਮੀਟਰ ਹੋਰ ਚੱਲਣ ਤੋਂ ਬਾਦ, ਥੱਲੇ ਕਿਤੇ ਗਹਿਰੇ ਵਿੱਚ ਦੱਬੀ ਹੋਈ ਅਦਿੱਖ ਘਾਟੀ ਦੀ ਸਤਿਹ ਉਪਰ ਉੱਠਣੀ ਸ਼ੁਰੂ ਹੋ ਗਈ। ਥੋੜ੍ਹੀ ਦੇਰ ਬਾਦ ਬਸਪਾ ਦਾ ਕੰਢਾ ਦੂਰ ਹੋ ਗਿਆ..... ਸੇਆਂ, ਨਾਸ਼ਪਾਤੀਆਂ ਦੇ ਲੱਦੇ ਹੋਇ ਬਾਗਾਂ ਦੀ ਮੁਸਕੁਰੌਂਦੀ ਹਰਿਆਵਲ ਨੇ ਸਾਡਾ ਸੁਆਗਤ ਕੀਤਾ। ਅੱਗੇ ਸੱਜੇ ਹੱਥ ਮੀਲਾਂ ਵਿਚ ਫੈਲਿਆ "ਜੇ.ਪੀ. ਹਾਈਡ੍ਰੋ ਪ੍ਰੋਜੈਕਟ" ਦਿਸਿਆ। ਸਾਡੀ ਸੜਕ ਤੋਂ ੫੦ ਕੁ ਫੁੱਟ ਥੱਲੇ, ਵੱਡੇ ਜਿਹੇ ਗੇਟ ਦੇ ਬਾਹਰ ਪਹਿਰੇ ਤੇ ਮੁਸਤੈਦ ਬੰਦੂਕਧਾਰੀ ਗਾਰਡ ਨਾਲ ਹੀ ਸਿਕਉਰੀਟੀ ਅਫਸਰ ਦੇ ਦੋ ਕੈਬਿਨ... ਪੁੱਛ ਗਿੱਛ ਦਫਤਰ। ਅੰਦਰ ਬਸਪਾ ਨਦੀ ਦਾ ਵਿਸ਼ਾਲ ਬੰਨ੍ਹ... ਕੁਝ ਇਮਾਰਤਾਂ... ਸੋਹਣੀਆਂ ਚਮਕੀਲੀਆਂ ਸੜਕਾਂ ਅਤੇ ਉਨ੍ਹਾਂ ਦੇ ਵਿਚ ਉੱਚੀਆਂ ਦੀਵਾਰਾਂ ਵਿੱਚੋਂ ਨਹਿਰ ਵਾਂਗ ਵੱਗਦੀ ਬਸਪਾ ਨਦੀ ਸਾਮ੍ਹਨੇ ਪਹਾੜੀ ਗੁਫਾ ਵਿਚ ਇਓਂ ਵੜੀ ਜਾ ਰਹੀ ਸੀ, ਜਿਵੇਂ ਭਾਰੀ ਭਰਕਮ ਅਜਗਰ ਜਾ ਐਨਾਕੌਂਡਾ ਨਿਡਰ ਨਿਧੜਕ ਆਪਣੀ ਮਾਂਦ ਵਿਚ ਵੜਿਆ ਜਾ ਰਿਹਾ ਹੋਵੇ। ਇਸ ਪ੍ਰੋਜੈਕਟ ਤੋਂ ਅੱਗੇ ਲੱਕੜ ਦੇ ਇਕ ਭੀੜੇ ਜਿਹੇ ਪੁੱਲ ਤੋਂ ਅੱਗੇ ਛੋਟੇ ਜਿਹੇ ਕਸਬਈ ਬਜ਼ਾਰ ਚੋਂ ਲੰਘੇ ਅਸੀਂ ਇਲੈਕਟਰੀਸਿਟੀ ਬੋਰਡ ਦੇ ਗੈਸਟ ਹਾਊਸ ਪੁੱਜੇ। ਦੂਰ-ਦੂਰ ਤਕ ਚਾਰਦੀਵਾਰੀ ਦੇ ਵਿੱਚ ਸੇਆਂ ਦੇ ਦਰਖਤਾਂ, ਰੰਗ ਬਿਰੰਗੇ ਫੁੱਲ-ਪੌਦਿਆਂ ਅਤੇ ਹਰੇ ਭਰੇ ਲਾਅਨ ਵਾਲੇ ਇਸ ਗੈਸਟ ਹਾਊਸ ਵਿਚ ਸਾਡੇ ਲਈ ਦੋ ਸੂਟ ਸੁਰਖਿਅਤ ਸਨ। ਖਾਣੇ ਤੋਂ ਬਾਦ ਥੋਹੜੀ ਦੇਰ ਅਰਾਮ ਕਰਕੇ ਬਾਹਰ ਲਾਅਨ ਵਿਚ ਡੱਠੀਆਂ ਕੁਰਸੀਆਂ ਵੱਲ ਨਜ਼ਰ ਗਈ। ਕੁਰਸੀ ਤੇ ਬੈਠਦਿਆਂ ਸਾਹਮਣੇ ਸੁਮੇਰ ਪਰਬਤ ਦੀਆਂ

ਬਰਫੀਲੀਆਂ ਚੋਟੀਆਂ ਅੱਖਾਂ ਵਿਚ ਚਮਕ ਉਠੀਆਂ। ਅਸਤਾਂਚਲ ਵਿਚ ਜਾਂਦੇ ਸੂਰਜ ਦੀਆਂ ਸੋਨੇ ਰੰਗੀ ਕਿਰਨਾਂ ਨੇ ਆਪਣੀ ਤਿਰਛੀਆਂ ਨਜ਼ਰਾਂ ਨਾਲ ਬਰਫ ਢੱਕੇ ਸੁਮੇਰੀ ਸ੍ਰਿਖਲਾ ਨੂੰ ਲਿਸ਼ਕਾ ਦਿੱਤਾ ਸੀ। ਉਫ! ਕੁਦਰਤ ਦਾ ਅਦੁਤੀ ਨਜ਼ਾਰਾ.... ਇਤਨਾ ਸੁੰਦਰ.... ਇਤਨਾ ਹਸੀਨ ਸ਼ਾਇਦ ਕੁਝ ਹੋਰ ਨਹੀਂ ਹੋ ਸਕਦਾ। ਨੇਤਰ ਸੰਮੋਹਿਤ ਜਿਹੇ ਹਿਮ-ਚੋਟੀਆਂ ਤੇ ਟਿਕੇ ਸਨ। ਇਸ ਨਜ਼ਾਰੇ ਨੂੰ ਕੈਦ ਕਰਨ ਲਈ ਪਲਕਾਂ ਦੇ ਕਿਵਾੜ ਬੰਦ ਕਰ ਲਏ.... ਵਿਸਮਾਦ..... ਵਿਸਮਾਦ! ਹੁਣ ਤਕ ਮੇਰੇ ਸਾਥੀ ਸਲੂਜਾ ਜੀ-ਰਵਿੰਦਰ ਅਤੇ ਇੰਦਰਜੀਤ ਵੀ ਇਕ-ਇਕ ਕੁਰਸੀ ਤੇ ਆ ਟਿਕੇ ਸਨ ਤੇ ਮੇਰੇ ਇਸ ਪਰਮ ਅਨੰਦੀ ਨਜ਼ਾਰੇ ਨੂੰ ਨਿਹਾਰ ਰਹੇ ਸਨ। ਅਚਾਨਕ ਮੇਰੀਆਂ ਅੱਖਾਂ ਵਿਚ ਆ ਗਏ ਗੁਲਾਬੀ ਰੇਸ਼ਿਆਂ ਵਲ ਵੇਖ, ਕਿਸੇ ਅਣਜਾਣ ਰਹਸ ਦੀ ਟੋਹ ਲੈਂਦਿਆਂ ਸਲੂਜਾ ਨੇ ਪੁਛਿਆ, "ਕੋਈ ਵਿਸ਼ੇਸ਼ ਚੀਜ਼ ਦਿੱਸੀ ਏ ?" ਜਵਾਬ ਵਿੱਚ ਮੈਂ ਹੱਥ ਚੁੱਕ ਉਂਗਲ ਦੇ ਇਸ਼ਾਰੇ ਨਾਲ ਕਿਹਾ, "ਉਹ ਵੇਖੋ, ਇਸ ਸੁਮੇਰ ਪਰਬਤ ਸ੍ਰਿਖਲਾ ਦਾ ਉਹ ਹਿੱਸਾ.... ਉਨਾਂ ਦੋ ਵੱਡੇ ਪਹਾੜਾਂ ਦੇ ਵਿਚਾਲੇ ਦਾ ਖੱਪਾ। ਲਛਮਣ ਨੂੰ ਮੇਘਨਾਥ ਦਾ ਸ਼ਕਤੀਬਾਣ ਲੱਗਣ ਤੋਂ ਬਾਦ ਭਗਵਾਨ ਸ੍ਰੀ ਰਾਮ ਦੀ ਆਗਿਆ ਨਾਲ ਹਨੂਮਾਨ ਜੀ ਸ਼ਾਇਦ ਇਥੋਂ ਹੀ ਜੜੀਆਂ ਬੂਟੀਆਂ ਭਰੇ ਪਹਾੜ ਨੂੰ ਚੁੱਕ ਲੈ ਗਏ ਸਨ।" ਰੋਜ਼ਾਨਾ ਦੀ ਤਰ੍ਹਾਂ, ਅਜ ਦੀ ਧਰਮ ਚਰਚਾ ਵਿਚ ਤ੍ਰੇਤਾ ਯੁੱਗ ਦਾ ਲੱਛਮਣ ਮੂਰਛਾ ਏਪੀਸੋਡ ਹੀ ਛਾਇਆ ਰਿਹਾ।

੨੧-੧੦-੨੦੦੪ ਸਵੇਰੇ ਸਾਢੇ ਨੌਂ ਵਜੇ ਤਕ ਸਾਡੀ ਗੱਡੀ ਹਿੰਦੁਸਤਾਨ ਦੇ ਤਿੱਬਤ (ਹੁਣ ਚੀਨ ਅਧੀਨ) ਲਗਦੇ ਅਖੀਰਲੇ ਪਿੰਡ "ਛਿਤਕੂਲ" ਦੇ ਅਤਿ ਸੰਕਰੇ (ਭੀੜੇ) ਅਤੇ ਜੋਖਮਪੂਰਨ ਪਹਾੜੀ ਰਾਹ ਤੇ ਦੌੜ ਰਹੀ ਸੀ। ਤਕਰੀਬਨ ੨੦ ਕਿਲੋਮੀਟਰ ਦੀ ਯਾਤਰਾ ਤੋਂ ਬਾਦ ਫੌਜੀ ਕੈਂਪ ਦੂਰ-ਦੂਰ ਤਕ ਫੈਲਿਆ ਦਿੱਸਿਆ। ਕੁਝ ਇਟਾਂ ਦੀਆਂ ਦੀਵਾਰਾਂ ਤੇ ਸੀਮੈਂਟ ਦੀਆਂ ਚਾਦਰਾਂ ਵਾਲੇ, ਕੁਝ ਕਨਾਤਾਂ ਦੇ ਅੰਦਰ ਤਰਤੀਬ ਨਾਲ ਬਣੀਆਂ ਹੋਈਆਂ ਤਿਰਪਾਲੀ ਤਮੋਟੀਆਂ। ਅੰਦਰ ਮੁਸ਼ੱਕਤ ਨਾਲ ਪੱਧਰੀ ਕੀਤੀ ਜ਼ਮੀਨ ਵਿਚ ਹਰੀਤਿਮਾਂ ਖਲੇਰਦਾ ਛੋਟਾ ਪਰ ਸੋਹਣਾ ਪਾਰਕ ਅਤੇ ਇਨਾਂ ਸਾਰਿਆਂ ਦੁਆਲੇ ਆਉਂਦੇ ਜਾਂਦੇ ਭਾਰਤੀ ਜਵਾਨ! ਇਹ ਇਸ ਪਾਸੇ ਦੀ ਅਖੀਰਲੀ ਫੌਜੀ ਛਾਵਣੀ ਸੀ। ਇਸ ਤੋਂ ਅੱਗੇ ਭਾਰਤ ਤਿੱਬਤ ਸੀਮਾਂ ਪੁਲਿਸ I.T.B.P ਦਾ ਕਾਰਜ ਖੇਤਰ ਸੀ। ਛਿਤਕੂਲ ਪੁੱਜੇ ਤਾਂ ਇਕ ਵੱਜ ਚੁਕਿਆ ਸੀ। I.T.B.P ਵੱਲੋਂ ਜਵਾਨ ਸਰਦਾਰਾ ਸਿੰਘ ਨੇ ਸਾਨੂੰ ਜੀ ਆਇਆਂ ਨੂੰ ਆਖਿਆ ਤੇ ਆਦਰ ਸਹਿਤ ਜਲ-ਪਾਣੀ ਛੱਕਣ ਲਈ ਕੈਂਪ ਅੰਦਰ ਲੈ ਗਏ। ਜਲ-ਪਾਨ ਦੇ ਦਰਮਿਆਨ ਉਨ੍ਹਾਂ ਨੇ ਸਾਡੇ ਮੁਲਕ ਦੇ ਮਜ਼ਬੂਤ ਸੁਰੱਖਿਆ ਪ੍ਰਬੰਧ ਬਾਬਤ ਦਸਿਆ। "ਇਥੋਂ ਅੱਗੇ ਕੋਈ ਰਾਸਤਾ ਨਹੀਂ....... ਕੋਈ ਮਨੁੱਖੀ ਬਸਤੀ ਨਹੀਂ। ਇਹ ਤਿੰਨ ਪਾਸਿਓਂ ਘਿਰੇ ਪਹਾੜਾਂ ਤੇ ਘੋੜਿਆਂ-ਖੱਚਰਾਂ ਰਾਹੀਂ ੪੭ ਕਿਲੋਮੀਟਰ ਉਪਰ, ਅਸੀਂ ਆਪਣੇ ਸੈਨਿਕ ਸ਼ਿਵਰ ਤਕ ਵਾਇਰਲੈਸ ਅਤੇ ਹੋਰ ਆਧੁਨਿਕ ਸੰਚਾਰ ਸਾਧਨਾਂ ਰਾਹੀਂ ਹਰ ਪਲ ਸੰਪਰਕ ਰੱਖਦੇ ਹਾਂ ਅਤੇ ਪਲ ਪਲ ਦੂਸਰੇ ਇਲਾਕੇ ਵਿਚ ਪੱਤਿਆਂ ਦੀ ਸਰਸਰਾਹਟ ਤੱਕ ਦੀ ਖਬਰ ਹਰ ਖਿਣ ਆਪਣੀ ਪਿਛਲੀ ਸੈਨਿਕ ਛਾਵਣੀ ਤਕ ਭੇਜਦੇ ਰਹਿੰਦੇ ਹਾਂ। ਕੈਂਪ ਤੋਂ ਬਾਹਰ ਨਿਕਲੇ ਤਾਂ ਸਾਮ੍ਹਣੇ ਲੱਗੇ ਇਕ ਬੋਰਡ ਤੇ ਨਜ਼ਰ ਪਈ– "ਛਿਤਕੂਲ ਜਨਸੰਖਿਆ ੫੩੨ ਉਚਾਈ ੧੫ ਹਜ਼ਾਰ ਫੁਟ।" ਕੈਂਪ ਦੇ ਨਾਲੋਂ ਹੀ ਪਹਾੜ ਦੀ ਚੜ੍ਹਾਈ ਸ਼ੁਰੂ ਹੋ ਜਾਂਦੀ ਹੈ। ਅੱਗੇ ਪਹਾੜ ਦੀ ਚੜਾਈ ਉਤਰਾਈ...... ਫਿਰ ਪਹਾੜ...... ਫਿਰ ਪਹਾੜ। ਸਰਦਾਰਾ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੱਸਿਆ, ਇੰਜ ਦੇ ਕਈ ਪਹਾੜ ਟੱਪ ਕੇ ੧੦ ਕਿਲੋਮੀਟਰ ਤੇ ਪਹਿਲੀ....... ਅਗੇ ੨੭ ਕਿ.ਮੀ. ਤੇ ਦੂਸਰੀ ਅਤੇ ੪੭ ਕਿ.ਮੀ. ਤੇ ਤੀਸਰੀ ਤੇ ਅੰਤਮ ਭਾਰਤੀ ਸੈਨਿਕ ਚੌਕੀ ਹੈ। ਪਹਾੜ ਦੀ ਸਭ ਤੋਂ ਵੱਡੀ ਚੋਟੀ ਤੋਂ ਪਾਵਰਫੁਲ ਆਧੁਨਿਕ ਦੂਰਬੀਨਾਂ ਨਾਲ ਇਲਾਕੇ ਵਿਚ ਦੂਰ-ਦੂਰ ਤਕ ਗਹਿਰੀ ਨਜ਼ਰ ਰਖਦੇ ਹਾਂ।" ਦੋ ਵਜ ਚੁਕੇ ਸਨ। ਤੇਜ਼ ਠੰਢੀ ਹਵਾ ਸਾਡੇ ਹੱਡਾਂ ਵਿਚ ਵੜ ਰਹੀ ਸੀ। ਪੀ.ਡਬਲਯੂ.ਡੀ. ਗੈਸਟ ਹਾਊਸ ਦੇ ਕਮਰਿਆਂ ਵਿਚ ਵੜ ਕੇ ਕੰਬਲਾਂ ਦੀ ਬੁੱਕਲ ਵਿਚ ਬੈਠੇ ਤਾਂ ਜਾਨ ਵਿਚ ਜਾਨ ਆਈ। ਚੌਕੀਦਾਰ ਨੇ ਗਰਮ-ਗਰਮ ਖਾਣਾ ਬੜੇ ਪ੍ਰੇਮ ਨਾਲ ਖੁਆਇਆ। ਇਥੇ ਤਾਂ ਬਹੁਤ ਠੰਢ ਹੈ, ਸਲੂਜਾ ਨੇ ਕਿਹਾ ਤਾਂ ਚੌਕੀਦਾਰ ਨੇ ਬੜੇ ਸਲੀਕੇ ਨਾਲ ਪਹਾੜੀ ਦਰਦ ਦਾ ਪ੍ਰਗਟਾਵਾ ਕੀਤਾ, "ਅਭੀ ਤੋ ਮੌਸਮ ਬੋਤ ਅੱਛਾ ਹੈ ਸ਼ਾ....ਬ ਜੀ, ਇਕ ਮਹੀਨੇ ਬਾਦ ਤੋਂ ਇਧਰ ਬਰਫ ਹੀ ਬਰਫ ਰਹਿਤਾ ਹੈ..... ਔਰ ਹਮ ਪਹਾੜੀ ਲੋਗ ਭੇੜ ਬਕਰੀਓਂ ਕੇ ਸਾਥ ਬਰਫ ਸੇ ਘਿਰੇ ਘਰੋਂਦੋ ਮੇ ਬਰਫੀਲੇ ਪਹਾੜੋਂ ਜੈਸੇ ਜੜ-ਜੀਵਨ ਹੋ ਜਾਤੇ ਹੈਂ।" ਲੰਬੇ ਮੂੰਹ ਤੇ ਫੀਨੀ ਨੱਕ ਵਾਲੇ, ਮੰਗੋਲੀਅਨ ਮਹਾਂਦਰੇ ਵਾਲੇ ਚੋਕੀਦਾਰ ਵਿਚ ਉਸ ਖਿਣ ਮੈਨੂੰ ਲਾਓਤਸੇ ਦਿੱਸ ਰਿਹਾ ਸੀ। ਪਹਾੜੀ ਜਨ ਜੀਵਨ ਦੀਆਂ ਦਰਦੀਲੀਆਂ ਰੇਖਾਵਾਂ, ਝੁਰੜੀਆਂ ਬਣ ਚੌਕੀਦਾਰ ਦੇ ਚਿਹਰੇ ਤੇ ਉਗ ਆਈਆਂ ਝਾੜੀਆਂ ਵਾਂਗ ਖੁਸ਼ਕ ਲਗ ਰਹੀਆਂ ਸਨ ਅਤੇ ਰੇਗੀਸਤਾਨੀ ਨਾਗਫਨੀ ਜਿਹੀਆਂ ਨੁਕੀਲੀ ਝਾੜੀਆਂ ਵਿਚ ਉਲਝਿਆ ਹੋਇਆ ਮੈਂ, ਮੈਥਲੀਸ਼ਰਣ ਗੁਪਤ ਦੀਆਂ ਪੰਕਤੀਆਂ ਤੇ ਅੰਤਰਝਾਤ ਪਾ ਰਿਹਾ ਸਾਂ–

" ਦੂਰਹਿ ਤੇ ਪਰਬਤ ਦਿਖੈ, ਵੈਸਆ ਬਦਨ ਵਿਭਾਤ
ਰਣ ਕਾ ਵਰਣਨ ਰਣ ਵਿਖੈ, ਦੂਰਹਿ ਤੇ ਦਰਸਾਤ॥"

ਪਹਾੜ, ਵੈਸ਼ਯਾ ਅਤੇ ਜੰਗ-ਦੂਰੋਂ ਹੀ ਸ਼ੋਭਦੇ ਹਨ।

ਚਿਤਕੂਲ ਤੋਂ ਵਾਪਸ ਮੁੜਦਿਆਂ ਸ਼ਾਮ ਦੇ ਛੇ ਵਜ ਚੁਕੇ ਸਨ। ਗੋਧੂਲੀ ਦੇ ਪਹਾੜੀ ਝੁਟਪੁਟੇ ਵਿਚ, ਸਾਰੇ ਦਿਨ ਦਾ ਥਕਿਆ ਸੂਰਜ, ਦੂਰ ਸੁਮੇਰ ਪਰਬਤ ਦੇ ਓਹਲੇ ਛਿਪਦਾ ਜਾ ਰਿਹਾ ਸੀ।

੨੨ ਸਿਤੰਬਰ ਸਵੇਰੇ ੮ ਵਜੇ, ਨਾਸ਼ਤੇ ਤੋਂ ਬਾਦ, ਸ਼ਿਵਲੋਕ (ਕੈਲਾਸ਼ ਪਰਬਤ) ਲਈ ਅਰਦਾਸ ਕੀਤੀ। ਇਕ ਵਾਰ ਫੇਰ ਉਹੀ ਉੱਚੇ ਪਹਾੜਾਂ, ਭੀੜੀ ਓਭੜ-ਖਾਬੜ ਸੜਕ ਅਤੇ ਗਹਿਰੀ ਪਥਰੀਲੀ ਘਾਟੀ। ਕਰਛਮ ਤੋਂ ਅੱਗੇ ਆਰਮੀ ਕੈਂਪ ਅਤੇ ਇੱਕੇ ਦੁੱਕੇ ਘਰਾਂ ਵਾਲੇ ਪਹਾੜੀ ਪਿੰਡਾਂ ਤੋਂ ਬਾਦ ਅਚਾਨਕ ਸੜਕ ਪੱਧਰੀ ਤੇ ਚੋੜੀ ਹੋ ਗਈ। ਅਗਲੇ ਮੀਲ-ਪੱਥਰ 'ਤੇ ਲਿਖਿਆ ਸੀ, "ਰਿਕਾਂਗ ਪੀਓ . ੩ ਕਿ . ਮੀ ."! ਕਿੰਨੌਰ ਜ਼ਿਲ੍ਹੇ ਦਾ ਹੈੱਡ ਕਵਾਰਟਰ ਅਤੇ ਲੇਹ-ਲੱਦਾਖ, ਕਾਜ਼ਾ, ਸਿਯਾਚੀਨ ਅਤੇ ਮਾਨਸਰੋਵਰ ਲਗਦੇ ਚੀਨ ਸੀਮਾ ਦੇ ਨੇੜੇ ਹਿੰਦੁਸਤਾਨ ਦਾ ਅਖੀਰਲਾ ਖ਼ੂਬਸੂਰਤ ਸ਼ਹਿਰ।. ਡੀ. ਸੀ. ਆਫਿਸ ਵਿਚ ਸ੍ਰੀ ਅਮਰ ਸਿੰਘ ਨੇਗੀ ਕਲਪਾ ਸਰਕਿਟ ਹਾਊਸ ਦੇ ਦੋ ਸੂਟ ਦਾ ਪਰਮਟ ਲੈ ਕੇ ਸਾਡਾ ਇੰਤਜ਼ਾਰ ਕਰ ਰਹੇ ਸਨ। ਨਿਰੰਤਰ ਉਪਰ ਨੂੰ ਚੜ੍ਹਦੀ ਹੋਈ ਕੁੰਡਲਿਨੀ ਵਾਂਗ ਘੁਮਾਵਦਾਰ ਸੜਕ ਦੇ ਦੋਵਾਂ ਪਾਸੇ ਵਸੇ ਹੋਏ ਰਿਕਾਂਗਪੀਓ ਦੇ ਰਿਹਾਇਸ਼ੀ ਇਲਾਕਿਆਂ 'ਚੋਂ ਲੰਘ ਦਸ ਕਿਲੋਮੀਟਰ ਹੋਰ ਉੱਪਰ ਪੁੱਜ ਕੇ ਪਹਾੜ ਦੇ ਸਿਖਰ 'ਤੇ ਸੜਕ ਸਮਤਲ ਹੋ ਗਈ। ਦੋਵਾਂ ਪਾਸਿਓਂ ਚੀੜ ਅਤੇ ਦੇਵਦਾਰ ਦੇ ਘਣੇ ਝੁਰਮੁਟ ਵਿਚੋਂ ਲੰਘਦੀ ਹੋਈ ਸੜਕ ਸਾਨੂੰ ਸਰਕਿਟ ਹਾਊਸ ਤੱਕ ਲੈ ਗਈ। ਵੱਡੇ ਜਿਹੇ ਗੇਟ ਦੇ ਅੰਦਰ ਦੋਵਾਂ ਪਾਸਿਓਂ ਫੁੱਲਦਾਰ ਬੂਟਿਆਂ ਅਤੇ ਖ਼ੂਬਸੂਰਤ ਲਾਨ ਦੇ ਵਿਚੋਂ ਲੰਘਦੀ ਹੋਈ ਸਾਡੀ ਕਾਰ ਮੁੱਖ ਦੁਆਰ ਦੇ ਸਾਮ੍ਹਣੇ ਰੁਕੀ ਤਾਂ ਚੌਕੀਦਾਰ ਦੌੜ ਕੇ ਅਭਿਵਾਦਨ ਦੀ ਮੁਦਰਾ ਵਿਚ ਸਲਾਮ ਕਰ ਸਾਮਾਨ ਅੰਦਰ ਲੈ ਗਿਆ। ਭੋਜਨ ਅਤੇ ਥੋੜ੍ਹਾ ਚਿਰ ਵਿਸ਼੍ਰਾਮ ਤੋਂ ਬਾਦ ਚੌਕੀਦਾਰ ਤੋਂ "ਕਿੰਨੌਰ ਕੈਲਾਸ਼ ਬਾਬਤ ਪੁੱਛਿਆ ਤਾਂ ਉਹ ਕਿਸੇ ਸ਼ਰਧਾਲੂ ਪੁਜਾਰੀ ਦੀ ਮੁਦਰਾ ਵਿਚ ਬੜੇ ਚਾਅ ਨਾਲ ਬਾਹਰ ਨਿਕਲ ਕੇ, ਰੰਗ ਬਿਰੰਗੇ ਫੁੱਲਾਂ ਦੀ ਕਿਆਰੀ ਕੋਲ ਖਲੋ ਕੇ ਦੋਵਾਂ ਹੱਥਾਂ ਨੂੰ ਜੋੜ ਚੜ੍ਹਦੇ ਰੁੱਖ, ਵਿਸ਼ਾਲਕਾਯ ਪਰਬਤ ਸ਼੍ਰਿਖਲਾ ਵੱਲ ਸ਼ਰਧਾ ਸਹਿਤ ਪ੍ਰਣਾਮ ਕੀਤਾ ਅਤੇ ਉਂਗਲ ਚੁੱਕ ਕੇ ਕਿਹਾ, "ਉਹ ਵੇਖੋ... ਸਫੈਦ ਬੱਦਲਾਂ ਦੇ ਗੋਲਿਆਂ ਦੇ ਪਿੱਛੇ ਉਹ ਦੋ ਵੱਡੇ ਪਹਾੜਾਂ ਦੇ ਵਿਚਾਲੇ ਦੋ ਪਰਬਤ ਸ਼ਿਖਰਾਂ ਦੇ ਨਾਲ ਉਹ ਤੀਜੀ ਬਰਫ ਆਕ੍ਰਿਤੀ, ਧਿਆਨ ਦੀ ਮੁਦਰਾ ਵਿਚ ਬੈਠੇ "ਕਿੰਨੌਰ ਕੈਲਾਸ਼" ਹਨ। ਸ਼ਾਮ ਦੇ ਧੁੰਧਲਕੇ ਵਿਚ ਬਰਫ ਨਾਲ ਢੱਕੇ ਹੋਏ ਪਹਾੜਾਂ ਦੇ ਅੱਗੇ ਪਿੱਛੇ ਸਫੈਦ ਬੱਦਲਾਂ ਦੇ ਝੁੰਡ ਉਮੜ-ਘੁਮੜ ਰਹੇ ਸਨ। ਸ਼ਾਮ ਦੀ ਸੁਰਮਈ ਚਾਦਰ ਹੇਠ ਸ਼ਾਂਤ ਚਿਤ ਸਾਧਨਾ ਰੱਤ ਸ਼ਿਵ ਮਹਾਦੇਵ ਨੂੰ ਪ੍ਰਣਾਮ ਕਰਦਿਆਂ ਅਸੀਂ ਚਾਰੇ ਨਤਮਸਤਕ ਸਾਂ ਅਤੇ ਮੇਰੇ ਮੂਹੋਂ ਸ਼ਿਵ ਬੰਦਨਾ ਵਿਚ ਰਾਮਾਇਣ ਦੀਆਂ ਤੁਕਾਂ ਨਿਕਲ ਪਈਆਂ—

"ਗੁਰੂ ਪਿਤੂ ਮਾਤ ਮਹੇਸ ਭਵਾਨੀ,
ਪ੍ਰਣਵਓ ਦੀਨ ਬੰਧੂ ਦਿਨ ਦਾਨੀ"

ਰੋਜ਼ ਦੀ ਤਰ੍ਹਾਂ ਸ਼ਾਮ ਇਕ ਘੰਟੇ ਦਾ ਨਾਮ ਸਿਮਰਨ ਅਤੇ ਗੁਰਬਾਣੀ ਵਿਚਾਰ, ਸਰਕਿਟ ਹਾਊਸ ਦੇ ਸਭਾਗਾਰ ਵਿਚ ਹੋਇਆ। ਚੌਕੀਦਾਰ ਤੋਂ ਸੋਫੇ ਟੇਬਲ ਵਗੈਰਾ ਇਕ ਪਾਸੇ ਕਰਾ ਕੇ, ਥੱਲੇ ਕਰੀਮ ਰੰਗੇ ਫਰਦਾਰ ਗਲੀਚੇ ਤੇ ਬੈਠ ਸਾਹਮਣੇ ਦੀਵਾਰ ਤੋਂ ਦੀਵਾਰ ਤੱਕ ਬਣੀ ਹੋਈ ਵੱਡੀ ਖਿੜਕੀ ਤੋਂ ਪਰਦਾ ਖਿਸਕਾਇਆ ਤਾਂ ਬੜਾ ਅਲੌਕਿਕ ਨਜ਼ਾਰਾ ਨਸੀਬ ਹੋ ਗਿਆ। ਸਾਡੇ ਬਿਲਕੁਲ ਸਾਮ੍ਹਣੇ ਬਰਫ ਲੱਦੇ ਕੈਲਾਸ਼ ਪਰਬਤ ਦੇ ਸਿਰ 'ਤੇ ਚੰਦਰਮਾ ਮਧੁਰ ਕਿਰਨਾਂ ਬਿਖੇਰ ਰਿਹਾ ਸੀ, ਭਗਵਾਨ ਸ਼ੰਕਰ ਦਾ ਇਕ ਨਾਂ "ਚੰਦਰਚੂੜਿ" (ਜਿਸ ਦੇ ਸਿਰ ਤੇ ਚੰਦਰਮਾ ਵਿਰਾਜੇ) ਨੂੰ ਸਾਰਥਕਤਾ ਦੇ ਰਿਹਾ ਸੀ। ਰਾਤ ਦੀ ਚੰਪਈ ਚਾਂਦਨੀ ਵਿਚ ਨਹੌਂਦਾ ਅਤੇ ਚਾਂਦੀ ਦਾ ਮੁਕਟ ਧਾਰਿਆ ਕੈਲਾਸ਼ ਲਿਸ਼ਕ ਉੱਠਿਆ ਸੀ। ਮਾਲਾ ਹੱਥਾਂ ਵਿਚ ਫਿਰਦੀ ਰਹੀਂ, ਬੁੱਲ੍ਹੀਆਂ ਨਾਮ ਨਾਲ ਹਿਲਦੀਆਂ ਰਹੀਆਂ, ਮਨ ਆਨੰਦ-ਸਾਗਰ ਵਿਚ ਗੋਤੇ ਲਾਉਂਦਾ ਰਿਹਾ। ਨੇਤਰ ਜਿਵੇਂ ਪਲਕ ਝਪਕੇ ਤੋਂ ਬਗੈਰ ਕੁਦਰਤ ਦੇ ਅਦੁੱਤੀ ਨਜ਼ਾਰੇ ਨੂੰ ਨਿਹਾਰਦੇ ਰਹੇ ਅਤੇ ਅੰਤਰ ਚੇਤਨਾ ਕਹਿੰਦੀ ਰਹੀ, ਵਿਸਮਾਦ.... ਵਿਸਮਾਦ!

ਰਾਤ ਦੇ ਖਾਣੇ ਤੋਂ ਬਾਅਦ ਸੈਰ ਕਰਨ ਲਈ ਨਿਕਲੇ। ਗੇਟ ਤੋਂ ਬਾਹਰ ੨੦੦ ਗਜ਼ ਚੜ੍ਹਾਈ ਵਾਲੀ ਲਿੰਕ ਸੜਕ ਪੂਹ, ਕਾਜ਼ਾ ਹੁੰਦਿਆਂ ਹੋਇਆਂ ਚੀਨ ਸੀਮਾ ਦੇ ਨੇੜਲੇ ਪਹਾੜਾਂ ਤੱਕ ਜਾਂਦੀ ਸੀ। ਸੜਕ ਦੇ ਦੋਵਾਂ ਪਾਸੇ ਉੱਚੇ-ਉੱਚੇ ਚੀੜ ਅਤੇ ਦੇਵਦਾਰ ਦਰੱਖਤਾਂ ਦੀ ਅਟੁੱਟ ਸ਼੍ਰਿਖਲਾ ਦੇ ਵਿਚੋਂ ਲੰਘਦੇ ਹੋਏ ਸਾਡੇ ਪੈਰਾਂ ਦੀ ਚਾਪ ਜਾਂ ਤੇਜ਼ੀ ਨਾਲ ਚੱਲ ਰਹੇ ਸਾਡੇ ਸਵਾਸਾਂ ਤੋਂ ਇਲਾਵਾ ਕਦੀ ਕਦਾਰ ਕਿਸੇ ਬੀਂਡੇ ਦੀ ਕਿੱਰ..ਰ, ਕਿੱਰ..ਰ, ਉਸ ਪਰਮ ਚੁੱਪ ਨੂੰ ਤੋੜਦੀ ਸੀ। ਥੋੜ੍ਹੀ ਦੇਰ ਹੋਰ ਤੁਰਨ ਤੋਂ ਬਾਅਦ, ਰਾਤ ਦੇ ਉਸ ਸੱਨਾਟੇ ਵਿਚ, ਅਸੀਂ ਇਕ ਜਗ੍ਹਾ ਖੜ੍ਹ ਗਏ। ਹੁਣ ਪੈਰਾਂ ਦਾ ਖੜਾਕ ਨਹੀਂ ਸੀ ਸਵਾਸਾਂ ਦੀ ਸਰਸਰਾਹਟ ਨਹੀਂ ਸੀ.... ਪਰਮ ਮੌਨ ਘਿਰ ਆਇਆ ਸੀ। ਦੱਖਣ ਪਾਸੇ ਗਰਵ ਨਾਲ ਤਨੇ ਹੋਏ ਪਰਬਤ ਦੇ ਪਿੱਛੇ ਛੁਪ ਰਹੇ ਚੰਦਰਮਾ ਦੀਆਂ ਕਿਰਣਾਂ, ਘਣੇ ਚੀੜ ਦੇਵਦਾਰੀ ਦਰੱਖਤਾਂ ਦੇ ਪੱਤਿਆਂ 'ਚੋਂ ਝੜ ਕੇ ਸਾਡੇ ਤੇ ਪੈ ਰਹੀਆਂ ਸਨ। ਮੈਂ ਫੁਸਫੁਸਾ ਕੇ ਨਾਲ ਦੇ ਸਾਥੀਆਂ ਨੂੰ ਟੈਗੋਰ ਦਾ ਸੰਦੇਸ਼ ਦਿੱਤਾ, "Listen, these trees have a song." ਧਿਆਨ ਨਾਲ ਸੁਣੋ ਇਨ੍ਹਾਂ ਦਰੱਖਤਾਂ ਦੇ ਗੀਤ ਨੂੰ! ਵਗਦੀ ਹਵਾ ਨਾਲ ਸਾਂਯ-ਸਾਂਯ ਕਰਦੇ ਚੀੜ ਅਤੇ ਦੇਵਦਾਰ, ਖਿੱੜ-ਖਿੱੜ ਕਰਦੇ

ਪੱਤੇ! ਜਿਵੇਂ ਕੋਈ ਬ੍ਰਹਮ ਵਾਣੀ ਹਲਕੇ-ਹਲਕੇ ਪਸਰ ਰਹੀ ਹੋਵੇ ਉਨ੍ਹਾਂ ਸੌਨ ਵਾਦੀਆਂ ਵਿਚ.... ਜਿਵੇਂ ਕੋਈ ਅਣਪਛਾਤਾ ਸੁਰ... ਬੱਧੀ ਹੋਈ ਲੈਅ ਵਿਚ.... ਜਿਵੇਂ ਕੋਈ ਚੁੱਪ ਦਾ ਸੰਗੀਤ..... ਜਿਵੇਂ ਕੋਈ ਆਤਮਾ ਨੂੰ ਸਪੱਸ਼ਟ ਕਰਦਾ ਨਾਦ! ਸ਼ਾਇਦ ਇਹੀ ਅਨਹਦ ਨਾਦ ਸੀ। ਕੁਦਰਤ ਦਾ ਕੋਈ ਸ਼ਾਂਤ ਸ਼ਬਦ, ਜੋ ਸ੍ਰਿਸ਼ਟੀ ਦਾ ਸ੍ਰਿਜਕ ਹੈ, ਸੰਚਾਲਕ ਹੈ। ਸੁੰਨ ਸਮਾਧਿ ਦੀ ਅਵਸਥਾ ਵਿਚ ਮੋਨ ਭਾਵ ਵਿਚ ਸਾਕਸ਼ੀ ਭਾਵ ਵਿਚ , ਸਾਧਨਾ ਰੱਤ ਕੋਈ ਰਹੱਸਮਈ ਸ਼ਕਤੀ।

ਸਵੇਰੇ ਇਸ਼ਨਾਨ ਕਰ ਕੇ ਸਾਧਨਾ ਤੇ ਬੈਠਾ ਹੋਇਆ ਸਾਂ ਕਿ ਬੀਬੀ ਰਵਿੰਦਰ ਦੀ ਤੇਜ਼ ਆਵਾਜ਼ ਆਈ, "ਵੀਰ ਜੀ! ਜਲਦੀ ਆਓ; ਬੜਾ ਸੋਹਣਾ ਨਜ਼ਾਰਾ ਜੇ! ਅਸੀਂ ਬਾਹਰ ਵੱਲ ਦੌੜੇ...। ਉਫ! ਏਨ ਸੋਹਣੀ...! ਕੁਦਰਤ ਏਨੀ ਹੁਸੀਨ ਵੀ ਹੋ ਸਕਦੀ ਹੈ... ਸੋਚ ਤੋਂ ਪਰੇ... ਕਲਪਨਾ ਅਤੀਤ...! ਕੈਲਾਸ਼ ਪਰਬਤ, ਜਿਥੇ ਸ਼ਿਵ ਜੀ ਬਿਰਾਜਮਾਨ ਸਨ...! ਸਿਰ 'ਤੇ ਚਾਂਦੀ ਜਿਹੀ ਬਰਫੀਲੀ ਜਟਾ-ਜੂਟ! ਕੈਲਾਸ਼ ਸ਼ਿਖਰ ਦੇ ਪਿੱਛਿਓਂ, ਹਲਕੀ ਗੁਲਾਬੀ ਆਭਾ ਵਾਲਾ ਬਾਲ ਸੂਰਜ, ਉਤਾਂਹ ਨੂੰ ਆਉਣ ਲਈ ਮਚਲ ਰਿਹਾ ਸੀ। ਭਗਵਾਨ ਭਾਸਕਰ ਦੀਆਂ ਸੁਨਹਿਰੀ ਕਿਰਣਾਂ ਨੇ ਹੌਲੀ-ਹੌਲੀ ਸ਼ਿਵ ਸ਼ੰਕਰ ਦੇ ਸਿਰ ਤੇ ਪਹਿਲੀ ਫੁਹਾਰ ਜਾਂ ਕੀਤੀ, ਸਾਰਾ ਪਰਬਤ ਸਿਖਰ ਚਾਂਦੀ ਵਾਂਗ ਦਮਕ ਉੱਠਿਆ। ਕੈਲਾਸ਼ ਦੇ ਖੱਬੇ ਹੱਥ ਇਕ ਅੱਧਾ ਕਿਲੋ ਮੀਟਰ ਦੀ ਵਿਥ 'ਤੇ ਸ਼ਿਵ ਅਤੇ ਪਾਰਬਤੀ ਪਰਬਤ ਹਨ; ਦੁੱਧ ਜਿਹੀ ਸਫੈਦ ਬਰਫ ਨਾਲ ਢੱਕੇ ਹੋਏ। ਸੂਰਜ ਕਿਰਨਾਂ ਦੀ ਛੋਹ ਨਾਲ ਆਹਲਾਦਿਤ ਉਹ ਪਰਬਤ ਸ੍ਰਿੰਗ ਕੁਦਰਤ ਦਾ ਸਰਵ ਸੁੰਦਰ ਸਰੂਪ ਪਰਗਟ ਕਰ ਰਹੇ ਸਨ। ਅਸੀਂ ਮੰਤਰ ਮੁਗਧ ਸਾਂ... ਆਤਮ ਵਿਭੋਰ... ਹਰਖ ਅਤੇ ਅਚਰਜ ਮਿਸ਼ਰਤ ਨੇਤਰਾਂ ਚੋਂ ਭਾਵ ਫੁੱਟ ਰਿਹਾ ਸੀ। ਦੂਰ ਆਕਾਸ਼ ਤੋਂ ਬੱਦਲਾਂ ਚੋਂ ਲੰਘਦੀਆਂ ਸੂਰਜ ਕਿਰਨਾਂ ਨੇ ਆਕਾਸ਼ ਤੋਂ ਲੈ ਕੇ ਕੈਲਾਸ਼ ਦੀ ਹਿੱਕ ਤੱਕ, ਕਦੀ ਨਾ ਭੁੱਲਣ ਵਾਲਾ ਸਤਰੰਗਾ ਇੰਦਰ ਧਨੁਸ਼ ਸਿਰਜਤ ਕਰ ਦਿੱਤਾ ਸੀ। ਸ਼ਿਵ ਦੇ ਸੁਹੱਪਣ ਅਤੇ ਪਾਰਬਤੀ ਦੀ ਪਵਿੱਤਰ ਪ੍ਰਾਕ੍ਰਿਤਕ ਸੁੰਦਰਤਾ ਤੇ ਅਸੀਂ ਮੁਗਧ ਹੋ ਗਏ। ਅਸੀਂ ਅੱਗੇ ਵਧੇ। ਪ੍ਰਾਚੀਨ ਇਤਿਹਾਸਕ ਮੰਦਿਰ ਵੇਖੇ, ਅੱਠ ਸੌ ਸਾਲ ਪੁਰਾਣਾ ਬੁੱਧ-ਮੱਠ ਵੇਖਿਆ। ਪ੍ਰਾਚੀਨ ਸ਼ਿਲਪ ਕਲਾ ਅਤੇ ਅੱਠ-ਨੌ ਸੌ ਸਾਲ ਪਹਿਲਾਂ ਬੁੱਧ ਧਰਮ ਵਿਚ ਪ੍ਰਵੇਸ਼ ਕੀਤੇ ਤੰਤਰਯਾਨ ਨਾਲ ਸੰਬੰਧਨ ਕਈ ਸ਼ਿਲਾਲੇਖ ਅਤੇ ਪਾਂਡੂਲਿਪੀਆਂ, ਤਿੱਬਤੀ ਭਾਸ਼ਾ ਵਿਚ ਵੇਖੀਆਂ। ਕਲਪਾ ਅਤੇ ਰਿਕਾਂਗਪੀਓ ਦਾ ਛੋਟਾ ਪਰ ਸੁਚੱਜੇ ਢੰਗ ਨਾਲ ਸੱਜਿਆ ਬਾਜ਼ਾਰ ਵੇਖਿਆ। ਸੇਆਂ ਦਾ ਇਹ, ਹਿੰਦੁਸਤਾਨ ਦਾ ਸਭ ਤੋਂ ਵੱਡਾ ਪੈਦਾਵਾਰ ਇਲਾਕਾ ਹੈ। ਬਦਾਮ, ਅਖਰੋਟ, ਚਿਲਗੋਜ਼ਾ, ਸ਼ਾਹਜੀਰਾ, ਖੁਰਮਾਣੀ ਅਤੇ ਦੇਸੀ ਜੜੀ-ਬੂਟੀਆਂ ਦਾ ਇਹ ਮੁੱਖ-ਕੇਂਦਰ ਹੈ। ਉਥੋਂ ਦੇ ਵਪਾਰੀ ਦੱਸਦੇ ਹਨ, ਉੱਧਰ, ਪੱਛਮ ਦੇ ਪਹਾੜਾਂ ਨੂੰ ਲੰਘ ਕੇ ਹਜ਼ਾਰਾਂ ਸਾਲ ਪਹਿਲਾਂ ਤੋਂ ਚੀਨ ਅਤੇ ਤਿੱਬਤ ਦੇ ਵਪਾਰੀ ਇਥੇ ਆਪਣਾ ਮਾਲ ਮੁੱਖ ਤੌਰ 'ਤੇ ਪਸ਼ਮੀਨਾ ਉਨ, ਵੇਚਣ ਆਉਂਦੇ ਸਨ ਅਤੇ ਇਧਰੋਂ ਭਾਰਤੀ ਜੜੀ ਬੂਟੀਆਂ, ਅਨਾਜ ਅਤੇ ਮਸਾਲੇ ਲੈ ਜਾਂਦੇ ਸਨ। ਸੰਨ ੧੯੬੨ ਦੀ ਹਿੰਦ ਚੀਨ ਜੰਗ ਤੋਂ ਬਾਅਦ ਉਹ ਸਿਲਸਿਲਾ ਟੁੱਟ ਗਿਆ ਹੈ। ਉਸੇ ਵਪਾਰਕ ਸਾਂਝ ਦਾ ਪ੍ਰਤੀਕ 'ਲਵੀ ਮੇਲਾ' ਹਰ ਸਾਲ ਨਵੰਬਰ ਵਿਚ ਰਾਮਪੁਰ ਬਸ਼ਹਿਰ ਵਿਖੇ ਸਜਦਾ ਹੈ।

੨੫ ਸਤੰਬਰ ਸਵੇਰ ਸਾਡੀ ਕਾਰ ਉਨ੍ਹਾਂ ਰਾਹਾਂ ਤੋਂ ਵਾਪਸ ਆ ਰਹੀ ਸੀ ਜਿਨ੍ਹਾਂ 'ਤੇ ਚੜ੍ਹਦੇ ਹੋਏ ਅਸੀਂ ਕੁਦਰਤ ਦੇ ਨਾਯਾਬ ਨਜ਼ਾਰਿਆਂ ਨੂੰ ਨਿਹਾਰਦੇ ਪ੍ਰਫੁਲਿਤ ਹੋ ਰਹੇ ਸਾਂ, ਕਈ ਕੁਦਰਤੀ ਭੇਦਾਂ ਦੇ ਸਾਂਝੀਦਾਰ ਹੋ ਰਹੇ ਸਾਂ, ਅੱਜ ਹੌਲੀ ਹੌਲੀ ਪਿੱਛੇ ਕਿਤੇ ਛੁੱਟ ਜਾ ਰਹੇ ਸਨ। ਹੱਥ ਜੋੜ ਸ਼ਿਵਲੋਕ ਵੱਲ ਮੁੱਖ ਕਰ, ਬੰਦਨ ਕੀਤਾ... ਵਿਛੜਦੀਆਂ ਅੱਖਾਂ ਨੇ ਦੁਨੀਆਂ ਤੋਂ ਨਿਵੇਕਲੀ ਵਾਦੀਆਂ ਨੂੰ ਅਲਵਿਦਾ ਕਿਹਾ ਅਤੇ ਬੁੱਲਾਂ 'ਚੋਂ ਬੋਲ ਫੁੱਟ : 'ਗਰ ਫਿਰਦੌਸ, ਜ਼ਮੀਂ ਅਸਤ, ਹਮੀਂ ਅਸਤ, ਹਮੀਂ ਅਸਤ... ਹਮੀਂ ਅਸਤ। ਜੇ ਧਰਤੀ 'ਤੇ ਕਿਤੇ ਸਵਰਗ ਹੈ, ਤਾਂ ਇਥੇ ਹੈ, ਇਥੇ ਹੈ... ਇਥੇ ਹੈ...।

੨੭੫੩, ਫੇਜ਼-੭, ਮੋਹਾਲੀ

ਜਲੰਧਰ ਵਿਚ ਸੰਗੀਤ ਸਮਾਰੋਹ ੫ ਦਸੰਬਰ ਨੂੰ

ਜਲੰਧਰ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਆਗਮਨ ਪੁਰਬ ਹਮੇਸ਼ਾ ਸੰਗੀਤ ਸਮਾਰੋਹ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸ ਵਾਰ ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ ਲਾਡੋਵਾਲੀ ਰੋਡ ਜਲੰਧਰ ਵਿਚ ੫ ਦਸੰਬਰ ੨੦੦੪ ਐਤਵਾਰ ਸ਼ਾਮ ੬ ਵਜੇ ਤੋਂ ਸੰਗੀਤ ਸਮਾਰੋਹ ਹੋ ਰਿਹਾ ਹੈ। ਇਸ ਵਿਚ ਪ੍ਰਸਿਧ ਸੰਗੀਤਕਾਰ ਉਸਤਾਦ ਮਹਿੰਦਰ ਸਿੰਘ ਜੀ ਸ਼ਾਸਤ੍ਰੀ ਗਾਇਣ ਨਾਲ ਨਿਹਾਲ ਕਰਣਗੇ। ਇਹਨਾਂ ਨਾਲ ਤਬਲੇ ਤੇ ਸੰਗਤ ਸ. ਹਰਪ੍ਰੀਤ ਸਿੰਘ ਸੋਨੂੰ ਸ੍ਰੀ ਭੈਣੀ ਸਾਹਿਬ ਵਾਲੇ ਕਰਣਗੇ। ਸ੍ਰੀ ਭੈਣੀ ਸਾਹਿਬ ਤੋਂ ਹੀ ਸ. ਦਵਿੰਦਰ ਸਿੰਘ ਤਾਰ ਸ਼ਹਿਨਾਈ ਦਾ ਵਾਦਨ ਕਰਣਗੇ। ਤਬਲਾ ਸੰਗਤ ਬਘੇਲ ਸਿੰਘ ਕਰਣਗੇ। ਗੁਰੂ ਕਾ ਲੰਗਰ ਅੰਤ ਤੇ ਵਰਤਾਇਆ ਜਾਵੇਗਾ।

ਇਸੇ ਦਿਨ ਸਵੇਰੇ ਬਸਤੀ ਬੂਰੇ ਖਾਂ ਜਲੰਧਰ ਦੇ ਨਾਮਧਾਰੀ ਗੁਰਦੁਆਰਾ ਵਿਚ ਦੀਵਾਨ ਸਜਣਗੇ ਕਥਾ ਕੀਰਤਨ ਅਤੇ ਲੰਗਰ ਦਾ ਪਰਵਾਹ ਚਲੇਗਾ।

ਲਲਿਤ ਨਿਬੰਧ

ਜਦੋਂ ਦੁੱਖ ਦਾਰੂ ਬਣਦਾ ਹੈ....

—ਮਹਿਮਾ ਸਿੰਘ ਤੂਰ

ਗੁਰਬਾਣੀ ਵਿਚ ਕਿਹਾ ਗਿਆ ਹੈ 'ਦੁਖ ਦਾਰੂ ਸੁਖ ਰੋਗ ਭਇਆ॥" ਇਸ ਸ਼ਬਦ ਦੇ ਅਰਥ ਬੜੀ ਡੂੰਘਾਈ ਵਿਚ ਜਾ ਕੇ ਸਮਝਣੇ ਪੈਂਦੇ ਹਨ। ਵੈਸੇ ਦੁੱਖ ਤੋਂ ਹਰ ਕੋਈ ਬਚਣ ਦੀ ਕੋਸ਼ਿਸ਼ ਕਰਦਾ ਹੈ ਅਤੇ ਬਚਣਾ ਚਾਹੀਦਾ ਵੀ ਹੈ। ਪਰ ਸੁੱਖ ਵਿਚ ਲਗਾਤਾਰ ਗ੍ਰਸਤ ਮਨੁੱਖ ਨੂੰ ਜਦੋਂ ਬਹੁਤ ਸਾਰੇ ਵਿਕਾਰ ਘੇਰ ਲੈਂਦੇ ਹਨ ਤਾਂ ਉਦੋਂ ਸੁੱਖ ਰੋਗ ਬਣ ਜਾਂਦਾ ਹੈ। ਉਦੋਂ ਦੁੱਖ ਰੂਪੀ ਦਾਰੂ ਹੀ ਮਨੁੱਖ ਦਾ ਇਲਾਜ ਕਰਦਾ ਹੈ।

ਮੇਰੀ ਇਕ ਕਵਿਤਾ ਦੀਆਂ ਲਾਈਨਾਂ ਹਨ :

ਉਦਾਸੀ ਵੀ ਸਿਰਜਣਾ ਕਰਦੀ ਹੈ....।
ਖੁਸ਼ੀ ਦੇ ਨਾਲ-ਨਾਲ
ਉਦਾਸੀ ਨੂੰ ਵੀ ਜਗਾ ਕੇ ਰੱਖੋ ਦੋਸਤੋ,
ਕਿ ਸੁੱਤੀ ਪਈ ਇਹ ਬੋਅ ਮਾਰ ਜਾਂਦੀ ਹੈ.....।

ਦਰਅਸਲ ਜੋ ਲੋਕ ਦੁੱਖ ਅਤੇ ਉਦਾਸੀ ਨੂੰ ਖ਼ਤਰਨਾਕ ਸਮਝਦੇ ਹਨ ਉਹ ਆਪ ਹੀ ਖ਼ਤਰਨਾਕ ਹੁੰਦੇ ਹਨ। ਦੁੱਖ-ਸੁੱਖ ਜੀਵਨ ਦੇ ਦੋ ਪਾਸੇ ਹਨ। ਕਦੇ ਵੀ ਸਿਰਫ ਇਕ ਪਾਸਾ ਹੀ ਉੱਤੇ ਅਤੇ ਸਾਮ੍ਹਣੇ ਨਹੀਂ ਰਹਿੰਦਾ। ਸਦਾ ਹੀ ਬਣਾਉਟੀ ਕਿਸਮ ਦਾ ਆਸ਼ਾਵਾਦ ਕਿਸੇ ਉਦਾਸ ਦੇ ਮੁਕਾਬਲੇ ਵਧੇਰੇ ਨੁਕਸਾਨ ਪਹੁੰਚਾਉਂਦਾ ਹੈ। ਝੂਠੀ ਆਸ਼ਾ ਨਾਲੋਂ ਸੱਚੀ ਉਦਾਸੀ ਹਮੇਸ਼ਾ ਚੰਗੀ ਹੁੰਦੀ ਹੈ। ਅਤੇ ਜਦ ਉਦਾਸੀ ਦਾ ਰੁਖ ਬੁਲੰਦੀ ਵੱਲ ਹੋ ਜਾਵੇ ਤਾਂ ਉਹ ਉਦਾਸੀ ਵੀ ਉਤਸ਼ਾਹ ਬਣ ਜਾਂਦੀ ਹੈ।

ਵੈਸੇ ਉਦਾਸੀ ਅਤੇ ਨਿਰਾਸ਼ਤਾ ਵਿਚ ਬਹੁਤ ਫਰਕ ਹੈ। ਉਦਾਸ ਮੌਕਿਆਂ 'ਤੇ ਉਦਾਸ ਹੋਣਾ ਤਾਂ ਬਣਦਾ ਹੀ ਹੈ, ਪਰ ਗੁਰਬਾਣੀ ਮੁਤਾਬਿਕ ਮਨੁੱਖ ਦਾ ਪਰਮਾਤਮਾ ਦੀ ਰਹਿਮਤ ਵੱਲੋਂ ਨਿਰਾਸ਼ ਹੋਣਾ ਪਾਪ ਕਰਨ ਤੁੱਲ ਹੈ। ਔਖੇ ਵੇਲੇ ਪ੍ਰਮਾਤਮਾ ਨੂੰ ਯਾਦ ਕਰਕੇ ਹੀ ਦੁਖ ਦਾਰੂ ਬਣਦਾ ਹੈ। ਵੱਡੀ ਗੱਲ ਹੈ ਮਨੁੱਖ ਦਾ ਹਰ ਦੁੱਖ-ਸੁੱਖ ਵੇਲੇ ਸੁਚੇਤ ਰਹਿਣਾ। ਜ਼ਿੰਦਗੀ ਦੇ ਹਰ ਉਤਰਾਅ ਚੜ੍ਹਾਅ ਵੇਲੇ ਸ਼ਾਂਤੀ ਭਰਿਆ ਮਾਹੌਲ ਬਣਾਈ ਰੱਖਣਾ ਚਾਹੀਦਾ ਹੈ। ਮਨੁੱਖ ਖੁਸ਼ ਹੋਵੇ ਚਾਹੇ ਉਦਾਸ, ਉਹ ਹਮੇਸ਼ਾ ਉਸਾਰੂ ਕਲਾ ਨਾਲ ਜੁੜ ਸਕਦਾ ਹੈ, ਉਸਾਰੂ ਕਲਾ ਸਿਰਜ ਸਕਦਾ ਹੈ। ਮਨੁੱਖ ਨੂੰ ਦੁੱਖ ਵੇਲੇ ਵੀ ਕਲਾ ਅਤੇ ਸੰਗੀਤ ਵੱਲੋਂ ਬੇ-ਮੁਖ ਨਹੀਂ ਹੋਣਾ ਚਾਹੀਦਾ। ਕਈ ਵਾਰੀ ਤਾਂ ਉਦਾਸੀ ਭਰਿਆ ਸੰਗੀਤ ਵੀ ਮਨ ਨੂੰ ਸਕੂਨ ਬਖਸ਼ਦਾ ਹੈ।

ਦੁੱਖ, ਸੰਸਾਰ ਦਾ ਪਰਮ ਗੁਰੂ ਹੈ। ਇਸ ਦੀ ਮਿੱਤਰਤਾ ਦੁਆਰਾ ਸੰਸਾਰ ਦੇ ਸੱਚ-ਝੂਠ ਦਾ ਨਿਰਣਾ ਹੋ ਜਾਂਦਾ ਹੈ। ਕਿਹਾ ਗਿਆ ਹੈ :-

'ਧੀਰਜ, ਧਰਮ, ਮਿੱਤਰ ਔਰ ਨਾਰੀ,
ਬਿਪਤਾ ਸਮੇਂ ਪਰਖੀਏ ਚਾਰੀ....।'

ਦੁੱਖ ਦੀ ਕੁੱਖ ਵਿਚੋਂ ਹੀ ਦਯਾ, ਸਹਿਨਸ਼ੀਲਤਾ, ਸਨੇਹ ਅਤੇ ਵੈਰਾਗ ਵਰਗੇ ਸ਼ੁੱਭ ਗੁਣ ਉਤਪੰਨ ਹੁੰਦੇ ਹਨ। ਇਸ ਵਿਚੋਂ ਮਿਲੀ ਪ੍ਰੇਰਨਾ ਨਾਲ ਨਿਰਦਈ, ਦਯਾਵਾਨ ਬਣਦੇ ਹਨ। ਕਾਇਰ, ਸੂਰਬੀਰ ਬਣਦੇ ਹਨ ਅਤੇ ਬੇਸਬਰੇ, ਸਾਬਰ ਬਣਦੇ ਹਨ। ਦੁੱਖ ਜੀਵਨ ਦਾ ਇਕ ਹਿੱਸਾ ਹੈ, ਸੁਭਾਵਕ ਰੂਪ ਵਿਚ ਇਸ ਨਾਲ ਘਿਰਣਾ ਨਹੀਂ ਕੀਤੀ ਜਾ ਸਕਦੀ। ਮਨ ਦੀ ਸ਼ੁੱਧੀ ਕਦੇ ਵੀ ਹੰਝੂਆਂ ਦੇ ਮੁੱਲ ਤੋਂ ਮਹਿੰਗੀ ਨਹੀਂ ਹੁੰਦੀ। ਤਦੇ ਸਿਆਣੇ ਲੋਕ ਪੈਸੇ ਖਰਚ ਕੇ ਵੀ ਦੁਖਾਂਤ ਨਾਟਕ ਵੇਖਦੇ ਅਤੇ ਹੰਝੂ ਵਹਾਉਂਦੇ ਹਨ। ਬਿਹੋਂ-ਕੁੰਠੇ ਦਿਲ ਨੂੰ ਵਿਯੋਗ ਵਿਚੋਂ ਵੀ ਆਨੰਦ ਮਿਲਦਾ ਹੈ। ਸੁੱਖ ਹੀ ਨਹੀਂ, ਦੁੱਖ ਵੀ ਸਾਡਾ ਮਿੱਤਰ ਹੈ। ਦੁੱਖ ਵੀ ਸਾਡਾ ਦਾਰੂ ਬਣਦਾ ਹੈ। ਇਸ ਦੀ ਹੋਂਦ ਵਿਚ ਹੀ ਪੂਰਨ ਸੁੱਖ ਦੀ ਆਸ਼ਾ ਹੁੰਦੀ ਹੈ। ਜਦੋਂ ਸਾਡਾ ਦੁੱਖ ਇਨਸਾਨੀ ਵਿਕਾਸ ਦਾ ਸਾਧਨ ਬਣਦਾ ਹੈ, ਉਦੋਂ ਹੀ ਦੁੱਖ ਦਾਰੂ ਬਣਦਾ ਹੈ...।

ਨਾਨਕ ਦਾ ਰੱਬ

ਗਿ. ਗੁਰਮੁਖ ਸਿੰਘ ਮੁਸਾਫ਼ਰ

'ਇਕ ਨਾਮ ਹੈ ਖ਼ੁਦਾ ਦਾ, ਦੂਜਾ ਰਸੂ ਦਾ ਏ
ਮੰਨੇ ਰਸੂਲ ਨੂੰ ਤਾਂ, ਅੱਲਾ ਕਬੂਲਦਾ ਏ'
ਇਹ ਭਾਵ ਮੀਆਂ ਮਿੱਠੇ, ਤੇਰੇ ਅਸੂਲ ਦਾ ਏ
ਮੇਰਾ ਸਿਧਾਂਤ ਸਿੱਧਾ, ਪੁੱਜੇ ਅਖ਼ੀਰ ਬੰਨੇ
ਜੋ ਇਕ ਅਕਾਲ ਮੰਨੇ, ਮੰਨੇ ਨ ਮੈਨੂੰ ਮੰਨੇ।

*ਆਵੇ ਜ਼ਰੂਰ ਆਵੇ, ਰਸਤੇ ਕਿਸੇ ਤੋਂ ਆਵੇ
ਪਾਵੇ ਨੂਰ ਪਾਵੇ, ਰਸਤੇ ਕਿਸੇ ਤੋਂ ਪਾਵੇ
ਦਾਹਵਾ ਹੈ ਇੱਕ ਤਅੱਸੁਬ, ਉਲਟਾ ਇਹ ਰਾਹ ਭੁਲਾਵੇ
ਮੋਮਨ ਨ ਸਭ ਸੁਜਾਖੇ ਹਿੰਦੂ ਨ ਸਾਰੇ ਅੰਨ੍ਹੇ
ਜੋ ਇਕ ਅਕਾਲ ਮੰਨੇ, ਮੰਨੇ ਨਾ ਮੈਨੂੰ ਮੰਨੇ।

ਗੋਰਾ ਯਾ ਕਾਲਾ ਸੋਲਾ, ਇਹ ਰੰਗ ਵਨ-ਸੁਵੰਨੇ
ਹਰ ਰੰਗ ਵਿਚ ਉਹ ਵੱਸੇ, ਰਹਿੰਦਾ ਹੈ ਫੇਰ ਬੰਨੇ
ਆਪੇ ਬਣਾਉਂਦਾ ਹੈ ਆਪੇ ਚਾਹੇ ਤਾਂ ਭੰਨੇ
ਉਹ ਲਭ ਲਿਆ ਸੀ ਵੇਖੋ, ਪੱਥਰ ਦੇ ਵਿੱਚੋਂ ਧੰਨੇ
ਜੋ ਇਕ ਅਕਾਲ ਮੰਨੇ, ਮੰਨੇ ਨ ਮੈਨੂੰ ਮੰਨੇ।

ਹੈ ਪਸਰਿਆ ਚੁਫੇਰੇ, ਉਹਦਾ ਪਸਾਰ ਸਾਰੇ
ਉਹੋ ਹੈ ਹੇਠ ਉੱਤੇ, ਅੰਦਰ ਤੇ ਬਾਹਰ ਸਾਰੇ
ਦੱਸਣ ਉਸ ਦੀ ਕੁਦਰਤ, ਜੰਗਲ ਪਹਾੜ ਸਾਰੇ
ਉਹਦੇ ਬਿਨਾਂ ਇਹ ਜਾਣੋ, ਉਜੜੇ ਦੁਆਰ ਬੰਨੇ
ਜੋ ਕਿ ਅਕਾਲ ਮੰਨੇ, ਮੰਨੇ ਨਾ ਮੈਨੂੰ ਮੰਨੇ।

ਸ਼ਾਂਤੀ ਦਾ ਘਰ ਹੈ ਮਜ਼ਹਬ, ਮੱਲਾਂ ਦਾ ਨਹੀਂ ਅਖਾੜਾ
ਇਥੇ ਨ ਪਹੁੰਚ ਸੱਕੇ ਦੂਈ, ਦਵੈਤ ਸਾੜਾ
ਹਦ ਏਸ ਦੀ ਸਚਾਈ, ਸੱਚ ਏਸ ਦਾ ਹੈ ਵਾੜਾ
ਨਿਸਚਾ ਟਿਕਾ ਕੇ ਇਕ ਤੇ, ਵਹਦਤ ਦੇ ਪੀਵੇ ਛੰਨੇ
ਜੋ ਇਕ ਅਕਾਲ ਮੰਨੇ, ਮੰਨੇ ਨਾ ਮੈਨੂੰ ਮੰਨੇ।

ਸਭ ਪੁਤਲੀਆਂ ਨਚਾਂਦਾ, ਇੱਕੋ ਉਹ ਤਾਰ ਵਾਲਾ
ਰਸ ਦੇਂਵਦਾ ਹੈ ਜੜ੍ਹ ਨੂੰ ਇੱਕੋ ਬਹਾਰ ਵਾਲਾ
ਗੁਣ ਓਸਦੇ ਨੇ ਸਾਰੇ, ਓਹੋ ਭੰਡਾਰ ਵਾਲਾ
ਉਸੇ ਨੇ ਰਸ ਰਸਾਇਆ, ਭਰਿਆ ਜੋ ਵਿੱਚ ਗੰਨੇ
ਜੋ ਇਕ ਅਕਾਲ ਮੰਨੇ, ਮੰਨੇ ਨ ਮੈਨੂੰ ਮੰਨੇ

ਹੈ ਬੀਜ ਦੀ ਹੀ ਬਰਕਤ, ਪਰ ਬੀਜ ਕਿਸ ਉਗਾਇਆ ?
ਅਕਲਾਂ ਦੇ ਚਮਤਕਾਰੇ, ਪਰ ਅਕਲ ਕਿਸ ਸਿਖਾਇਆ ?
ਅਸਲੂੰ ਹੈ ਮੂਲ ਕਿਹੜਾ ? ਆਇਆ, ਕਿ ਜੋ ਲਿਆਇਆ ?
ਜੜ੍ਹ ਤੋਂ ਬਗ਼ੈਰ ਉਪਜਣ, ਨ ਡਾਲੀਆਂ ਨ ਤੰਨੇ
ਜੋ ਇਕ ਅਕਾਲ ਮੰਨੇ, ਮੰਨੇ ਨ ਮੈਨੂੰ ਮੰਨੇ।

ਪੰਛੀ ਜਨੌਰ ਸਬਜ਼ੀ, ਕੁਦਰਤ ਬਣਾਏ ਜੋੜਾ
ਇੱਕੋ ਬਿਰਛ ਦੇ ਫਲ ਨੂੰ, ਮਿੱਠਾ ਤੇ ਕੋਈ ਕੌੜਾ
ਪਰਬਤ ਹੈ ਯਾ ਕਿ ਤੀਲਾ, ਕੋਈ ਨਹੀਂ ਬਿਲੌੜਾ
ਦਰਸਾਉਂਦੇ ਨੇ ਇਹੋ, ਕੁਦਰਤ ਦੇ ਸਭ ਇਹ ਪੰਨੇ
ਜੋ ਇਕ ਅਕਾਲ ਮੰਨੇ, ਮੰਨੇ ਨ ਮੈਨੂੰ ਮੰਨੇ।
ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ।

* ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ।

ਅਸਾਂ ਕੰਧ ਜ਼ੁਲਮ ਦੀ ਢਾਉਣੀ

ਛੋਟੇ ਸਾਹਿਬਜ਼ਾਦਿਆਂ ਦੇ ੩੦੦ ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ

—ਚਰਨ ਸੀਚੇਵਾਲਵੀ

ਅਸਾਂ ਜਾਗ ਅਣਖ ਦੀ ਲਾਉਣੀ ਦੇ ਕੇ ਸਿਰ ਆਪਣਾ।
ਅਸਾਂ ਸੁੱਤੀ ਕੌਮ ਜਗਾਉਣੀ ਦੇ ਕੇ ਸਿਰ ਆਪਣਾ।

ਗੀਤ ਤੇਰੀ ਉਲਫ਼ਤ ਤੇ ਅਸੀਂ ਨਹੀਓਂ ਗਾਉਣ ਆਏ।
ਮੱਥਾ ਅਸੀਂ ਡਾਢਿਆਂ ਪਹਾੜਾਂ ਨਾਲ ਲਾਉਣ ਆਏ।
ਫਤਿਹ 'ਬੋਲੇ ਸੋ ਨਿਹਾਲ' ਬੁਲਾਉਣੀ ਦੇ ਕੇ ਸਿਰ ਆਪਣਾ।
ਅਸਾਂ ਜਾਗ.........

ਦੇ ਨਾ ਡਰਾਵਾ ਸਾਨੂੰ ਕੰਧਾਂ ਵਿਚ ਚਿਣਨਾ।
ਕੂੜ ਦੀਆਂ ਕੰਧਾਂ ਨਾਲ ਕੱਦ ਸਾਡੇ ਮਿਣ ਨਾ।
ਅਸਾਂ ਕੰਧ ਜ਼ੁਲਮ ਦੀ ਢਾਉਣੀ ਦੇ ਕੇ ਸਿਰ ਆਪਣਾ।
ਅਸਾਂ ਜਾਗ.........

ਅੱਗੇ ਪਿੱਛੇ ਤੇਰੇ ਸਦਾ ਰਹਿਣਾ ਇਹ ਠਾਣਾ ਨਹੀਂ।
ਝੂਠੀਆਂ ਕਚਹਿਰੀਆਂ ਨੇ ਨਾਲ ਤੇਰੇ ਜਾਣਾ ਨਹੀਂ।
ਅਸਾਂ ਮੌਤ ਅੱਜ ਆਪਣੀ ਵਿਆਹੁਣੀ ਦੇ ਕੇ ਸਿਰ ਆਪਣਾ।
ਅਸਾਂ ਜਾਗ.........

ਕਦ ਅਸਾਂ ਮੰਗੀ ਤੈਥੋਂ ਜੀਵਨ ਦੀ ਭਿੱਖਿਆ ਹੈ।
ਆਉਣ ਲੱਗੇ ਦਾਦੀ ਸਾਨੂੰ ਦਿੱਤੀ ਏਹੋ ਸਿੱਖਿਆ ਹੈ।
'ਚਰਨ' ਹੱਸ ਕੇ ਸ਼ਹੀਦੀ ਪਾਉਣੀ ਦੇ ਕੇ ਸਿਰ ਆਪਣਾ।
ਅਸਾਂ ਜਾਗ.........

ਗੁਰੂ ਨਾਨਕ ਨੂੰ

ਗਿਆਨ ਸਿੰਘ ਕੋਟਲੀ

ਅੱਜ ਬੁਝਦਾ ਜਾਂਦਾ ਦਿਲ ਦਾ ਦੀਪਕ
ਤੇ ਖੂਨ ਮਨੁੱਖਾ ਸੜਦਾ ਜਾਂਦਾ।
ਰਿੱਝਦਾ ਹਿਰਸ ਦੀ ਹਾਂਡੀ ਚੜ੍ਹਿਆ
ਪਿਆਰ ਦਾ ਅੰਮ੍ਰਿਤ ਕੜ੍ਹਦਾ ਜਾਂਦਾ।
ਘੁਟ ਕੇ ਮਾਨਵ ਸੰਘੀ ਕੋਈ
ਦੋਸ਼ ਕਿਸੇ 'ਤੇ ਮੜ੍ਹਦਾ ਜਾਂਦਾ।
ਬਾਬਰ ਖੋਹ ਕੇ ਹੱਕ ਦੀ ਬਾਣੀ
ਖੂਨ ਦੇ ਸੋਹਲੇ ਪੜ੍ਹਦਾ ਜਾਂਦਾ।

ਆਖ ਰਹੇ ਹਾਂ ਤਾਹੀਓਂ ਤੈਨੂੰ
ਦੇਸ਼ ਨੂੰ ਫੇਰ ਜਗਾਉਣਾ ਪੈਣਾ
ਦਿਲ ਦੀ ਕੂੜ ਅਮਾਵਸ ਉਤੇ
ਸੱਚ ਦਾ ਚੰਦ ਚੜ੍ਹਾਉਣਾ ਪੈਣਾ।

ਅੱਜ ਦੰਦ ਵਧਾ ਲਏ ਕੋੜੇ ਰਾਕਸ਼
ਮਾਸ ਕਿਸੇ ਦਾ ਤੋੜਨ ਖ਼ਾਤਿਰ।
ਬੁਲ੍ਹੀ ਨੱਚੇ ਖ਼ੂਨ ਦੇ ਚਸਕੇ
ਮਜ਼ਲੂਮ ਦੀ ਰੱਤ ਨਚੋੜਨ ਖ਼ਾਤਿਰ
ਲੰਬੇ ਹੋ ਗਏ ਰਾਕਸ਼ ਪੰਜੇ
ਘੰਡੀ ਕੋਈ ਮਰੋੜਨ ਖ਼ਾਤਿਰ।
ਨੱਪ ਕਿਸੇ ਮਜ਼ਲੂਮ ਏ ਖੜਿਆ
ਖੋਟ ਦੀ ਪੂੰਜੀ ਜੋੜਨ ਖ਼ਾਤਿਰ।

ਆਖ ਰਹੇ ਹਾਂ ਤਾਹੀਓਂ ਤੈਨੂੰ
ਦੇਸ਼ ਨੂੰ ਫੇਰ ਜਗਾਉਣਾ ਪੈਣਾ
ਰਾਕਸ਼ ਪੰਜੀਂ ਫੱਸਿਆ ਬੇਕੱਸ
ਮਾਨਵ ਫੇਰ ਛਡਾਉਣਾ ਪੈਣਾ।

ਭਾਗੋ ਦੀ ਕੋਈ ਜਾਬਿਰ ਗੱਦੀ
ਹੱਕ ਕਿਰਤ ਦੇ ਸਾੜੀ ਜਾਂਦੀ।
ਤੱਕੜੀ ਬੇਇਨਸਾਫ਼ ਦਿਲਾਂ ਦੀ
ਝੂਠ ਦੇ ਸੌਦੇ ਹਾੜੀ ਜਾਂਦੀ।
ਲਾਲੋ ਕਿਸੇ ਗ਼ਰੀਬ ਦੀ ਝੁੱਗੀ।
ਹਿਰਸਾਂ ਹੱਥ ਉਜਾੜੀ ਜਾਂਦੀ।
ਉਚੀ ਹੋ ਹੋ ਜਬਰ ਦੀ ਸੋਟੀ
ਬੇਕੱਸ ਅੱਗੇ ਤਾੜੀ ਜਾਂਦੀ।

ਆਖ ਰਹੇ ਹਾਂ ਤਾਹੀਓਂ ਤੈਨੂੰ
ਦੇਸ਼ ਨੂੰ ਫੇਰ ਜਗਾਉਣਾ ਪੈਣਾ
ਲਾਲੋ ਦੀ ਰੱਤ ਚੂਸਣ ਵਾਲਾ
ਭਾਗੋ ਫੂਕ ਦਿਖਾਉਣਾ ਪੈਣਾ।

ਸੱਧਰ ਏ ਕਿ ਮੋੜ ਸਮੇਂ ਤੋਂ
ਤਖ਼ਤ ਲਵਾਂਗੇ ਤਾਜ ਲਵਾਂਗੇ।
ਕਿਰਤ ਨਾਮ ਤੇ ਵੰਡ ਦੇ ਉਤੇ
ਪਿਆਰ ਦਾ ਸਾਂਝਾ ਰਾਜ ਲਵਾਂਗੇ।
ਖੋਹ ਸੁਟੂ ਜੋ ਖ਼ੂਨੀ ਗਿਰਝਾਂ
ਬੀਰ ਦਿਲਾ ਉਹ ਬਾਜ਼ ਲਵਾਂਗੇ।
ਤੋੜ ਕੇ ਹੋਣੀ ਬਣਦੇ ਚੰਗੇ
ਦੇਸ਼ ਕੌਮ ਦੇ ਭਾਗ ਲਵਾਂਗੇ।

ਆਖ ਰਹੇ ਹਾਂ ਤਾਹੀਓਂ ਤੈਨੂੰ
ਦੇਸ਼ ਨੂੰ ਫੇਰ ਜਗਾਉਣਾ ਪੈਣਾ
ਅਰਸ਼ੀ ਉਸ ਪੈਗ਼ਾਮ ਤੇਰੇ ਦਾ
ਡੰਕਾ ਫੇਰ ਵਜਾਉਣ ਪੈਣਾ।

ਮੈਨੂੰ ਬੁੱਢਾ ਨਾ ਕਹੋ

—ਅਜੈਬ ਸਿੰਘ

ਹਾਲੇ ਤਾਂ ਮੈਂ ਅੱਸੀਆਂ ਦਾ ਹੋਇਆ ਨਹੀਂ
ਜ਼ਿੰਦਗੀ ਦਾ ਮੱਚ ਹਾਲੇ ਮੋਇਆ ਨਹੀਂ.
ਮੈਨੂੰ ਬੁੱਢਾ ਨਾ ਕਹੋ।

ਹਾਲੇ ਨਾ ਮੈਂ ਮਾਰੀਆ ਨਦੀਆਂ 'ਚ ਤਾਰੀਆਂ
ਹਾਲੇ ਨਾ ਮੈਂ ਮੱਲਾਂ ਕਈ ਪੱਖਾਂ ਵਿਚ ਮਾਰੀਆਂ,
ਹਾਲੇ ਕਈ ਚੁਕਣੀਆਂ ਪੰਡਾਂ ਨੇ ਮੈਂ ਭਾਰੀਆਂ,
ਪੀੜਾਂ-ਮੱਲੇ ਰਾਹਾਂ 'ਤੇ ਮੈਂ ਰੋਇਆ ਨਹੀਂ।
ਮੈਨੂੰ ਬੁੱਢਾ ਨਾ ਕਹੋ।

ਹਾਲੇ ਮਨਮੋਹਣੀਆਂ ਮੈਂ ਕਵਿਤਾ ਬਨਾਉਣੀਆਂ,
ਕਈ ਲੋੜਵੰਦਾਂ ਦੀਆਂ ਲੋੜਾਂ ਮੈਂ ਪਗਾਉਣੀਆਂ,
ਕਈ ਅੰਗ-ਹੀਣਾਂ ਦੀਆਂ ਆਸਾਂ ਮੈਂ ਬਨਾਉਣੀਆਂ,
ਜੀਵਨ ਦਾ ਪੂਰਾ ਰਸ ਚੋਇਆ ਨਹੀਂ।
ਮੈਨੂੰ ਬੁੱਢਾ ਨਾ ਕਹੋ।

ਹਾਲੇ ਤਾਂ ਮੈਂ ਰੁੱਸੇ ਹੋਏ ਯਾਰ ਨੂੰ ਮਨਾਉਣਾ ਏ,
ਜਪ-ਤਪ ਕਰ ਉਹਦਾ ਕਰਜ਼ਾ ਚੁਕਾਉਣਾ ਏ,
ਸਣੇ ਸੂਦ ਮੋੜ ਕੇ ਮੈਂ ਯਾਰ ਨੂੰ ਰੀਝਾਉਣਾ ਏ,
ਪਿਆਰ ਸਾਹਵੇਂ ਕੋਈ ਟਿੱਬਾ ਟੋਇਆ ਨਹੀਂ।
ਮੈਨੂੰ ਬੁੱਢਾ ਨਾ ਕਹੋ।

ਗੀਤ

—ਸੁਰਜੀਤ ਸਿੰਘ ਅਮਰ

ਭੈੜੇ ਨਸ਼ਿਆਂ ਦੇ ਕੋਲੋਂ ਰਹਿਣਾ ਦੂਰ ਸਾਥੀਓ।
ਇਹ ਦਿਮਾਗਾਂ ਵਿਚ ਪਾਂਦੇ ਨੇ ਫਤੂਰ ਸਾਥੀਓ।

ਕੋਈ ਪੀਂਦਾ ਏ ਸ਼ਰਾਬ ਕੋਈ ਪੀਂਦਾ ਪਿਆ ਭੰਗ
ਉਨ੍ਹਾਂ ਲੋਕਾਂ ਦਿਆਂ ਘਰਾਂ ਵਿਚ ਹੁੰਦੀ ਭੁੱਖ ਨੰਗ
ਜਿਹੜੇ ਇਨ੍ਹਾਂ ਵਿੱਚ ਰਹਿੰਦੇ ਮਖਮੂਰ ਸਾਥੀਓ
ਭੈੜੇ ਨਸ਼ਿਆਂ ਦੇ ਕੋਲੋਂ....

ਇਹ ਨੇ ਦੇਸ਼ ਦਾ ਬੜਾ ਹੀ ਨੁਕਸਾਨ ਕਰਦੇ
ਸੁਹਣੇ ਵਸਦੇ ਹੋਏ ਘਰਾਂ ਨੂੰ ਵੀਰਾਨ ਕਰਦੇ
ਏਵੇਂ ਝੂਠਾ ਜਿਹਾ ਹੁੰਦਾ ਏ ਸਰੂਰ ਸਾਥੀਓ
ਭੈੜੇ ਨਸ਼ਿਆਂ ਦੇ ਕੋਲੋਂ ...

ਇਨ੍ਹਾਂ ਵਿੱਚ ਫਸ ਜਾਵੇ ਯਾਰੋ! ਜਿਹੜਾ ਇਨਸਾਨ
ਹਰ ਵੇਲੇ ਸੂਲੀ ਉੱਤੇ ਟੰਗੀ ਰਵੇ ਉਹਦੀ ਜਾਨ
ਉਹਦੇ ਮੁਖੜੇ 'ਤੇ ਰਹਿੰਦਾ ਨਹੀਂ ਏ ਨੂਰ ਸਾਥੀਓ
ਭੈੜੇ ਨਸ਼ਿਆਂ ਦੇ ਕੋਲੋਂ....

ਇਕ ਹੋਵੇ ਬਦਨਾਮੀ ਦੂਜਾ ਘਰ ਦਾ ਉਜਾੜਾ
'ਅਮਰ' ਐਬੀ ਬੰਦੇ ਹਰ ਥਾਂ 'ਤੇ ਪਾਂਦੇ ਪੁਆੜਾ
ਕੋਈ ਹੁੰਦਾ ਨਹੀਂ ਉਨ੍ਹਾਂ ਦਾ ਦਸਤੂਰ ਸਾਥੀਓ
ਭੈੜੇ ਨਸ਼ਿਆਂ ਦੇ ਕੋਲੋਂ ...

"ਧੀਆਂ ਨਾ ਮਾਰੋ'

—ਗੁਰਦੇਵ ਸਿੰਘ ਚੱਘਰ

ਸ਼ਹਿਰਾਂ ਦੇ ਪਰਮੁਖ ਬਜ਼ਾਰੀਂ ਕਹਿਰ ਨੇ ਪੈਰ ਪਸਾਰੇ।
ਜਨਮੋਂ ਪਹਿਲਾਂ ਮਾਰਨ ਧੀਆਂ, ਧੀਆਂ ਦੇ ਹਤਿਆਰੇ।

ਮਾਵਾਂ ਵੀ ਤਾਂ ਕਦੀ ਧੀਆਂ ਸਨ ਖਾਨਦਾਨ ਦੀਆਂ ਲਾਜਾਂ,
ਸੋਂਗੀ ਵਰਗੀ ਧੀ ਨਾ ਲੋਚਣ, ਲੋਚਣ ਪੁੱਤ ਛੁਆਰੇ।

ਕੌਣ ਮਸ਼ੀਨ ਦੇਊਗੀ ਬੇਟੇ ? ਜੇ ਧੀਆਂ ਮੁੱਕ ਗਈਆਂ,
ਡੰਗਰਾਂ ਵਾਂਗੂੰ ਵੱਗਾਂ ਦੇ ਵੱਗ ਫਿਰਨਗੇ ਪੁੱਤ ਕੁਆਰੇ।

ਇਸ ਦੌਰ ਦੀ ਉਲਝੀ ਤਾਣੀ ਛੇਤੀਂ ਰਾਸ ਨਹੀਂ ਆਉਣੀ,
ਭੋਗਣਗੀਆਂ ਆਉਂਦੀਆਂ ਨਸਲਾਂ ਇਸ ਪੀੜ੍ਹੀ ਦੇ ਕਾਰੇ।

"ਏਕਾ ਨਾਰੀ ਸਦਾ ਜਤੀ" ਉੱਡ ਜਾਸੀ ਖੰਭ ਲਾਕੇ,
ਏਡਜ਼ ਦੀ ਬੀਮਾਰੀ ਦੇ ਹੋਸਨ ਵਾਰੇ-ਨਿਆਰੇ।

ਪਿਉ ਤਾਂ ਆਪਣੀ ਜ਼ਾਤ ਵਧਾਵੇ, ਮਾਂ ਕਿਉਂ ਜ਼ਾਤ ਘਟਾਵੇ?
ਮਾਂ ਵੀ ਮੰਦਿਰ ਸੁੱਖਾਂ ਸੁੱਖੇ, ਜੇ ਪਿਉ ਗੁਰੂ-ਦੁਆਰੇ।

ਡਾਕਟਰ, ਮੁਨਸਫ਼, ਹਵਾ-ਬਾਜ਼ ਕੁੜੀਆਂ ਕਿੱਥੋਂ ਪਿੱਛੇ ?
ਧੀਆਂ ਚਮਕਣ ਵਾਂਗ ਚੰਦਰਮਾ, ਪੁੱਤ ਅੰਬਰਾਂ ਦੇ ਤਾਰੇ।

ਨਾ ਸਰਦਾ ਏ ਬਾਝ ਪੁੱਤਾਂ ਦੇ, ਨਾ ਧੀਆਂ ਬਿਨ ਸਰਨਾ,
ਪੁੱਤਰ ਹੈ ਜੇ ਸਾਂਝ ਜਗਤ ਦੀ, ਧੀ ਦਾਤੀ ਸੰਸਾਰੇ।

ਤੱਤੀ ਵਾ ਜੇ ਲੱਗੇ ਭਰਾ ਨੂੰ ਭੈਣ ਤਦੋਂ ਕੁਮਲਾਵੇ
ਧੀ ਪੁੱਤਰ ਦੇ ਸਿਰ ਹੱਥ ਧਰਕੇ ਮਾਂ ਪਿਉ ਲੈਣ ਹੁਲਾਰੇ।

ਪਿੰਡ ਚਚਰਾੜੀ (ਜਲੰਧਰ)

ਦੋ ਰੁਬਾਈਆਂ

ਨਵਰਾਹੀ ਘੁਗਿਆਣਵੀ

1. ਮੇਰੀ ਜਾਚੇ ਇਹ ਜੀਵਨ ਹੈ, ਦੋ ਘੜੀਆਂ ਦੀ ਫੇਰੀ।
ਉਹ ਘੜੀਆਂ ਵੀ ਖ਼ਤਮ ਹੋ ਗਈਆਂ, ਕਰਦਿਆਂ ਤੇਰੀ ਮੇਰੀ।
ਆਏ, ਬੈਠੇ, ਟੁਰ ਪਏ ਰਾਹੀਂ,ਟਿਡਾਂ ਵਾਲੇ, ਰੇੜੇ
'ਨਵਰਾਹੀ' ਕੋਈ ਇਹ ਗੱਲ ਪਾਵੇ, ਕਰਕੇ ਨਜ਼ਰ ਉਚੇਰੀ।

2. ਕੂੜੇ ਜੱਗ ਤੋਂ ਫਿੱਕਿਆਂ ਪੈ ਕੇ, ਅਸੀਂ ਇਕਾਂਤਾਂ ਮੱਲੀਆਂ।
ਸਿਮਰਨ ਦਾ ਬੰਨ੍ਹ ਮਾਰ ਅਸਾਂ ਨੇ, ਮਾਰੂ ਕਾਂਗਾਂ ਠੱਲ੍ਹੀਆਂ।
ਅਸੀਂ ਬਿਬੇਕ ਬਿਬਾਨਾਂ ਰਾਹੀਂ, ਚੜ੍ਹਦੇ ਗਏ ਉਤਾਹਾਂ;
'ਨਵਰਾਹੀ' ਮਿਹਰਾਂ ਦੇ ਮੰਡਲੀਂ, ਜੋਤਾਂ ਜਗਣ ਅਵੱਲੀਆਂ।

ਬਸ ਤੂੰ ਹੀ ਤੂੰ

ਸੁਬਾ ਸੁਰਿੰਦਰ ਕੌਰ ਖਰਲ

ਤੇਰੇ ਅਥਾਹ ਡੂੰਘੇ ਸਮੁੰਦਰ ਜਿਹੇ ਨੈਣਾਂ 'ਚ
ਮੈਨੂੰ ਸਾਰਾ ਬ੍ਰਹਿਮੰਡ ਨਜ਼ਰ ਆਉਂਦਾ ਹੈ!
ਤੇਰੇ ਹੋਠਾਂ 'ਚੋਂ ਨਿਕਲੇ ਸ਼ਬਦਾਂ ਦਾ ਹਰ ਫੁੱਲ,
ਜੀਅ ਕਰਦੈ ਆਪਣੀ ਝੋਲੀ 'ਚ ਸਮੇਟ ਲਵਾਂ
ਤੇ ਸੁਗੰਧੀ ਬਿਖੇਰਨ ਲਈ ਚੁਣ ਚੁਣ ਕੇ,
ਕਾਗਜ਼ਾਂ ਉੱਤੇ ਸਜਾ ਦੇਵਾਂ।
ਤੇਰਾ ਦੀਦਾਰ ਕਰ
ਬੇਖ਼ੌਫ਼ ਬੇਫ਼ਿਕਰ ਆਪਾ ਖਿੜ-ਖਿੜ ਉੱਠਦਾ ਹੈ
ਇਕਾਂਤ ਦੇ ਲਮ੍ਹਿਆਂ ਵਿਚ ਤੇਰਾ ਸਿਮਰਨ
ਰੂਹ ਨਸ਼ਿਆ ਜਾਂਦਾ ਹੈ
ਤੇਰੇ ਚਰਨ ਸਪਰਸ਼ ਮਾਣਦਾ ਹੈ ਜਦ ਵੀ ਮਸਤਕ
ਜਾਪਦੈ ਹੁਣੇ ਤੀਜੀ ਅੱਖ ਖੁੱਲ੍ਹ ਜਾਵੇਗੀ
ਜਾਗਦੀਆਂ ਅੱਖਾਂ ਦਾ ਸੁਪਨਾ ਹੈ ਜੋ,
ਸਭ ਝੂਠ ਹੈ।
ਮੇਰੇ ਲਈ ਤਾਂ ਬਸ ਹੁਣ
ਤੂੰ ਹੀ ਤੂੰ ਹੈਂ
ਤੂੰ ਹੀ ਤੂੰ, ਬਸ ਤੂੰ ਹੀ ਤੂੰ।

ਤੇਰਾ ਅਹਿਸਾਸ

ਨੈਣ ਮੇਰੇ ਵਿਆਕੁਲ ਰਹਿੰਦੇ ਹਨ,
ਕਰਨ ਨੂੰ ਬਸ ਤੇਰਾ ਹੀ ਦੀਦਾਰ।
ਕੰਨ ਮੇਰੇ ਤਰਸਦੇ ਹੀ ਰਹਿੰਦੇ ਨੇ,
ਸੁਣਨ ਨੂੰ ਬਸ ਤੇਰੀ ਹੀ ਆਵਾਜ਼।
ਜੀਭ ਵੀ ਤਾਂ ਝੱਲੀ ਚਾਹੁੰਦੀ ਹੈ,
ਬਸ ਤੇਰਾ ਹੀ ਨਾਂ ਲੈਣਾ।
ਦ੍ਰਿਸ਼ਟੀ ਤਾਂ ਸਦਾ ਲੋਚਦੀ ਹੈ,
ਕਰਨਾ ਤੇਰੇ ਹੀ ਚਰਨ-ਸਪਰਸ਼।
ਕਲਪਨਾ ਮੇਰੀ ਉਡ ਜਾ ਬਹਿੰਦੀ ਹੈ,
ਬਸ ਤੇਰੇ ਹੀ ਕੋਲੋਂ ਕੋਲ।
ਜਿੰਦ ਮੇਰੀ ਭਰਪੂਰ ਰਹਿੰਦੀ ਹੈ
ਤੇਰੇ ਹੀ ਅਹਿਸਾਸ ਨਾਲ
ਮੇਰੇ ਸਭ ਪਾਸੇ
ਤੂੰ ਹੀ ਹੈਂ
ਤੂੰ ਹੀ ਤਾਂ ਹੈਂ!

ਗ਼ਜ਼ਲ

—ਡੀ.ਆਰ. ਧਵਨ

ਇਹ ਗ਼ਜ਼ਲ ਹਿੰਦ ਪਾਕਿ ਦੋਸਤੀ ਦੀਆਂ ਗੰਢਾਂ ਪੀਚੀਆਂ ਕਰਨ ਲਈ ਤਸ਼ਰੀਫ਼ ਲਿਆਏ ਅਦੀਬਾਂ, ਕਲਾਕਾਰਾਂ ਤੇ ਹੋਰ ਦੋਸਤਾਂ ਦੇ ਖ਼ੈਰਮਕਦਮ 'ਚ ਹੈ—

ਮਹਿਕਾਂ ਲੱਦੀਆਂ ਵਾਵਾਂ ਆਈਆਂ, ਵਾਹ ਪਈ ਵਾਹ।
ਪਿਆਰ ਦੀਆਂ ਬਦਲੋਟੀਆਂ ਛਾਈਆਂ, ਵਾਹ ਪਈ ਵਾਹ।

ਇਕ ਸੁਰ ਹੋ ਕੇ ਬੋਲੇ ਸਾਜ਼ ਮੁਹੱਬਤ ਦੇ
ਮਿਹਰ ਕਰੀਂ ਦੁਨੀਆਂ ਦੇ ਸਾਈਆਂ, ਵਾਹ ਪਈ ਵਾਹ।

ਕੰਧਾਂ ਤੇ ਸਰਹੱਦਾਂ ਟੱਪ ਕੇ ਆ ਮਿਲੀਆਂ
ਭੱਝੀਆਂ ਬਾਹਵਾਂ ਗਲ਼ ਨੂੰ ਆਈਆਂ, ਵਾਹ ਪਈ ਵਾਹ।

ਚਿਰੀਂ ਵਿਛੁੰਨੇ ਆਰੋਂ ਪਾਰੋਂ ਸੱਜਣਾਂ ਨੇ,
ਹੁੱਬ-ਹੁੱਬ ਕੇ ਜੱਫੀਆਂ ਪਾਈਆਂ ਵਾਹ ਪਈ ਵਾਹ।

ਜਾਮ ਮੁਹੱਬਤ ਵਾਲੇ ਛਲਕੇ ਨੈਣਾਂ 'ਚੋਂ',
ਪਿਆਸੀਆਂ ਅੱਖੀਆਂ ਭਰ-ਭਰ ਆਈਆਂ, ਵਾਹ ਪਈ ਵਾਹ।

ਤੇਰ-ਮੇਰ ਦਾ ਪਰਦਾ ਪਾਸੇ ਹਟਿਆ ਹੈ
ਨਜ਼ਰਾਂ ਸੰਗ ਨਜ਼ਰਾਂ ਟਕਰਾਈਆਂ, ਵਾਹ ਪਈ ਵਾਹ

ਕਾਸੇ ਭਰ-ਭਰ ਪੀਤੇ ਪਿਆਸੀਆਂ ਰੂਹਾਂ ਨੇ:
ਸਾਕੀ ਭਰ-ਭਰ ਦਵੇ ਸੁਰਾਹੀਆਂ, ਵਾਹ ਪਈ ਵਾਹ

ਨੀਲਾ ਅੰਬਰ ਧਰਤੀ 'ਤੇ ਆ ਵਿਛਿਆ ਹੈ
ਚਾਨਣੀਆਂ ਰਾਤਾਂ ਨਸ਼ਿਆਈਆਂ, ਵਾਹ ਪਈ ਵਾਹ।

ਕੌਣ 'ਧਵਨ' ਰੋਕੇਗਾ ਹੜ੍ਹ ਅਪਣਤ ਵਾਲਾ,
ਦਿਲ ਦਰਿਆ ਵਿਚ ਕਾਂਗਾਂ ਆਈਆਂ, ਵਾਹ ਪਈ ਵਾਹ!

> ਜੀਵਨ ਇਕ ਪਵਿੱਤਰ ਅਤੇ ਅਮੁੱਲ ਵਰਦਾਨ ਹੈ, ਪਰ ਫਿਰ ਵੀ ਮਨੁੱਖ ਇਕ ਦੂਜੇ ਨਾਲ ਇਸ ਤਰ੍ਹਾਂ ਲੜਦੇ ਹਨ ਜਿਵੇਂ ਚੀਤੇ ਅਤੇ ਬਘਿਆੜ ਵੀ ਨਹੀਂ ਲੜਦੇ। ਅਸੀਂ ਜੰਗ ਨੂੰ ਹੈਵਾਨੀ ਕਹਿੰਦੇ ਹਾਂ ਪਰ ਕੋਈ ਵੀ ਹੈਵਾਨ ਮਨੁੱਖ ਜਿਤਨਾ ਜ਼ਾਲਿਮ ਅਤੇ ਝਗੜਾਲੂ ਨਹੀਂ ਹੁੰਦਾ।
>
> ਲਾਲਾ ਹਰਦਿਆਲ
>
> ਹਿੰਟਸ ਫਾਰ ਸੈਲਫ ਕਲਚਰ

ਸੁਧਾਰ ਘਰ ?

—ਜਗਦੀਸ਼ ਪ੍ਰਸਾਦਿ ਕੌਸ਼ਿਕ

ਦੋ ਨੰਬਰੀਏ ਅਰਥਾਤ ਝੂਠੀ ਰਿਪੋਰਟ ਪੇਸ਼ ਕਰਕੇ ਬਣੇ ਸੁਤੰਤਰਤਾ ਸੰਗ੍ਰਾਮੀ ਪੰ. ਆਤਮਾ ਰਾਮ ਜਦੋਂ ਆਪਣੇ ਪੰਜ ਸ਼ਰਧਾਲੂ ਚਮਚਿਆਂ ਨਾਲ ਜੇਲ੍ਹ ਪੁੱਜੇ ਤਾਂ ਜੇਲ੍ਹ ਦੇ ਮੁੱਖ ਦਰਵਾਜ਼ੇ, ਦੇ ਥੋੜ੍ਹਾ ਉੱਪਰ ਮੋਟੇ ਅੱਖਰਾਂ ਵਿਚ 'ਜ਼ਿਲ੍ਹਾ ਜੇਲ੍ਹ ਡੱਡਣਪੁਰ ਦੀ ਥਾਂ 'ਸੁਧਾਰ ਘਰ ਡੂਡਣਪੁਰ' ਲਿਖਿਆ ਦੇਖ ਕੇ ਹੈਰਾਨ ਰਹਿ ਗਏ। ਉਹਨਾਂ ਨੂੰ ਆਪਣੀਆਂ ਅੱਖਾਂ ਉੱਤੇ ਵਿਸ਼ਵਾਸ ਨਾ ਆਇਆ ਅਤੇ ਉਹਨਾਂ ਨੇ ਐਨਕਾਂ ਦੇ ਸ਼ੀਸ਼ਿਆਂ ਨੂੰ ਰੁਮਾਲ ਨਾਲ ਸਾਫ ਕਰਕੇ ਅਤੇ ਅੱਖਾਂ ਨੂੰ ਥੋੜ੍ਹਾ ਉੱਪਰ ਉਠਾ ਕੇ ਫੇਰ ਦੇਖਿਆ। ਪਰ 'ਸੁਧਾਰ ਘਰ' ਸ਼ਬਦ ਫੇਰ ਵੀ 'ਜ਼ਿਲ੍ਹਾ ਜੇਲ੍ਹ' ਵਿੱਚ ਨਹੀਂ ਬਦਲ ਸਕਿਆ। ਪੰ. ਆਤਮਾ ਰਾਮ ਅੱਜ ਦੂਜੀ ਵਾਰ ਜੇਲ੍ਹ ਆਏ ਸਨ। ਪਹਿਲੀ ਵਾਰ ਜਦੋਂ ਸੰਨ ੧੯੪੨ ਵਿਚ ਦੇਸ ਵਿਚ 'ਅੰਗਰੇਜ਼ੋ ਭਾਰਤ ਛੱਡੋ' ਅੰਦੋਲਨ ਚਲ ਰਿਹਾ ਸੀ ਤਾਂ ਉਹਨਾਂ ਨੇ ਇੱਕ ਸਿਪਾਹੀ ਦੇ ਮੂੰਹ ਤੇ ਥੱਪੜ ਮਾਰ ਦਿਤਾ ਸੀ। ਥੱਪੜ ਦਾ ਸੰਬੰਧ ਆਜ਼ਾਦੀ ਦੀ ਲਹਿਰ ਨਾਲ ਨਹੀਂ ਸੀ ਬਲਕਿ ਸਿਪਾਹੀ ਨੇ ਉਹਨਾਂ ਨੂੰ ਸ਼ਰਾਬ ਦੇ ਨਸ਼ੇ ਵਿਚ ਧੁੱਤ ਦੇਖ ਕੇ ਚੌਕ ਵਿਚੋਂ ਆਪਣੇ ਘਰ ਜਾਣ ਲਈ ਕਹਿ ਦਿੱਤਾ ਸੀ। ਥੱਪੜ ਮਾਰਨ ਦੇ ਦੋਸ਼ ਹੇਠ ਉਨ੍ਹਾਂ ਨੂੰ ਇਕ ਮਹੀਨੇ ਦੀ ਸਜ਼ਾ ਹੋ ਗਈ ਸੀ। ਫੇਰ ਦੇਸ ਆਜ਼ਾਦ ਹੋ ਗਿਆ। ਹਜ਼ਾਰਾਂ ਦੂਜੇ ਖੁਸ਼ਕਿਸਮਤਾਂ ਵਾਂਗ ਉਨ੍ਹਾਂ ਦੀ ਭੀ ਲਾਟਰੀ ਖੁੱਲ੍ਹ ਗਈ। ਅਰਥਾਤ ਉਨ੍ਹਾਂ ਨੇ ਕਿਸੇ ਨੇਤਾ ਦੀ ਮੁੱਠੀ ਚਾਪੀ ਕਰਕੇ ਆਜ਼ਾਦੀ ਲਈ ਜੇਲ੍ਹ ਕੱਟੀ ਦਾ ਸਰਟੀਫਿਕੇਟ ਪ੍ਰਾਪਤ ਕਰ ਲਿਆ, ਜਿਹੜਾ ਉਨ੍ਹਾਂ ਲਈ ਅਲਾਦੀਨ ਦਾ ਚਿਰਾਗ਼ ਸਿੱਧ ਹੋ ਕੇ ਰਹਿ ਗਿਆ। ਅਰਥਾਤ ਕਾਗਜ਼ ਦੇ ਉਸ ਸਰਕਾਰੀ ਪੁਰਜ਼ੇ ਨੇ ਉਨ੍ਹਾਂ ਦੇ ਦੁੱਖ ਦਲਿਦਰ ਇਂਜ ਦੂਰ ਕਰ ਦਿਤੇ ਜਿਵੇ ਅੱਜ ਕਲ੍ਹ ਨਿਰਮਾ ਵਾਸ਼ਿੰਗ ਪਾਊਡਰ ਕੱਪੜਿਆਂ ਦੀ ਮੈਲ ਦਾ ਝਟਕਾ ਕਰ ਦਿੰਦਾ ਹੈ। ਜਦੋਂ ਆਜ਼ਾਦੀ ਨੇ ਲੱਖਾਂ ਲੋਕਾਂ ਦੇ ਉੱਲੂ ਸਿਧੇ ਕਰ ਦਿਤੇ, ਨੌਜੁਆਨਾਂ ਨੂੰ ਬੁੱਢਾਪਾ ਪੈਨਸ਼ਨ ਦੇ ਗੱਫੇ ਮਿਲਣ ਲੱਗ ਪਏ, ਪੜ੍ਹੇ ਲਿਖੇ ਨੌਜੁਆਨਾਂ ਨੂੰ ਨੌਕਰੀ ਦੀ ਥਾਂ ਬੇ-ਕਾਰੀ ਭੱਤਾ ਮਿਲਣ ਲੱਗ ਪਿਆ, ਅੱਠਵੀਂ ਫੇਲ੍ਹ ਵੋਟਰ ਬਾਬਿਆਂ ਦੀ ਕ੍ਰਿਪਾ ਨਾਲ ਮੰਤਰੀ ਬਣ ਕੇ ਬੀ. ਏ. ਐਮ. ਏ. ਪਾਸ ਬਦਕਿਸਮਤਾਂ ਤੇ ਹੁਕਮ ਚਲਾਉਣ ਲੱਗ ਪਏ, ਤਾਂ ਪੰ. ਆਤਮਾ ਰਾਮ ਨੇ ਕਿਹੜਾ ਰੱਬ ਦੇ ਮਾਂਹ ਮਾਰੇ ਸਨ, ਜੋ ਉਨ੍ਹਾਂ ਦੇ ਵਾਰੇ ਨਿਆਰੇ ਨਾ ਹੁੰਦੇ।

ਜੇਲ੍ਹ ਯਾਤਰਾ ਦਾ ਸਰਟੀਫਿਕੇਟ ਮਿਲਣ ਨਾਲ ਉਹਨਾਂ ਉਤੇ ਸੁਤੰਤਰਤਾ ਸੈਨਾਨੀ ਦੀ ਪੱਕੀ ਮੋਹਰ ਲੱਗ ਗਈ। ਸਰਕਾਰੀ ਸਹੂਲਤਾਂ ਤਾਂ ਮਿਲਣੀਆਂ ਹੀ ਸਨ, ਨਾਲ-ਨਾਲ ਲੀਡਰੀ ਦਾ ਧੰਦਾ ਭੀ ਇੰਜ ਚਮਕ ਪਿਆ, ਜਿਵੇਂ ਸਾਵਨ-ਭਾਦੋਂ ਦੀਆਂ ਘਟਾਵਾਂ ਬਿਖਰਨ ਤੇ ਸੂਰਜ ਦੀ ਧੁੱਪ ਚਮਕਦੀ ਹੈ। ਵਾਰਡ ਵਿਚ ਕੋਈ ਛੋਟਾ ਮੋਟਾ ਝਗੜਾ ਹੋ ਜਾਂਦਾ, ਕਿਸੇ ਘਰ ਵਿਚ ਸੱਸ ਨੂੰਹ ਦਾ ਕਾਟੋ-ਕਲੇਸ਼ ਸ਼ੁਰੂ ਹੋ ਜਾਂਦਾ, ਕਿਸੇ ਦੀ ਕੁੜੀ ਨੂੰ ਉਸ ਦੇ ਸਹੁਰੇ ਨਾ ਲੈ ਜਾਂਦੇ, ਕੋਈ ਮੁੰਡਾ ਮਾਂ-ਪਿਉ ਤੋਂ ਵੱਖ ਹੋਣ ਦੀ ਗੱਲ ਕਰਦਾ– ਤਾਂ ਇਹਨਾਂ ਸਮੱਸਿਆਵਾਂ ਦਾ ਸਮਾਧਾਨ ਪੰ. ਆਤਮਾ ਰਾਮ ਹੀ ਕਰਦੇ, ਜਿਵੇਂ ਉਹ ਆਤਮਾਰਾਮ ਨਾ ਹੋਣ ਬਲਕਿ ਪੰ. ਠਾਕੁਰ ਦੱਤ ਦਾ ਬਣਾਇਆ ਅੰਮ੍ਰਿਤਧਾਰਾ ਹੋਣ। ਘਰ ਦੇ ਬਣੇ ਖੱਦਰ ਦੀ ਦੁੱਧ ਚਿੱਟੀ ਰਾਸ਼ਟਰੀ ਪੋਸ਼ਾਕ ਪਹਿਨ ਕੇ ਜਦੋਂ ਉਹ ਕਿਸੇ ਦਫ਼ਤਰ ਵਿਚ ਜਾਂਦੇ ਤਾਂ ਸਲਾਮਾਂ ਦੀ ਝੜੀ ਜਿਹੀ ਲੱਗ ਜਾਂਦੀ। ਸਿਕੇਬੰਦ ਨੇਤਾ ਸਿੱਧ ਕਰਨ ਲਈ ਪੰਜ ਸੱਤ ਪਹਿਲਵਾਨ ਚਮਚੇ ਵੀ ਉਨ੍ਹਾਂ ਪਾਲ ਰਖੇ ਸਨ।

ਅੱਜ ਦੂਜੀ ਵਾਰ ਜੇਲ੍ਹ ਆਉਣ ਦਾ ਕਾਰਣ ਵੀ ਬੜਾ ਦਿਲਚਸਪ ਸੀ। ਇਕ ਦਿਨ ਭਗਤਾਂ ਵਾਲੇ ਮੁਹੱਲੇ ਦੇ ਇਕ ਚੌਕ ਵਿਚ ਸਵੇਰੇ-ਸਵੇਰੇ ਮੁਰਗੇ ਦੇ ਫੰਗ ਪਏ ਦਿਖਾਈ ਦਿਤੇ। 'ਭਗਤਾਂ ਵਾਲੇ ਮੁਹੱਲੇ ਵਿਚ ਮੁਰਗੇ ਦੇ ਫੰਗ ?" ਇਹ ਅਨ-ਹੋਣੀ ਘਟਨਾ ਦੇਖ ਕੇ ਮੁਹੱਲੇ ਦੇ ਸਾਰੇ ਧਰਮ-ਪ੍ਰੇਮੀ ਸੱਜਣ ਅਤੇ ਸੱਜਣੀਆਂ, ਕੱਪੜਿਆਂ ਤੋਂ ਬਾਹਰ ਹੋ ਗਏ, ਫੌਰਨ ਭਗਤ ਅਤੇ ਭਗਤਣੀਆਂ ਦੀ ਭੀੜ ਜਮ੍ਹਾਂ ਹੋ ਗਈ। ਰੌਲਾ ਮਚ ਗਿਆ। ਇਹ ਕਿਸੇ ਫਿਰਕਾਪ੍ਰਸਤ ਦੀ ਸ਼ਰਾਰਤ ਹੈ , ਸਾਡੀਆਂ ਧਾਰਮਿਕ ਭਾਵਨਾਵਾਂ ਉੱਤੇ ਹਮਲਾ ਹੈ, ਇਸ ਕੁਕਰਮ ਨਾਲ ਮੁਹੱਲੇ ਦੀ ਪਵਿੱਤਰਤਾ ਭੰਗ ਹੋ ਗਈ ਹੈ, ਅਸੀਂ ਬਦਲਾ ਲੈ ਕੇ ਰਾਹਾਂਗੇ, ਇੱਟ ਦਾ ਜਵਾਬ ਪੱਥਰ ਨਾਲ ਦੇਵਾਂਗੇ। ਕਿਸੇ ਮਨਚਲੇ ਨੇ ਨਾਅਰਾ ਬੁਲੰਦ ਕੀਤਾ' ਜੋ ਹਮ ਸੇ ਟਕਰਾਏਗਾ, ਚੂਰ-ਚੂਰ ਹੋ ਜਾਏਗਾ।' ਖੈਰ, ਜਿੰਨੇ ਮੂੰਹ ਉਤਨੀਆਂ ਗੱਲਾਂ। ਜਿੰਨਾ ਜੋਸ਼, ਉਤਨੇ ਗਰਮ ਨਾਅਰੇ। ਆਖਿਰ ਵਿਚ ਕੁੱਝ ਖੜਪੰਚਾਂ ਨੇ ਫੈਸਲਾ ਕੀਤਾ ਕਿ ਇਕ ਡੈਪੂਟੇਸ਼ਨ ਪੰਡਤ ਜੀ ਦੀ ਸੇਵਾ ਵਿਚ ਜਾ ਕੇ ਸਾਰੀ ਘਟਨਾ ਦੀ ਜਾਣਕਾਰੀ ਉਨ੍ਹਾਂ ਨੂੰ ਦੇਵੇ, ਤਾਂ ਜੋ ਅਗਲਾ ਐਕਸ਼ਨ ਪ੍ਰੋਗਰਾਮ ਉਲੀਕਿਆ ਜਾਵੇ।

ਆਖਿਰ ਇਕ ਡੈਪੂਟੇਸ਼ਨ— ਜਿਸ ਵਿਚ ਇਕ ਦੁੱਧ ਵੇਚਣ ਵਾਲਾ ਜੋ ਦੁੱਧ ਪਾਣੀ ਇਕ ਕਰਕੇ ਗਾਹਕਾਂ ਨੂੰ ਸਮਾਜਵਾਦ ਦਾ ਆਦਰਸ਼ ਪੇਸ਼ ਕਰਿਆ ਕਰਦਾ ਸੀ, ਦੂਜਾ ਮੈਂਬਰ ਇਕ ਸਰਕਾਰੀ ਦਫਤਰ ਦਾ ਹੈਡ-ਕਲਰਕ ਜਿਹੜਾ ਬਿਨਾਂ ਚਾਹ ਪਾਣੀ ਦੀ ਸੇਵਾ ਕਰਵਾਏ ਕਾਗਜ਼ ਐਧਰ ਦਾ ਉਧਰ ਨਹੀਂ ਕਰਦਾ ਸੀ, ਤੀਜਾ ਸਰਕਾਰੀ ਬਿਲਡਿੰਗ ਦਾ ਠੇਕੇਦਾਰ, ਜਿਸ ਨੇ ਸਰਕਾਰੀ ਕੋਠੀਆਂ ਦੇ ਨਾਲ ਨਾਲ ਆਪਣੇ ਦੋ ਸ਼ਾਨਦਾਰ ਰੈਣ—ਬਸੇਰੇ ਭੀ ਸਰਕਾਰੀ ਮੇਟੀਰੀਅਲ ਨਾਲ ਬਣਾ ਲਏ ਸਨ ਅਤੇ ਦੋ ਹੋਰ ਧਰਮ ਪ੍ਰੇਮੀ ਸੱਜਣ, ਜਿਹੜੇ ਮੰਦਰ ਦੇ ਚੰਦਿਆਂ ਨਾਲ ਆਪਣੇ ਬਾਲ-ਗੋਪਾਲਾਂ ਦਾ ਤੋਰੀ ਫੁਲਕਾ ਚਲਾਉਂਦੇ ਸਨ—ਪੰਡਤ ਜੀ ਦੀ ਸੇਵਾ ਵਿਚ ਪੁੱਜਿਆ ਅਤੇ ਉਨ੍ਹਾਂ ਨੂੰ ਸਾਰੀ ਹਾਲਤ ਤੋਂ ਜਾਣੂ ਕਰਵਾ ਦਿੱਤਾ। ਜਨ ਸੇਵਕ ਪੰਡਤ ਜੀ ਸੁਣਦੇ ਸਾਰ ਬਿਜਲੀ ਦੇ ਝਟਕੇ ਦੀ ਤਰ੍ਹਾਂ ਵਾਰਦਾਤ ਵਾਲੀ ਥਾਂ ਤੇ ਪੁੱਜ ਗਏ। ਫੰਗਾਂ ਨੂੰ ਦੇਖ ਦੇ ਫੌਰਨ ਐਲਾਨ ਕਰ ਦਿੱਤਾ ਕਿ ਜਿਤਨੀ ਦੇਰ ਸਰਕਾਰ ਦੋਸ਼ੀਆਂ ਨੂੰ ਨਹੀਂ ਫੜਦੀ ਅਤੇ ਸਜ਼ਾ ਨਹੀਂ ਦਿੰਦੀ, ਉਤਨੀ ਦੇਰ ਤੱਕ ਅਸੀਂ ਭੁੱਖ ਹੜਤਾਲ ਤੇ ਬੈਠਾਂਗੇ। ਤਾਲੀਆਂ ਦੀ ਗੜਗੜ ਹੀ ਅਤੇ ਪੰਡਿਤ ਆਤਮਾ ਰਾਮ ਜਿੰਦਾਬਾਦ ਦੇ ਨਾਅਰਿਆਂ ਨਾਲ ਆਕਾਸ਼ ਗੂੰਜ ਉਠਿਆ ਚਾਰ ਸਿੱਕੇਬੰਦ ਚਮਚਿਆਂ ਨੇ ਭੀ ਆਪਣੇ ਗੁਰੂ ਘੰਟਾਲ ਨਾਲ ਭੁੱਖ ਹੜਤਾਲ ਤੇ ਬੈਠਣ ਦਾ ਐਲਾਨ ਕਰ ਦਿੱਤਾ।

ਸਰਕਾਰ ਨੇ ਇਹ ਸੋਚ ਕੇ ਕਿ ਸ਼ਹਿਰ ਵਿਚ ਫਿਰਕੂ ਫਸਾਦ ਨਾ ਹੋ ਜਾਵੇ, ਸਾਥੀਆਂ ਸਮੇਤ ਪੰ. ਜੀ ਦਾ ਜੁਡੀਸ਼ੀਅਲ ਰਿਮਾਂਡ ਲੈ ਕੇ ਜੇਲ੍ਹ ਭੇਜ ਦਿੱਤਾ। ਪਿਛੋਂ ਪੜਤਾਲ ਕਰਨ ਤੋਂ ਪਤਾ ਲਗਿਆ ਕਿ ਮੁਰਗੇ ਦੇ ਫੰਗ ਕਿਸੇ ਸ਼ਰਾਰਤੀ ਨੇ ਨਹੀਂ ਬਲਕਿ ਕਿਸੇ ਕੁੱਤੇ ਨੇ ਦੂਜੇ ਮੁਹੱਲੇ ਤੋਂ ਲਿਆ ਕੇ ਐਥੇ ਸੁਟ ਦਿਤੇ ਸਨ, ਬੋਟੀਆਂ ਆਪ ਖਾ ਗਿਆ ਸੀ।

ਜੇਲ੍ਹ ਦੇ ਅੰਦਰ ਜਾ ਕੇ ਪੰਡਿਤ ਜੀ ਨੇ ਪਹਿਲਾਂ ਨਾਲੋਂ ਕਾਫੀ ਤਬਦੀਲੀ ਦੇਖੀ। ਬੈਠਕਾਂ ਵਿਚ ਪੱਖੇ ਲੱਗੇ ਹੋਏ ਸਨ। ਰੇਡੀਓ ਅਤੇ ਟੀ.ਵੀ. ਸੈਟ ਫਿਟ ਸਨ, ਪੜ੍ਹਨ ਲਈ ਅਖਬਾਰ ਆਉਂਦੇ ਸਨ, ਕੋਹਲੂ ਅਤੇ ਚੱਕੀ ਦੀ ਮੁਸ਼ੱਕਤ ਬੰਦ ਹੋ ਚੁੱਕੀ ਸੀ, ਕੈਦੀਆਂ ਦੀ ਪੜ੍ਹਾਈ ਦਾ ਵਧੀਆ ਪ੍ਰਬੰਧ ਸੀ। ਪਰ ਪੰਡਿਤ ਜੀ ਨੂੰ ਇਹਨਾਂ ਸਭ ਤਬਦੀਲੀਆਂ ਨਾਲ ਕੋਈ ਸਰੋਕਾਰ ਨਹੀਂ ਸੀ, ਉਹਨਾਂ ਨੂੰ ਸ਼ਰਾਬ ਅਤੇ ਅਫੀਮ ਦੇ ਸੇਵਨ ਦੀ ਆਦਤ ਸੀ, ਇਸ ਲਈ ਆਜ਼ਾਦ ਭਾਰਤ ਦੀ ਜੇਲ੍ਹ ਵਿਚ ਹੋਈ ਇਸ ਤਬਦੀਲੀ ਨੂੰ ਦੇਖ ਕੇ ਉਹਨਾਂ ਨੂੰ ਫਿਕਰ ਪੈ ਗਿਆ ਕਿ ਹੁਣ ਗੁਜ਼ਾਰਾ ਕਿਵੇਂ ਹੋਵੇਗਾ। ਇਕ ਦੋ ਦਿਨ ਤਾਂ ਜਿਵੇਂ-ਕਿਵੇਂ ਕੱਟ ਗਏ, ਪਰ ਤੀਜੇ ਦਿਨ ਉਹਨਾਂ ਨੇ ਡਰਦੇ ਡਰਦਿਆਂ ਇਕ ਵਾਰਡਰ ਨੂੰ ਪੁੱਛ ਹੀ ਲਿਆ 'ਭਾਈ! ਕੀ ਨਸ਼ੇ ਪਾਣੀ ਵਾਲਾ ਧੰਦਾ ਬੰਦ ਹੋ ਗਿਆ ਹੈ ? 'ਵਾਰਡਰ ਨੇ ਹੱਸ ਕੇ ਉੱਤਰ ਦਿੱਤਾ' ਕਿਉਂ ਇਹ ਧੰਦਾ ਬੰਦ ਕਿਵੇਂ ਹੋ ਸਕਦਾ ਹੈ, ਆਪਣੀ ਰੋਜ਼ੀ ਰੋਟੀ ਤੇ ਕੌਣ ਲੱਤ ਮਾਰ ਸਕਦਾ ਹੈ ? ਸ਼ਰਾਬ ਅਫੀਮ, ਗਾਂਜਾ ਸਮੈਕ ਦੀ ਤਾਂ ਗੱਲ ਹੀ ਮਾਮੂਲੀ ਹੈ, ਜੇ ਕੋਈ ਚਾਹੇ ਤਾਂ ਰਾਤ ਭਰ ਲਈ ਜਿਸਮ ਗਰਮ ਕਰਨ ਲਈ..... ਭੀ ਮਾਲ ਇਕਦਮ ਤਾਜ਼ਾ ਚੂਜ਼ਾ ਭੀ ਮਿਲ ਸਕਦਾ ਹੈ। ਹਾਂ, ਮਹਿੰਗਾਈ ਦੇ ਕਾਰਨ ਕਮੀਸ਼ਨ ਦੇ ਰੇਟ ਦੁਗਣੇ ਹੋ ਗਏ ਹਨ, ਜਿਸ ਚੀਜ਼ ਦੇ ਲੋੜ ਹੋਵੇ, ਮਿਲ ਜਾਇਆ ਕਰੇਗੀ... ਬੱਸ ਆਰਡਰ ਦੀ ਦੇਰ ਹੈ।'

ਵਾਰਡਨ ਦੀ ਗੱਲ ਸੁਣ ਕੇ ਪੰਡਿਤ. ਜੀ ਦਾ ਮੁਰਝਾਇਆ ਹੋਇਆ ਮਨ ਕੌਲ-ਡੋਡੇ ਦੀ ਤਰ੍ਹਾਂ ਖਿੜ ਗਿਆ, ਉਹ ਮਨ ਹੀ ਮਨ ਕਹਿ ਉਠੇ, ਚਲੋ, ਜੇਲ੍ਹ ਦੀ ਥਾਂ 'ਸੁਧਾਰ ਘਰ' ਲਿਖਣ ਨਾਲ ਕੀ ਫਰਕ ਪੈਂਦਾ ਹੈ, ਰੰਗ ਢੰਗ ਤਾਂ ਪਹਿਲਾਂ ਵਾਲੇ ਹੀ ਹਨ, ਇੱਕਲੀ ਬੋਤਲ ਬਦਲਣ ਨਾਲ ਸ਼ਰਾਬ ਤਾਂ ਨਹੀਂ ਬਦਲ ਜਾਂਦੀ, ਕਮੀਸ਼ਨ ਦਾ ਕੀ ਹੈ, ਅਸੀਂ ਵੀ ਤਾਂ ਲੀਡਰੀ ਦੇ ਰੇਟ ਵਧਾ ਹੀ ਛੱਡੇ ਹਨ, ਆਖਿਰ ਬੇਚਾਰਿਆਂ ਨੇ ਭੀ ਤਾਂ ਬੱਚਿਆਂ ਦਾ ਪੇਟ ਪਾਲਣਾ ਹੀ ਹੈ।

੧੧੦, ਬਾਹਰੀ ਥਨੇਸਰ
(ਹਰਿਆਣਾ)

ਵਿਚਿ ਦੁਨੀਆ ਸੇਵ ਕਮਾਈਐ॥
ਤਾਂ ਦਰਗਹ ਬੈਸਣੁ ਪਾਈਐ॥

ਗੁਰੂ ਨਾਨਕ ਦੇਵ

ਦੁਨੀਆਂ ਤਾਲਬ ਮਤਲਬ ਦੀ ਵੇ,
ਸੱਚ ਸੁਣ ਵੇ ਫਕੀਰਾ।
ਮਤਬਲ ਆਵੇ ਮਤਲਬ ਜਾਵੇ,
ਮਤਬਲ ਪਹਨਾਵੇ, ਮਤਬਲ ਖਿਆਲੇ,
ਮਤਬਲ ਪਿਆਲੇ ਨੀਰਾ।
ਕਹੇ ਹੁਸੈਨ ਜਿਨ ਮਤਬਲ ਛੋਡਿਆ
ਸੋ ਮੀਰਨ ਸਿਰ ਮੀਰਾ।

ਸ਼ਾਹ ਹੁਸੈਨ

ਇਹ ਦੁਨੀਆਂ ਤਿਲਕਣ-ਬਾਜ਼ੀ ਏ
ਤੂੰ ਪੈਰ ਸਮਝ ਕੇ ਧਰਿਆ ਕਰ।
ਕਿਸੇ ਨਿਰਧਨ, ਆਤੁਰ ਦੁਖੀਏ ਦਾ
ਕੁਝ ਭਾਰ ਵੀ ਹੌਲਾ ਕਰਿਆ ਕਰ।

ਨੰਦ ਲਾਲ ਨੂਰਪੁਰੀ

ਜੀ ਤੁਸੀਂ ਮੇਰੇ ਕੀ ਲਗਦੇ ਹੋ ?

—ਬਰਿੰਦਰ ਸਿੰਘ (ਸਟੇਟ ਐਵਾਰਡੀ)



ਕਈ ਦਿਨਾਂ ਬਾਅਦ ਸ਼ਾਮ ਦੀ ਚਾਹ ਅੱਜ ਆਪਣੇ ਘਰ ਸਕੂਨ ਨਾਲ ਬੈਠ ਕੇ ਪੀਣ ਦੇ ਮੌਕੇ ਨੂੰ ਹੋਰ ਵੀ ਖੁਸ਼ਗਵਾਰ ਬਣਾਉਣ ਲਈ ਹਲਕੀ ਆਵਾਜ਼ ਵਿਚ ਮਨ-ਪਸੰਦ ਸੰਗੀਤ ਲਗਾ, ਪਿਛਲੇ ਦਿਨਾਂ ਦੀਆਂ ਉਹ ਅਖ਼ਬਾਰਾਂ ਵੀ ਲੈ ਬੈਠਾ ਜਿਨ੍ਹਾਂ ਵਿਚਲੇ ਲੇਖ ਮੈਂ ਰੁਝੇਵਿਆਂ ਕਰਕੇ ਪਹਿਲਾਂ ਪੜ੍ਹ ਨਹੀਂ ਸੀ ਸਕਿਆ। ਆਪਣਾ ਚਾਹ ਦਾ ਕੱਪ ਫੜ ਕੋਲ ਆ ਬੈਠੀ ਪਤਨੀ ਨੇ ਜਦ ਮੈਨੂੰ ਅਖ਼ਬਾਰਾਂ ਵਿਚ ਖੁੱਭਿਆ ਦੇਖਿਆ ਤਾਂ ਕਿਸੇ ਘਰੇਲੂ ਵਿਸ਼ੇ 'ਤੇ ਗੱਲ ਕਰਕੇ ਮੇਰੇ ਰੰਗ ਵਿਚ ਭੰਗ ਨਾ ਪਾਉਣ ਦੀ ਸਿਆਣਪ ਕਰ ਉਨ੍ਹਾਂ ਪਈਆਂ ਅਖ਼ਬਾਰਾਂ ਵਿਚੋਂ ਇਕ ਅਖ਼ਬਾਰ ਚੁੱਕ ਕੇ ਚਾਹ ਦੀਆਂ ਚੁਸਕੀਆਂ ਲਗਾਉਣ ਲੱਗੀ।

ਇਸ ਚੰਗੇ ਮਾਹੌਲ ਵਿਚ ਹਾਲੇ ਕੁਝ ਹੀ ਸਮਾਂ ਨਿਕਲਿਆ ਸੀ ਕਿ ਉਸ ਦਾ ਆਪਣੀ ਚੁੱਪੀ ਤੋੜਦੇ ਹੋਏ ਇਹ ਕਹਿਣਾ 'ਜੀ ਤੁਸੀਂ ਮੇਰੇ ਕੀ ਲਗਦੇ ਹੋ ?' ਅਚਨਚੇਤ ਲਗੇ ਹਾਈ ਵੋਲਟੇਜ ਕਰੰਟ ਵਾਂਗ ਧੁਰ ਅੰਦਰ ਤੱਕ ਪੀੜ ਭਰੀ ਝਰਨਾਹਟ ਦੇ ਗਿਆ! ਚਾਹ ਦੇ ਕੱਪ ਅਤੇ ਪੜ੍ਹੇ ਜਾ ਰਹੇ ਲੇਖ ਨੂੰ ਭੁੱਲ ਮੈਂ ਉਸ ਚੰਗੀ ਭਲੀ, ਪੜ੍ਹੀ ਲਿਖੀ, ਦਿਮਾਗ਼ੀ ਤੌਰ 'ਤੇ ਪੂਰੀ ਤਰ੍ਹਾਂ ਸੰਤੁਲਿਤ ਅਤੇ ਮੇਰੇ ਦੋ ਬੱਚਿਆਂ ਦੀ ਮਾਂ ਵੱਲ ਬੜੀ ਹੈਰਾਨੀ ਨਾਲ ਦੇਖਣ ਲੱਗਾ। ਮੇਰੇ ਚਿਹਰੇ ਤੇ ਉਡਦੀਆਂ ਹਵਾਈਆਂ ਨੂੰ ਦੇਖ ਉਸ ਜਲਦੀ ਨਾਲ ਮੇਰਾ ਧਿਆਨ ਹੱਥ ਵਾਲੀ ਅਖ਼ਬਾਰ ਦੀ ਇਕ ਖ਼ਬਰ ਵੱਲ ਦਿਵਾਇਆ ਕਿ ਕਿਸ ਤਰ੍ਹਾਂ ਹਰਿਆਣੇ ਦੇ ਇਕ ਸੁਖੀ ਵਸਦੇ ਮੀਆਂ ਬੀਵੀ ਨੂੰ ਉਥੋਂ ਦੀ ਇਕ ਖੱਪ ਪੰਚਾਇਤ ਨੇ ਉਸ ਸਮੇਂ ਇਹ ਹੁਕਮ ਸੁਣਾ ਦਿੱਤਾ ਕਿ ਉਹ ਪਤੀ ਪਤਨੀ ਨਾ ਰਹਿ, ਹੁਣ ਤੋਂ ਭੈਣ-ਭਰਾ ਹੋਣਾ ਕਬੂਲ ਕਰਨ, ਜਦਕਿ ਉਹ ਕੁਛ ਸਮੇਂ ਬਾਅਦ ਆਪਣੇ ਪਿਆਰ ਦੀ ਨਿਸ਼ਾਨੀ ਇਕ ਨਵੇਂ ਆਏ ਮਹਿਮਾਨ ਦੇ ਰੂਪ ਵਿਚ ਦੇਖਣ ਦੀ ਉਡੀਕ ਵਿਚ ਸਨ।

ਆਪਣੇ ਆਪ ਆਪ ਨੂੰ ਇੱਕੀਵੀਂ ਸਦੀ ਦੇ ਜਾਗਰੂਕ ਅਤੇ ਅਗਾਂਹਵਧੂ ਸਮਾਜ ਦਾ ਹਿੱਸਾ ਹੋਣਾ ਦਾ ਵਹਿਮ ਪਾਲਨ ਕਰਕੇ, ਪਤਨੀ ਦੇ ਇਸ ਪਿਛਾਂਹ ਖਿੱਚੂ ਘਟਨਾ ਵੱਲ ਧਿਆਨ ਦਿਵਾਉਣਾ ਇਕ ਤਾਅਨੇ ਵਾਂਗ ਲੱਗਿਆ। ਥੋੜ੍ਹਾ ਸੰਭਲ ਕੇ ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਪਤਨੀ ਕਹਿਣ ਲੱਗੀ ਕਿ ਦੇਖੋ ਸਾਡੇ ਵਿਆਹ ਸਮੇਂ ਮਾਪਿਆਂ ਨੇ ਨਾ ਤਾਂ ਟੇਵਿਆਂ ਦਾ ਕੋਈ ਚੱਕਰ ਪਾਇਆ ਅਤੇ ਨਾ ਹੀ ਜਾਤ ਬਰਾਦਰੀ ਦੀ ਕੋਈ ਡੂੰਘੀ ਘੋਖ ਕੀਤੀ। ਰੱਬ ਨਾ ਕਰੇ ਅੱਜ ਜੇ ਕੋਈ ਇਹੋ ਜਿਹੀ ਤਾਕਤਵਰ ਪੰਚਾਇਤ ਆਪਣੀ ਖੋਜ ਦੇ ਆਧਾਰ 'ਤੇ ਸਾਨੂੰ ਅਜਿਹਾ ਨਾਦਰਸ਼ਾਹੀ ਫੁਰਮਾਨ ਸੁਣਾ ਦੇਵੇ ਤਾਂ ਫੇਰ ਸਾਡਾ ਤੇ ਸਾਡਿਆਂ ਬੱਚਿਆਂ ਦਾ ਕੀ ਬਣੂ? ਬੇਸ਼ੱਕ ਇਹ ਖ਼ਬਰ ਮੈਂ ਕਈ ਦਿਨਾਂ ਤੋਂ ਬੜੇ ਗੁਹ ਨਾਲ ਪੜ੍ਹ ਰਿਹਾ ਸਾਂ ਅਤੇ ਮਨ ਹੀ ਮਨ ਉਸ ਜ਼ਾਲਮ ਪੰਚਾਇਤ ਨੂੰ ਕੋਸਣ ਦੇ ਨਾਲ ਨਾਲ ਜ਼ੁਲਮ ਦੇ ਸ਼ਿਕਾਰ ਪਰਿਵਾਰ ਨਾਲ ਡੂੰਘੀ ਹਮਦਰਦੀ ਵੀ ਰੱਖ ਰਿਹਾ ਸਾਂ ਪਰ ਆਪਣੇ ਆਪ ਨੂੰ ਉਨ੍ਹਾਂ ਦੀ ਜਗ੍ਹਾ ਖੜ੍ਹਾ ਕਰ ਜੋ ਅਹਿਸਾਸ ਅਤੇ ਪੀੜਾ ਅੱਜ ਮਹਿਸੂਸ ਕੀਤੀ ਉਹ ਪਹਿਲੇ ਤੋਂ ਕਿਤੇ ਤੀਬਰ ਸੀ।

ਸਚਮੁੱਚ ਕੀ ਮਹਿਸੂਸ ਕੀਤਾ ਹੋਵੇਗਾ ਉਨ੍ਹਾਂ ਨੇ, ਜਿਨ੍ਹਾਂ ਆਪਣੇ ਪਿਆਰ ਨੂੰ ਵਿਆਹ ਦੀ ਮੰਜ਼ਿਲ ਤੱਕ ਪਹੁੰਚਾਣ ਲਈ ਕਈ ਔਕੜਾਂ ਝੱਲਣ ਤੋਂ ਬਾਅਦ ਆਪਣੇ ਪਰਿਵਾਰ ਦੇ ਸੁਨਿਹਰੀ ਭਵਿੱਖ ਦੇ ਕਈ ਸੁਪਨੇ ਦੇਖੇ ਹੋਣਗੇ। ਕੀ ਬੀਤਿਆ ਹੋਵੇਗਾ ਉਸ ਮਰਦ ਦੇ ਦਿਲ ਤੇ ਜਿਸ ਨੇ ਆਪਣੀ ਅਤੇ ਹੋਰਨਾਂ ਪਰਿਵਾਰਿਕ ਮੈਂਬਰਾਂ ਦੀ ਜਾਨ ਮਾਲ ਦੀ ਰਾਖੀ ਹਿੱਤ ਮਜਬੂਰਨ ਦਸ ਰੁਪਏ ਦਾ ਨੋਟ ਸਗਨ ਰੂਪ ਵਿਚ ਪਤਨੀ ਹੱਥ ਰੱਖ ਭੈਣ ਮੰਨਣਾ ਕਬੂਲ ਕਰ ਲਿਆ ਸੀ। ਕੀ ਚੱਲ ਰਿਹਾ ਹੋਵੇਗਾ ਉਸ ਔਰਤ ਦੇ ਮਨ ਵਿਚ ਜਿਸ ਵਿਚ ਫੈਸਲੇ ਦੀ ਵਿਰੋਧਤਾ ਜਾਨ ਦੇਣ ਦੀ ਹੱਦ ਤੱਕ ਕਰਨ ਦਾ ਪ੍ਰਣ ਲਿਆ। ਕੀ ਬੀਤਦਾ ਉਸ ਆਉਣ ਵਾਲੇ ਮਾਸੂਮ ਤੇ ਜਿਸ ਨੂੰ ਆਪਣੇ ਪਿਤਾ ਨੂੰ ਮਾਮਾ ਕਹਿ ਕੇ ਪੁਕਾਰਨਾ ਪੈਂਦਾ। ਕਿੰਨੀ ਨਿਮੋਸ਼ੀ ਹੁੰਦੀ ਦੋਵਾਂ ਪਰਿਵਾਰਾਂ ਨੂੰ ਜਿਨ੍ਹਾਂ ਦੇ ਬੱਚਿਆਂ ਨਾਲ ਉਹ ਭਾਣਾ ਵਰਤਦਾ। ਹੱਦ ਹੋ ਗਈ ਇੰਨੀਆਂ ਜ਼ਿੰਦਗੀਆਂ ਨਾਲ ਖੇਡਣ ਵਾਲਿਆਂ ਅਤੇ ਚੁੱਪ-ਚਾਪ ਤਮਾਸ਼ਾ ਦੇਖਣ ਵਾਲਿਆਂ ਵਿਚੋਂ ਕਿਸੇ ਵੀ ਹਾਅ ਦਾ ਨਾਅਰਾ ਨਾ ਮਾਰਿਆ।

ਭਲਾ ਹੋਵੇ ਮੀਡੀਆ ਦਾ ਅਤੇ ਫਿਰ ਮੈਦਾਨ ਵਿਚ ਆਈਆਂ ਉਨ੍ਹਾਂ ਸੰਸਥਾਵਾਂ ਦਾ ਜਿਨ੍ਹਾਂ ਨਿਆਪਾਲਿਕਾ ਦੀ ਮੱਦਦ ਲੈਣ ਦੇ ਨਾਲ ਨਾਲ ਪੁਲਿਸ ਅਤੇ ਪ੍ਰਸ਼ਾਸ਼ਨ ਨੂੰ ਹਲੂਣਿਆ ਅਤੇ ਘੱਟੋ ਘੱਟ ਇਸ ਵਾਰ ਤਾਂ ਇਹ ਜ਼ਿਆਦਤੀ ਹੋਣੋਂ ਰੋਕ ਦਿੱਤੀ। ਬੇਸ਼ੱਕ ਇਸ ਤੋਂ ਪਹਿਲਾਂ ਕਿਸੇ ਨੇ ਵੀ ਇਸ ਤਰ੍ਹਾਂ ਦੇ ਫੈਸਲਿਆਂ ਦੀ ਵਿਰੋਧਤਾ ਕਰਨ ਦੀ ਜੁਰੱਅਤ ਨਹੀਂ ਕੀਤੀ ਸੀ। ਆਉਣ ਵਾਲੇ ਸਮੇਂ ਵਿਚ ਵੀ ਅਜਿਹੀਆਂ ਘਟਨਾਵਾਂ ਨਾ ਹੋਣ ਇਸ ਦੀ ਵੀ ਕੋਈ ਪੱਕੀ ਗਰੰਟੀ ਨਹੀਂ। ਇਸ ਮਸਲੇ ਨੂੰ ਤਾਂ ਇਹ ਕਹਿ ਕੇ ਖ਼ਤਮ ਕੀਤਾ ਗਿਆ ਕਿ ਲੜਕੀ ਉਸ ਗੋਤ ਨਾਲ ਸਬੰਧ ਹੀ ਨਹੀਂ ਰੱਖਦੀ ਜਿਸ ਦਾ

ਸ਼ੱਕ ਪੰਚਾਇਤ ਨੂੰ ਪਿਆ ਸੀ ਅਤੇ ਉਸ ਨੇ ਇਕਤਰਫਾ ਫੈਸਲਾ ਸੁਣਾ ਦਿੱਤਾ ਸੀ। ਸਿਰਫ਼ ਸ਼ੱਕ ਦੇ ਆਧਾਰ 'ਤੇ ਇਨਸਾਨੀ ਜ਼ਿੰਦਗੀਆਂ ਨਾਲ ਬੇਦਰਦੀ ਨਾਲ ਖੇਡ ਜਾਣ ਵਾਲੀਆਂ ਇਹ ਪੰਚਾਇਤਾਂ ਸੱਚਮੁੱਚ ਆਪਣੀ ਬਰਾਦਰੀ ਦੇ ਮਾਨ ਸਨਮਾਨ ਦੀ ਰਾਖੀ ਕਰਨ ਦਾ ਧਰਮ ਨਿਭਾ ਰਹੀਆਂ ਹਨ ਜਾਂ ਜ਼ਾਲਮਾਨਾ ਫ਼ਤਵੇ ਦੇ ਕੇ ਪੂਰੇ ਸਮਾਜ ਦੇ ਨਮੋਸ਼ੀ ਦਾ ਕਾਰਨ ਬਣ ਰਹੀਆਂ ਹਨ। ਅੱਜ ਜਦ ਭਾਰਤੀ ਵਾਸੀ ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ ਅਤੇ ਨਸ਼ਿਆਂ ਵਰਗੀਆਂ ਅਨੇਕਾਂ ਅਲਾਮਤਾਂ ਦਾ ਸ਼ਿਕਾਰ ਹਨ ਅਤੇ ਕੋਈ ਵਰਗ, ਜਾਤ ਜਾਂ ਗੋਤ ਇਸ ਤੋਂ ਅਛੂਤੀ ਨਹੀਂ, ਕਿੰਨਾ ਚੰਗਾ ਹੋਵੇਗਾ ਕਿ ਅਜਿਹੀਆਂ ਪੰਚਾਇਤਾਂ ਆਪਣੇ ਨਾਲ ਸਬੰਧਿਤ ਲੋਕਾਂ ਦੇ ਭਲੇ ਲਈ ਕੰਮ ਕਰਨ ਜਿਸ ਨਾਲ ਦੂਸਰਿਆਂ ਦੀਆਂ ਨਜ਼ਰਾਂ ਵਿਚ ਉਸ ਬਰਾਦਰੀ ਦਾ ਸਤਿਕਾਰ ਕਈ ਗੁਣਾ ਵਧ ਜਾਵੇ।

ਅਜੋਕੇ ਸਮਾਜ ਵਿਚ ਆਈਆਂ ਤਬਦੀਲੀਆਂ ਕਾਰਨ ਪਰਿਵਾਰ ਟੁੱਟ ਰਹੇ ਹਨ, ਬਜ਼ੁਰਗ ਰੁਲ ਰਹੇ ਹਨ ਅਤ ਬੱਚੇ ਪਿਆਰ ਤੋਂ ਸੱਖਣੇ ਹਨ। ਇਸ ਸਮੇਂ ਜ਼ਰੂਰਤ ਹੈ ਉਨ੍ਹਾਂ ਦੀ ਜੋ ਪਰਿਵਾਰਾਂ ਨੂੰ ਜੋੜਨ ਦੀ ਸੋਧ ਦੇਣ ਅਤੇ ਚੰਗੇ ਸਮਾਜ ਦੀ ਸਿਰਜਨਾ ਵਿਚ ਸਹਾਇਕ ਹੋਣ। ਪੁਲਿਸ ਅਤੇ ਪ੍ਰਸ਼ਾਸ਼ਨ ਨੂੰ ਵੀ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਮਸਲਿਆਂ ਵਿਚ ਜਲਦੀ ਤੋਂ ਜਲਦੀ ਹਰਕਤ ਵਿਚ ਆ ਕੇ ਸਾਧਾਰਨ ਲੋਕਾਂ ਦੇ ਹੱਕਾਂ ਦੀ ਰਾਖੀ ਦਾ ਫਰਜ਼ ਨਿਭਾਉਣ; ਨਹੀਂ ਤਾਂ ਇਨ੍ਹਾਂ ਫੋਕੀ ਸ਼ਾਨ ਦੇ ਮੁਦੱਈਆਂ ਦੇ ਹੌਸਲੇ ਹੋਰ ਵਧਦੇ ਜਾਣਗੇ ਅਤੇ ਕਿਤੇ ਇਹ ਨਾ ਹੋਵੇ ਕਿ ਆਉਣ ਵਾਲੇ ਸਮੇਂ ਸੁਆਣੀਆਂ ਆਪਣੇ ਮਾਹੀ ਨੂੰ ਮੁਖਾਤਿਬ ਹੋਣ ਤੋਂ ਪਹਿਲਾਂ ਇਨ੍ਹਾਂ ਨੂੰ ਮੁਖਾਤਿਬ ਹੋ ਕੇ ਕਹਿਣ

'ਕੋਲੋਂ ਲੰਘਦਾ ਸੈਨਤਾਂ ਮਾਰੇ
ਦੱਸ ਉਹ ਮੇਰਾ ਕੀ ਲਗਦਾ'

490 ਪ੍ਰੀਤਨਗਰ ਸੋਢਲ ਰੋਡ ਜਲੰਧਰ

ਹਰਬਲਭ ਸੰਗੀਤ ਸੰਮੇਲਨ ਜਲੰਧਰ

੧੨੯ਵਾਂ ਹਰਬਲਭ ਸੰਗੀਤ ਸੰਮੇਲਨ, ਜਲੰਧਰ ਦੇ ਦੇਵੀ ਤਲਾਬ ਮੰਦਰ ਪਰੀਸਰ ਵਿਚ ੨੪-੨੫-੨੬ ਦਸੰਬਰ ੨੦੦੪ ਨੂੰ ਹੋ ਰਿਹਾ ਹੈ। ਪ੍ਰਸਤਾਵਤ ਪ੍ਰੋਗਰਾਮ ਇਸ ਪ੍ਰਕਾਰ ਹੈ।

੨੪ ਦਸੰਬਰ ੨੦੦੪ ਸ਼ੁਕਰਵਾਰ: ਹਵਨ ਸਵੇਰੇ ੯ ਵਜੇ; ਬੀ. ਐਸ ਨਾਰੰਗ। ਭਜਨ ਗਾਇਣ।

ਸ਼ਾਮ ੬ ਵਜੇ ਤੋਂ ਸਰਸਵਤੀ ਵੰਦਨਾ; ਰੋਹਨ ਭੋਗਲ (ਤਬਲਾ); ਉਸਤਾਦ ਅਲੀ ਅਹਿਮਦ ਖਾਨ ਪਾਰਟੀ - (ਸ਼ਹਿਨਾਈ ਵਾਦਨ); ਸ੍ਰੀ ਉਦੇ ਭਵਾਲਕਰ (ਧਰੁਪਦ); ਸ੍ਰੀ ਸ਼ਾਹਿਦ ਪ੍ਰਵੇਜ਼ (ਸਿਤਾਰ); ਉਸਤਾਦ ਹੁਸੈਨ ਬਖਸ਼ ਪਾਕਿਸਤਾਨ (ਗਾਇਣ)।

੨੫ ਦਸੰਬਰ ਸਨਿਚਰਵਾਰ: ਸ਼ਾਮ ੪.੩੦ ਤੋਂ

ਸਰਸਵਤੀ ਵੰਦਨਾ- ਸ੍ਰੀ ਸੁਨੀਲ ਕੁਮਾਰ (ਗਾਇਣ); ਮਨੂੰ ਸੀਨ ਅਤੇ ਐਸ. ਕੇ ਨਾਹਰ (ਸਿਤਾਰ-ਵਾਇਲਣ ਜੁਗਲਬੰਦੀ); ਸੁਸ਼੍ਰੀ ਕਲਪਿਣੀ ਕੋਮ ਕਲੀ ਅਤੇ ਵਸੁੰਧਰਾ ਜੀ (ਗਾਇਣ); ਸ੍ਰੀ ਰੋਨੂ ਮੁਜਮਦਾਰ (ਬੰਸਰੀ ਵਾਦਨ); ਉਸਤਾਦ ਗੁਲਾਮ ਮੁਸਤਫਾ ਖਾਂ (ਗਾਇਣ)

੨੬ ਦਸੰਬਰ ਐਤਵਾਰ: ਪਹਿਲੀ ਬੈਠਕ ੧੨.੦੦ ਵਜੇ ਦੁਪਹਿਰ ਤੋਂ

ਸਰਸਵਤੀ ਬੰਦਨਾ, ਸ੍ਰੀ ਕ੍ਰਿਸ਼ਨ ਕੁਮਾਰ (ਤਬਦਾ ਵਾਦਨ); ਮੀਤਾ ਪੰਡਿਤ (ਗਾਇਣ); ਸ੍ਰੀ ਬਲਵੰਤ ਸਿੰਘ ਨਾਮਧਾਰੀ ਭੈਣੀ ਸਾਹਿਬ (ਸੰਤੂਰ ਵਾਦਨ); ਪੰਡਿਤ ਅਜੋਏ ਚਕ੍ਰਵਰਤੀ (ਗਾਇਣ)

ਦੂਸਰੀ ਬੈਠਕ ਸ਼ਾਮ ੭ ਵਜੇ

ਸੁਸ਼੍ਰੀ ਅੰਨਜਨਾ ਨਾਥ (ਗਾਇਣ), ਸ੍ਰੀ ਤੇਜਿੰਦਰ ਨਰਾਇਣ (ਸਰੋਦ), ਸ੍ਰੀ ਮਾਧਵ ਗੁੱਡੀ (ਗਾਇਣ), ਸ੍ਰੀ ਤਾਫੂ ਖਾਨ ਪਾਕਿਸਤਾਨ (ਤਬਲਾ ਵਾਦਨ), ਪੰ: ਅਜੋਏ ਚਕ੍ਰਵਰਤੀ (ਗਾਇਣ)

ਸ. ਗੁਰਬਖ਼ਸ਼ ਸਿੰਘ ਬੰਨੋਆਣਾ ਸਨਮਾਨਿਤ



ਪਤਰਕਾਰਾਂ ਦੇ ਬਾਬਾ ਬੋਹੜ ਸ. ਗੁਰਬਖਸ਼ ਸਿੰਘ ਬੰਨੋਆਣਾ ਨੂੰ ੧੫ ਨਵੰਬਰ ੨੦੦੪ ਨੂੰ ਸ. ਬੇਅੰਤ ਸਿੰਘ ਸਰਹਦੀ ਹੋਰਾਂ ਦੀ ਸੰਸਥਾ ਪੰਜਾਬੀ ਲਿਖਾਰੀ ਸਭਾ ਬਸਤੀ ਸ਼ੇਖ ਜਲੰਧਰ ਦੇ ਮੰਚ ਤੋਂ ਸਨਮਾਨਿਆ ਗਿਆ। ਆਪ ਜੀ ਨੂੰ ਦੁਸ਼ਾਲਾ, ਮੋਮੈਂਟੋ ਅਤੇ ਮਾਨ ਪਤਰ ਭੇਟ ਕੀਤਾ ਗਿਆ। ਬਾਬਾ ਬੰਨੋਆਣਾ ਜੀ ਬਾਰੇ, ਡਾ. ਵਰਿਆਮ ਸਿੰਘ ਸੰਧੂ, ਸ. ਜਗਦੀਸ਼ ਸਿੰਘ ਵਰਿਆਮ, ਪ੍ਰੋ. ਅਵਤਾਰ ਜੌੜਾ ਸ. ਕਰਨੈਲ ਸਿੰਘ ਨਿੱਝਰ ਅਤੇ ਸ. ਸੁਰਜੀਤ ਸਿੰਘ ਮਿਨਹਾਸ ਸਾਬਕਾ ਸਪੀਕਰ ਪੰਜਾਬ ਵਿਧਾਨ ਸਭਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਉਹਨਾਂ ਦੀ ਉਚੀ ਸੁੱਚੀ ਸ਼ਖਸੀਅਤ ਅਤੇ ਪੱਤ੍ਰਕਾਰੀ ਦੇ ਖੇਤਰ ਵਿਚ ਪ੍ਰਾਪਤੀਆਂ ਦਾ ਉਲੇਖ ਕੀਤਾ ਅਤੇ ਬੇਨਤੀ ਕੀਤੀ ਕਿ ਬਾਬਾ ਬੰਨੋਆਣਾ ਜੀ ਆਪਣੀਆਂ ਯਾਦਾਂ ਜ਼ਰੂਰ ਕਲਮਬੰਦ ਕਰਨ। ਬਾਬਾ ਬੰਨੋਆਣਾ ਦੇ ਘਰੋਂ ਬੀਬੀ ਹਰਬੀਰ ਕੌਰ ਨੂੰ ਵੀ ਸਨਮਾਨਿਤ ਕੀਤਾ ਗਿਆ। ਆਪਣੇ ਸੰਖੇਪ ਭਾਸ਼ਨ ਵਿਚ ਬੰਨੋਆਣਾ ਅਤੇ ਹਰਬੀਰ ਕੌਰ ਨੇ ਸਭਾ ਦਾ ਧੰਨਵਾਦ ਕੀਤਾ। ਇਸ ਸਮੇਂ ਕਵੀ ਦਰਬਾਰ ਵੀ ਹੋਇਆ।

ਇਹੋ ਜਿਹੇ ਸਨ—ਹਰਭਜਨ ਸਿੰਘ ਬਟਾਲਵੀ

—ਨਿੰਦਰ ਘੁਗਿਆਣਵੀ

ਸ. ਹਰਭਜਨ ਸਿੰਘ ਬਟਾਲਵੀ ਬਹੁਪੱਖੀ ਅਤੇ ਦਿਲਚਸਪ ਸ਼ਖਸੀਅਤ ਦੇ ਮਾਲਕ ਸਨ। ਸਾਹਿਤਕ ਹਲਕਿਆਂ ਵਿੱਚ, ਆਕਾਸ਼ਵਾਣੀ ਕੇਂਦਰ ਜਲੰਧਰ ਦੇ ਪ੍ਰਸਾਰਨ ਵਿੱਚ ਅਤੇ ਅਕਾਦਮਿਕ ਖੇਤਰ ਵਿੱਚ ਉਹ ਬੜੇ ਹਰਮਨ-ਪਿਆਰੇ ਸ਼ਖਸ ਸਨ। ਅਸੀਂ ਇਸ ਲੇਖ ਰਾਹੀਂ ਉਹਨਾਂ ਦੇ ਜੀਵਨ ਦੀਆਂ ਯਾਦਾਂ, ਕਾਰਜ, ਜੀਵਨ-ਸ਼ੈਲੀ ਤੇ ਉਹਨਾਂ ਦੇ ਵਿਅਕਤੀਤਵ ਬਾਰੇ ਚਰਚਾ ਕਰਾਂਗੇ।

ਸ. ਹਰਭਜਨ ਸਿੰਘ ਬਟਾਲਵੀ ਕੁਵੇਲੀ ਰੁੱਤੇ ਤੁਰ ਗਏ, ਉਹ ਲੰਬੀ ਉਮਰ ਭੋਗਣ, ਲਿਖਣ, ਪੜ੍ਹਨ ਤੇ ਦੇਸ਼-ਬਦੇਸ਼ ਘੁੰਮਣ-ਫਿਰਨ ਦੀ ਇੱਛਾ ਰਖਦੇ ਸਨ, ਉਹਨਾਂ ਦਾ ਆਖਣਾ ਸੀ, "ਮੈਂ ਰੇਡੀਓ ਦੀ ਨੌਕਰੀ ਉਤੋਂ ਸੇਵਾ-ਮੁਕਤ ਹੋਣ ਪਿਛੋਂ ਵਿਹਲਾ ਨਹੀਂ ਬੈਠਣਾ, ਬਹੁਤ ਸਾਰੇ ਕੰਮ ਕਰਨੇ ਨੇ, ਜੋ ਹਾਲੀ ਅਧੂਰੇ ਪਏ ਲਟਕ ਰਹੇ ਨੇ, ਇਹ ਕੰਮ ਸੰਪੂਰਨ ਕਰਨ ਪਿਛੋਂ ਈ ਮੈਂ ਆਪਣੇ ਆਪ ਨੂੰ ਹੌਲਾ ਫੁੱਲ ਮਹਿਸੂਸ ਕਰ ਸਕਾਂਗਾ।"

ਪ੍ਰੰਤੂ ਬੜੇ ਹੀ ਅਫਸੋਸ ਦੀ ਗੱਲ ਹੈ, ਬਟਾਲਵੀ ਜੀ ਦੀ ਇਹ ਇੱਛਾ ਪ੍ਰਮਾਤਮਾ ਨੇ, ਜਾਂ ਕੁਦਰਤ ਨੇ ਪੂਰੀ ਨਹੀਂ ਕੀਤੀ, ਤੇ ਉਹ 'ਅਹੁ ਗਏ' ਦੀ ਤਰ੍ਹਾਂ ਚੁੱਪ-ਚੁਪੀਤੇ ਤੁਰ ਗਏ, ਜਿਵੇਂ ਭਾਈ ਵੀਰ ਸਿੰਘ ਨੇ ਲਿਖਿਆ ਹੈ, "ਮੇਰੀ ਛੁਪੇ ਰਹਿਣ ਦੀ ਚਾਹ, ਤੇ ਛੁਪ ਤੁਰ ਜਾਣ ਦੀ।" ਇਹ ਬੋਲ ਬਟਾਲਵੀ ਜੀ ਉੱਤੇ ਪੂਰੇ-ਪੂਰੇ ਢੁੱਕਦੇ ਹਨ। ਪਰ ਉਹ ਛੁਪੇ ਨਹੀਂ ਸਨ ਰਹੇ, ਕੇਵਲ ਦੁਨੀਆਂ ਉਤੋਂ ਤੁਰੇ ਹੀ 'ਛੁਪਕੇ ਛੁਪਕੇ' ਜਿਹੇ ਹਨ। ਉਹ ਤਾਂ ਬੜੇ ਹਰਮਨ ਪਿਆਰੇ ਸਨ, ਚਰਚਿਤ ਹਸਤੀ ਸਨ, ਮਿੱਤਰਾਂ ਦੇ ਮਿੱਤਰ ਸਨ। ਕਲਾਵਾਨ ਲੋਕਾਂ ਦੇ ਕਦਰਦਾਨ ਸਨ ਅਤੇ ਆਪਣੇ ਆਪ ਵਿੱਚ ਸੁਹਿਰਦ ਅਤੇ ਸਤਿਕਾਰ ਦੇ ਪਾਤਰ ਇਨਸਾਨ ਸਨ।

ਸ. ਹਰਭਜਨ ਸਿੰਘ ਬਟਾਲਵੀ ਨੂੰ ਜਦ ਮੈਂ ਪਹਿਲੀ ਵਾਰੀ ੧੯੯੧ ਜਾਂ ੯੨ ਵਿੱਚ ਦੇਖਿਆ ਉਸ ਤੋਂ ਪਹਿਲਾਂ ਉਹਨਾਂ ਦੀ ਕੇਵਲ ਆਵਾਜ਼ ਤੋਂ ਹੀ ਵਾਕਿਫ਼ ਸਾਂ, ਜਦੋਂ ਉਹ ਆਕਾਸ਼ਵਾਣੀ ਜਲੰਧਰ ਦੇ ਮਕਬੂਲ ਪ੍ਰੋਗਰਾਮ 'ਦੇਸ ਪੰਜਾਬ' ਵਿੱਚ ਦੁਪਹਿਰਾਂ ਨੂੰ, "ਪਿਤਾ ਦੇ ਖ਼ਤ ਪੁੱਤਰੀ ਨੂੰ" ਸ੍ਰੀ ਨਹਿਰੂ ਵਲੋਂ ਸ੍ਰੀਮਤੀ ਇੰਦਰਾ ਗਾਂਧੀ ਵੱਲ ਲਿਖੇ ਹੋਏ ਪੱਤਰਾਂ ਦਾ ਅਨੁਵਾਦ ਕਰਕੇ ਪੜ੍ਹਦੇ ਸਨ, ਫਿਰ ਉਹਨਾਂ ਪੱਤਰਾਂ ਦੀ ਵੱਡੀ ਸਾਰੀ ਕਿਤਾਬ ਵੀ ਪ੍ਰਕਾਸ਼ਤ ਹੋਈ ਸੀ। ਜਦੋਂ ਬਟਾਲਵੀ ਜੀ ਰੇਡੀਓ ਉਤੋਂ ਇਹ ਪੱਤਰ ਪੜ੍ਹਦੇ ਸਨ ਤਾਂ ਉਹਨਾਂ ਦੀ ਆਵਾਜ਼ ਵਿਚੋਂ ਇਕ ਮਿਠਾਸ ਪੈਦਾ ਹੁੰਦੀ ਸੀ, ਤੇ ਫੁੱਲ ਕਿਰਦੇ ਸਨ। ਬੜੇ ਤਹੰਮਲ ਨਾਲ, ਸਹਿਜਤਾ ਦਾ ਪੱਲਾ ਪਕੜ ਕੇ ਉਹ ਸ਼ਬਦ ਦਾ ਉਚਾਰਨ ਕਰਿਆ ਕਰਦੇ ਸਨ, ਇਕ-ਇਕ ਸ਼ਬਦ ਦੀ ਸਪੱਸ਼ਟ ਸਮਝ ਆਉਂਦੀ ਹੁੰਦੀ ਸੀ। ਉਹ ਆਮ ਤੌਰ 'ਤੇ ਮਾਝੀ ਬੋਲੀ ਬੋਲਦੇ ਸਨ, ਕਿਉਂਕਿ ਉਹ 'ਮਾਝੇ ਦੇ ਭਾਊ' ਸਨ। ਜਦੋਂ ਵੀ ਕੋਈ ਉਹਨਾਂ ਨੂੰ ਪੁਛਦਾ ਹੁੰਦਾ, "ਕਿੰਦਾਂ ਹਾਲ ਨੇ ਬਟਾਲਵੀ ਜੀ ?" ਤਾਂ ਉਹ ਸੰਖੇਪ ਪਰ ਮਿੱਠਾ ਜਿਹਾ ਜੁਆਬ ਦੇਂਦੇ, "ਸੂਤਰ ਇਆ, ਬਿਲਕੁਲ ਸੂਤਰ।" ਇਹ ਇਕ ਤਰ੍ਹਾਂ ਉਹਨਾਂ ਦਾ ਤਕੀਆ ਕਲਾਮ ਬਣ ਗਿਆ ਹੋਇਆ ਸੀ।

ਸਭ ਤੋਂ ਪਹਿਲਾਂ ਉਹਨਾਂ ਨਾਲ ਜੁੜੀਆਂ ਹੋਈਆਂ ਕੁਝ ਕੁ ਯਾਦਾਂ ਪਾਠਕਾਂ ਨਾਲ ਸਾਂਝੀਆਂ ਕਰਦੇ ਹਾਂ, ਲੇਖ ਦੇ ਅੰਤ ਉੱਪਰ ਉਹਨਾਂ ਦੀ ਸਾਹਿਤਕ ਯਾਤਰਾ ਬਾਰੇ ਵੀ ਚਰਚਾ ਕਰਾਂਗੇ। ਬਟਾਲਵੀ ਜੀ ਨੇ ਆਕਾਸ਼ਵਾਣੀ ਕੇਂਦਰ ਜਲੰਧਰ, ਬਠਿੰਡਾ ਤੇ ਪਟਿਆਲਾ ਵਿਖੇ ਆਪਣੀ ਖੁਸ਼ਬੂ ਖਿਲਾਰੀ, ਮਾਣ ਪਾਇਆ ਅਤੇ ਬਹੁਤ ਸਾਰੇ ਚੰਗੇ-ਚੰਗੇ ਲੋਕਾਂ ਨਾਲ ਆਪਣੇ ਸੰਬੰਧ ਪੈਦਾ ਕਰ ਲਏ। ਉਹ ਆਮ ਗੱਲ ਕਰਦੇ ਵੀ ਆਪਣੇ ਅੰਦਰ ਡੂੰਘੇ ਸਮੋ ਚੁੱਕੇ ਸੰਜਮ ਦਾ ਕਦੀ ਵੀ ਪੱਲਾ ਨਹੀਂ ਸਨ ਛਡਦੇ। ਬੜੀ ਹੀ ਧੀਮੀ ਤੇ ਮਿੱਠੀ ਆਵਾਜ਼ ਵਿੱਚ ਉਹ ਗੱਲਾਂ ਕਰਦੇ, ਜੋਸ਼ ਵਿੱਚ ਨਹੀਂ ਸੀ ਆਉਂਦੇ ਕਦੀ। ਉਂਜ ਹੱਸਦੇ ਸਨ ਠਹਾਕੇ ਮਾਰ-ਮਾਰ ਕੇ, ਜਿਵੇਂ 'ਇਕੱਠੇ ਦਾ ਇਕੱਠਾ' ਅੱਜ ਹੀ ਹੱਸ ਲੈਣਾ ਹੋਵੇ।

ਮੈਂ ਉਹਨਾਂ ਨੂੰ ਕਦੀ ਵਿਹਲੇ ਬੈਠੇ ਨਹੀਂ ਸੀ ਦੇਖਿਆ। ਹਰ ਸਮੇਂ ਉਹ ਕਿਤਾਬਾਂ ਪੜ੍ਹਦੇ, ਲਿਖਦੇ, ਜਾਂ ਆਕਾਸ਼ਵਾਣੀ ਜਲੰਧਰ ਦੇ ਆਪਣੇ ਅਧੀਨ ਸਟਾਫ-ਮੈਂਬਰ ਨੂੰ ਨਵੇਂ-ਨਵੇਂ ਪ੍ਰੋਗਰਾਮਾਂ ਲਈ ਹਿਦਾਇਤਾਂ ਦਿੰਦੇ ਤੇ ਪ੍ਰੋਗਰਾਮਾਂ ਨੂੰ ਹੋਰ ਬਿਹਤਰ ਬਣਾਉਣ ਲਈ ਪ੍ਰੇਰਨਾ ਦਿੰਦੇ ਦਿਖਾਈ ਦਿੰਦੇ। ਮੈਂ ਦੇਖਿਆ, ਉਹ ਗਲਤੀ ਕਰ ਬੈਠੇ ਕਿਸੇ ਵੀ ਸਟਾਫਰ ਨੂੰ ਉੱਚਾ-ਨੀਵਾਂ ਨਹੀਂ ਸੀ ਬੋਲਦੇ, ਬਸ ਇਸ਼ਾਰੇ ਤੇ ਰਮਜਾਂ ਨਾਲ ਉਸ ਨੂੰ 'ਠੀਕ' ਹੋ ਜਾਣ ਲਈ ਆਖਦੇ। ਆਕਾਸ਼ਵਾਣੀ ਕੇਂਦਰ ਜਲੰਧਰ ਦੇ ਵਿਹੜੇ ਵਿੱਚ ਜਦ ਵੀ ਕੋਈ ਮੁਸੀਬਤ ਭਰਿਆ ਸਮਾਂ ਆਇਆ, ਹਮੇਸ਼ਾ ਬਟਾਲਵੀ ਜੀ ਦੇ ਕਮਰੇ ਵਿੱਚ ਇਕੱਠ ਹੁੰਦਾ ਤੇ ਉਹ ਬੁਰੀ ਤਰ੍ਹਾਂ ਉਲਝੀ ਤਾਣੀ ਨੂੰ ਸੁਲਝਾਉਂਦੇ ਤੇ ਹਰੇਕ ਦੇ ਗਿਲੇ-ਸ਼ਿਕਵੇ ਦੂਰ ਕਰਦੇ।

੧੯੯੨ ਵਿੱਚ ਜਦ ਮੈਂ ਆਕਾਸ਼ਵਾਣੀ ਜਲੰਧਰ ਦੇ ਯੁਵਕਾਂ ਲਈ ਪ੍ਰੋਗਰਾਮ ਵਿੱਚ ਭਾਗ ਲੈਣ ਲਗਿਆ ਸਾਂ, ਤਾਂ ਪਿੰਡ ਤੋਂ ਤੁਰਨ ਵੇਲੇ ਹੀ ਮਨ ਵਿੱਚ ਇਹ ਤੈਅ ਹੋ ਜਾਂਦਾ ਸੀ ਕਿ ਬਟਾਲਵੀ ਜੀ ਦੀਆਂ ਮਿੱਠੀਆਂ-ਪਿਆਰੀਆਂ ਤੇ "ਕੰਮ ਦੀਆਂ ਗੱਲਾਂ" ਸੁਣਨੀਆਂ ਹਨ। ਉਹ ਆਪਣੇ ਕਿਸੇ ਮਾਤਹਿਤ ਨੂੰ ਆਖਦੇ, "ਇਹਨਾਂ ਦੀ ਰਿਕਾਰਡਿੰਗ ਛੇਤੀ ਕਰ ਲਵੋ। ਦੂਰੋਂ ਆਏ ਨੇ, ਤੇ ਅਸਾਂ ਹਾਲੇ ਗੱਲਾਂ ਵੀ ਕਰਨਆਂ ਨੇ।"

ਬਟਾਲਵੀ ਜੀ ਦੇ ਕਮਰੇ ਵਿੱਚ ਹਰ ਸਮੇਂ ਕੋਈ ਨਾ ਕੋਈ

ਸਾਹਿਤਕਾਰ, ਕਲਾਕਾਰ ਤੇ ਵਿਦਵਾਨ ਬੈਠਾ ਹੋਇਆ ਦਿਖਾਈ ਦਿੰਦਾ। ਜਦ ਮੈਂ ਫਰੀਦਕੋਟ ਦੀਆਂ ਕਚਹਿਰੀਆਂ ਛੱਡ ਤੇ ਉਸ ਉਪਰੰਤ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਤੋਂ ਹੁੰਦਾ ਹੋਇਆ ਜਲੰਧਰ ਆਣ ਕੇ ਰਹਿਣ ਲੱਗ ਪਿਆ ਸਾਂ ਤਾਂ ਬਟਾਲਵੀ ਜੀ ਨੇ ਮੇਰੀ ਆਰਥਿਕ ਹਾਲਤ ਪਤਲੀ ਦੇਖ ਕੇ ਆਕਾਸ਼ਵਾਣੀ ਵਿੱਚ ਛੋਟਾ-ਮੋਟਾ ਕੰਮ ਦਿਲਵਾ ਦਿੱਤਾ। ਕਦੇ ਮੈਂ ਗਾਉਂਦਾ, ਕਦੇ 'ਅੱਜ ਦੀ ਗੱਲ' ਤਬਸਰਾ ਲਿਖਦਾ ਕਦੀ ਅਨੁਵਾਦ ਦਾ ਕੰਮ ਕਰਦਾ, ਕਦੇ ਕਿਸੇ ਕਲਾਕਾਰ ਜਾਂ ਸਾਹਿਤਕਾਰ ਨਾਲ ਇੰਟਰਵਿਊ ਰਿਕਾਰਡ ਕਰਦਾ, ਤੇ ਇੰਜ ਹੀ ਬਟਾਲਵੀ ਜੀ ਦੇ ਅੰਗ-ਸੰਗ ਰਹਿਣ ਦਾ ਮੌਕਾ ਮਿਲਦਾ। ਉਹ ਬੜੀਆਂ ਗੱਲਾਂ ਕਰਦੇ ਸਨ, ਸਹਿਜੇ-ਸਹਿਜੇ ਤੇ ਜਿਵੇਂ ਪਹਿਲੋਂ ਦੱਸਿਆ ਹੈ ਕਿ ਨੀਵੇਂ ਸੁਰ ਵਿੱਚ।

ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵਲੋਂ ਕਰਵਾਏ ਜਾਂਦੇ ਸਾਹਿਤਕ ਸਮਾਗਮਾਂ ਅਤੇ ਸੈਮੀਨਾਰਾਂ ਵਿੱਚ ਉਹ ਅਕਸਰ ਹੀ ਭਾਗ ਲੈਂਦੇ ਸਨ। ਇਕ ਵਾਰ 'ਮਿੰਨੀ ਕਹਾਣੀ' ਬਾਰੇ ਪ੍ਰੋਗਰਾਮ ਕਰਵਾਇਆ ਗਿਆ, ਕਈ ਵਿਦਵਾਨਾਂ ਨੇ ਆਪੋ-ਆਪਣੇ ਖੋਜ ਪੱਤਰ ਪ੍ਰਸਤੁਤ ਕੀਤੇ ਤੇ ਸਮਝਾਇਆ ਕਿ ਮਿੰਨੀ ਕਹਾਣੀ ਦਾ ਵਿਕਾਸ ਤੇ ਨਿਕਾਸ ਕਿਵੇਂ ਹੋਇਆ। ਬਟਾਲਵੀ ਜੀ ਬੈਠੇ ਹੋਏ ਸੁਣਦੇ ਰਹੇ, ਤੇ ਆਖ਼ਿਰ ਉਹਨਾਂ ਦਾ ਦਿਲ ਵੀ ਬੋਲਣ 'ਤੇ ਕਰ ਆਇਆ। ਉਹ ਵੱਧ ਤੋਂ ਵੱਧ ਪੰਜ ਮਿੰਟ ਹੀ ਬੋਲੇ, ਪ੍ਰੰਤੂ ਸਾਰਾ ਹਾਲ ਤਾੜੀਆਂ ਦੀ ਗੂੰਜ ਵਿੱਚ ਗੂੰਜਣ ਲੱਗ ਪਿਆ। ਵਿਦਵਾਨਾਂ ਵਲੋਂ ਪੜ੍ਹੇ ਗਏ ਖੋਜ ਪੱਤਰ ਔਖੀ ਭਾਸ਼ਾ ਵਿੱਚ ਹੋਣ ਕਾਰਨ ਸ੍ਰੋਤਿਆਂ ਦੇ ਪੱਲੇ ਵਿੱਚ ਕੁਝ ਨਹੀਂ ਸੀ ਪਿਆ, ਪਰ ਬਟਾਲਵੀ ਜੀ ਨੇ ਮਿੰਨੀ ਕਹਾਣੀ ਬਾਰੇ ਏਨੀ ਕੁ ਗੱਲ ਵਿੱਚ ਹੀ ਆਪਣੇ ਖੋਜ ਪੱਤਰ ਪੇਸ਼ ਕਰ ਦਿੱਤਾ, ਆਮ ਬੋਲ-ਚਾਲ ਵਿੱਚ ਹੀ ਸਮਝਾ ਦਿੱਤਾ ਕਿ ਮਿੰਨੀ ਕਹਾਣੀ ਦਾ ਜਨਮ, ਵਿਕਾਸ ਤੇ ਨਿਕਾਸ ਕਿਵੇਂ ਹੋਇਆ। ਇਸ ਵੇਲੇ ਮਿੰਨੀ ਕਹਾਣੀ ਕਿਥੇ ਖਲੋਤੀ ਹੈ ਆਦਿ। ਸਮਾਗਮ ਪਿਛੋਂ ਹਰੇਕ ਸ੍ਰੋਤਾ ਹੀ ਉਹਨਾਂ ਨੂੰ ਆਖੀ ਜਾਏ, "ਤੁਸਾਂ ਤੇ ਕਮਾਲ ਕਰ ਦਿੱਤੀ ਹੈ, ਏਨਾ ਚੰਗਾ ਬੋਲੇ ਓ।"

ਇਕ ਸਮੇਂ ਨੈਸ਼ਨਲ ਬੁੱਕ ਟਰੱਸਟ ਇੰਡੀਆ ਨੇ ਬਟਾਲਵੀ ਜੀ ਨੂੰ ਹਾਥੀ ਬਾਰੇ ਪੁਸਤਕ ਲਿਖਣ ਲਈ ਕਿਹਾ। ਪੁਸਤਕ ਲਿਖ ਲਈ ਗਈ। ਹੁਣ ਮਸਲਾ ਸੀ ਕਿ ਪੁਸਤਕ ਦਾ ਨਾਂ ਕੀ ਰੱਖਿਆ ਜਾਵੇ। ਜੰਗਲ ਦਾ 'ਰਾਜਾ' ਤੇ ਸ਼ੇਰ ਹੁੰਦਾ ਹੈ, ਹਾਥੀ ਨੂੰ ਕੀ ਲਿਖਿਆ ਜਾਵੇ ? ਵਿਭਾਗ ਵਾਲੇ ਸੋਚਣ ਲੱਗੇ। ਬਟਾਲਵੀ ਜੀ ਨੇ ਸੋਚਣ ਉਪਰੰਤ ਨਾਉਂ ਰੱਖਿਆ, "ਜੰਗਲ ਦਾ ਚੌਧਰੀ ਹਾਥੀ।" ਵਿਭਾਗ ਵਾਲੇ ਉਹਨਾਂ ਦੀ ਵਿਦਵਤਾ ਉੱਤੇ ਖੁਸ਼ ਹੋ ਗਏ।

ਬਟਾਲਵੀ ਜੀ ਸੰਖੇਪ ਗੱਲ ਕਰਕੇ ਸੁਣਨ ਵਾਲੇ ਦੀ ਤਸੱਲੀ ਕਰਵਾ ਦਿੰਦੇ ਸਨ, ਇਵੇਂ ਹੀ ਉਹਨਾਂ ਦਿਨਾਂ ਦੀ ਗੱਲ ਹੈ ਜਦੋਂ ਪੰਜਾਬ ਉੱਤੇ ਕਾਲੇ ਦਿਨ ਸਨ ਅਤੇ ਅੱਤਵਾਦ ਦਾ ਬੋਲਬਾਲਾ ਸੀ। ਬਟਾਲਵੀ ਜੀ ਆਪਣੇ ਸਾਥੀ ਅਫ਼ਸਰਾਂ ਨਾਲ ਅੰਮ੍ਰਿਤਸਰ ਤੋਂ ਜੀਪ ਵਿੱਚ ਬੈਠਕੇ ਜਲੰਧਰ ਪਰਤ ਰਹੇ ਸਨ ਕਿ ਉਹਨਾਂ ਦੀ ਜੀਪ ਨੂੰ ਇਕ ਟਰੱਕ ਨੇ ਘੇਰ ਲਿਆ। ਪੰਜ ਸੱਤ ਬੰਦੇ, ਮੂੰਹ ਬੱਧੇ ਹੋਏ ਸਨ, ਹੱਥਾਂ ਵਿੱਚ ਰਫ਼ਲਾਂ ਸਨ, ਟਰੱਕ 'ਚੋਂ ਉਤਰ ਆਏ। ਇਕ ਨੇ ਬਟਾਲਵੀ ਜੀ ਦੇ ਢਿੱਡ ਉੱਤੇ ਏ.ਕੇ. ਸੰਤਾਲੀ ਰੱਖ ਦਿੱਤੀ। ਬਟਾਲਵੀ ਜੀ ਆਪਣਾ ਇੱਕ ਹੱਥ (ਨਿਕਾਰਾ ਹੋਣ ਕਾਰਨ) ਆਪਣੀ ਜੇਬ ਵਿੱਚ ਹੀ ਪਾ ਕੇ ਰਖਦੇ ਹੁੰਦੇ ਸਨ। ਮੂੰਹ ਬੱਧੇ ਵਾਲੇ ਬੰਦੇ ਨੇ ਸਮਝ ਲਿਆ ਕਿ ਉਹ ਆਪਣੀ ਜੇਬ ਵਿਚੋਂ ਪਸਤੌਲ ਕੱਢਕੇ ਗੋਲੀ ਚਲਾ ਦੇਵੇਗਾ। ਤੇ ਬਟਾਲਵੀ ਜੀ ਨੂੰ ਆਖਿਆ, "ਹਰਕਤ ਨਾ ਕਰਨਾ..ਨਹੀਂ ਗੋਲੀ ਮਾਰਾਂਗਾ।"

ਬਟਾਲਵੀ ਜੀ ਨੇ ਆਪਣਾ ਨਿਕਾਰਾ ਹੱਥ ਜੇਬ ਵਿਚੋਂ ਬਾਹਰ ਕੱਢ ਕੇ ਉਸ ਦੇ ਮੋਢੇ ਉੱਪਰ ਧਰ ਦਿੱਤਾ ਤੇ ਆਖਣ ਲੱਗੇ, "ਭਰਾ ਜੀ, ਅਹਿ ਦੇਖੋ, ਮੈਂ ਕੀ ਹਰਕਤ ਕਰਨੀ ਏ...ਮੈਂ ਤਾਂ ਪਹਿਲੋਂ ਈ ਰੱਬ ਦਾ ਮਾਰਿਆ ਹੋਇਆ ਵਾਂ।"

"ਚੰਗਾ ਫਿਰ, ਤੁਸੀਂ ਜਾਓ, ਆਹ 'ਹਿੰਦੂ' ਨੂੰ ਉਤਾਰ ਦਿਓ ਇਥੇ।" ਮੂੰਹ ਬੱਧੇ ਵਾਲੇ ਨੇ ਜੀਪ ਵਿੱਚ ਬੈਠੇ ਸਟੇਸ਼ਨ ਇੰਜੀਨੀਅਰ ਐੱਸ.ਐੱਨ. ਕਪੂਰ ਵੱਲ ਦੇਖਕੇ ਆਖਿਆ। ਬਟਾਲਵੀ ਜੀ ਨੇ ਕਪੂਰ ਨੂੰ ਉਤਰਨ ਲਈ ਕਿਹਾ। ਕਪੂਰ ਥਰ-ਥਰ ਕੰਬਣ ਲੱਗ ਪਿਆ। ਬਟਾਲਵੀ ਜੀ ਮੂੰਹ ਬੱਧੇ ਵਾਲੇ ਨੂੰ ਗਲਵਕੜੀ ਵਿੱਚ ਲੈ ਕੇ ਪਾਸੇ ਉੱਤੇ ਲੈ ਗਏ ਤੇ ਕੁਝ ਆਖਿਆ। ਫਿਰ ਨੇੜੇ ਆਏ ਤੇ ਆਖਣ ਲੱਗੇ, "ਏਹ ਕਪੂਰ ਸਾਹਿਬ ਪੰਜਾਬੀ ਦੀ ਸੇਵਾ ਕਰ ਰਹੇ ਨੇ। ਅਸੀਂ ਏਸ ਵੇਲੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਆ ਰਹੇ ਹਾਂ। ਸ੍ਰੀ ਹਰਮਿੰਦਰ ਸਾਹਿਬ ਵਿਖੇ ਜੋ ਗੁਰਬਾਣੀ ਪ੍ਰਸਾਰਿਤ ਕਰਨ ਵਾਲਾ ਟਰਾਂਸਮੀਟਰ ਏ, ਉਹ ਖਰਾਬ ਹੋ ਗਿਐ।" ਬਟਾਲਵੀ ਜੀ ਦੀਆਂ ਗੱਲਾਂ ਉਹ ਸਾਰੇ ਜਣੇ ਧਿਆਨ ਨਾਲ ਸੁਣ ਰਹੇ ਸਨ, ਉਹਨਾਂ ਅੱਗੇ ਆਖਿਆ, '...'ਤੇ ਕਪੂਰ ਜੀ ਮਸ਼ੀਨ ਠੀਕ ਕਰਵਾਉਣਗੇ... ਜੇਕਰ ਅੱਜ ਮਸ਼ੀਨ ਠੀਕ ਨਾ ਹੋਈ ਤੇ ਗੁਰਬਾਣੀ ਪ੍ਰਸਾਰਿਤ ਨਹੀਂ ਹੋਏਗੀ। ਲੱਖਾਂ ਲੋਕ ਗੁਰਬਾਣੀ ਸੁਣਨ ਤੋਂ ਵਾਂਝੇ ਰਹਿ ਜਾਣਗੇ... ਕਪੂਰ ਜੀ ਨੇ ਅੱਜੇ ਈ, ਹੁਣੇ ਈ ਇਹ ਮਸ਼ੀਨ ਠੀਕ ਕਰਕੇ ਉਥੇ ਫਿੱਟ ਕਰਨੀ ਏਂ...ਜੇ ਤੁਸੀਂ ਕਪੂਰ ਜੀ ਨੂੰ ਮਾਰਨਾ ਏ, ਤਾਂ ਸਾਨੂੰ ਵੀ ਮਾਰ ਦਿਓ..।"

ਏਨੀ ਸੁਣਦਿਆਂ, ਮੂੰਹ ਬੱਧੇ ਵਾਲੇ ਸਾਰੇ ਜਣੇ ਢਿੱਲੇ ਪੈ ਗਏ। ਆਖਣ ਲੱਗੇ, "ਜਾਓ ਭੱਜੋ। ਕਿਸੇ ਨੂੰ ਦੱਸਣਾ ਨਹੀਂ।" ਤੇ ਇੰਜ ਬਟਾਲਵੀ ਜੀ ਨੇ ਕਪੂਰ ਜੀ ਦੀ ਜਾਨ ਦੀ ਰੱਖਿਆ ਕੀਤੀ। ਉਹਨਾਂ ਨੇ ਉਸੇ ਚੌਕ ਵਿੱਚ ਕਈ ਬੰਦੇ ਗੋਲੀਆਂ ਨਾਲ ਭੁੰਨ ਦਿੱਤੇ, ਦੂਸਰੇ ਦਿਨ ਅਖਬਾਰਾਂ ਤੋਂ ਪਤਾ ਲੱਗਿਆ।

ਜਦੋਂ ਬਟਾਲਵੀ ਜੀ ਮੰਚ ਉੱਤੇ ਆਣ ਕੇ ਬੋਲਦੇ ਸਨ ਤਾਂ ਉਦੋਂ ਉਹਨਾਂ ਦੀ ਕਾਹਲੀ ਪਤਾ ਨਹੀਂ ਕਿਥੇ ਖੰਭ ਲਾ ਕੇ ਉੱਡ ਜਾਂਦੀ ਸੀ। ਜਦੋਂ ਤੁਰਦੇ ਸਨ ਤਾਂ ਤੇਜ਼-ਤੇਜ਼। ਲਿਖਦੇ

ਸਨ, ਤਦ ਵੀ ਤੇਜ਼-ਤੇਜ਼, ਤੇ ਜਦੋਂ ਖਾਣਾ ਖਾਂਦੇ ਸਨ, ਤਦ ਵੀ ਤੇਜ਼-ਤੇਜ਼! ਮੈਂ ਉਹਨਾਂ ਨੂੰ ਪੁੱਛਣ ਲੱਗ ਪੈਂਦਾ ਸਾਂ ਕਿ ਤੁਸੀਂ ਤੇਜ਼ ਕਿਉਂ ਤੁਰਦੇ ਓ ? ਤਾਂ ਉਹ ਆਖਦੇ ਸਨ, "ਤੇਜ਼ ਤੁਰਨ ਦੇ ਬੜੇ ਈ ਫੈਦੇ ਨੇ...ਇਕ ਤੇ ਇਹ ਕਿ ਸਰੀਰ ਚੁਸਤ-ਫੁਰਤ ਤੇ ਠੀਕ-ਠਾਕ ਰਹਿੰਦੈ...ਯਾਨੀ ਸੂਤਰ ਇਆ। ਤੇ ਦੂਸਰਾ ਭੁੱਖ ਲਗਦੀ ਏ। ਤੀਸਰਾ ਆਲਸ ਨਹੀਂ ਪੈਂਦੀ, ਚੌਥਾ ਜਿਥੇ ਜਾਣਾ ਹੁੰਦਾ ਏ, ਉਥੇ ਟੈਮ ਸਿਰ ਪੁੱਜਿਆ ਜਾਂਦੈ।"

ਜਦ ਮੈਂ ਪੁੱਛਦਾ ਕਿ ਤੁਸੀਂ ਲਿਖਦੇ ਕਿਉਂ ਤੇਜ਼ੀ ਨਾਲ ਹੋ? ਤਾਂ ਉਹਨਾਂ ਆਖਣਾ ਸ਼ੁਰੂ ਕਰ ਦੇਣਾ, "ਦੇਖੋ ਜੀ, ਗੱਲ ਇਹ ਵੇ ਕਿ ਜੇ ਮੈਂ ਪੋਚ-ਪੋਚ ਕੇ ਤੇ ਹੌਲੇ-ਹੌਲੇ ਲਿਖਾਂਗਾ ਤਾਂ ਫਿਰ ਕੰਮ ਕਿੱਦਾਂ ਚੱਲੇਗਾ ? ਦੇਖੋ ਜੀ, ਪਈ ਰਿਵੀਊ ਵੀ ਲਿਖਣੇ ਹੁੰਦੇ ਨੇ, ਹੋਰ ਕਾਲਮ ਵੀ ਲਿਖਕੇ ਅਖਬਾਰਾਂ ਤੇ ਰਸਾਲਿਆਂ ਨੂੰ ਭੇਜਣੇ ਹੁੰਦੇ ਨੇ, ਤੇ ਰੇਡੀਓ ਲਈ ਵੀ ਕੁਝ ਲਿਖਣਾ ਹੁੰਦੈ। ਫਿਰ ਕੁਝ ਕਿਤਾਬਾਂ ਦੇ ਵਾਰੋ-ਵਾਰੀ ਅਨੁਵਾਦ ਵੀ ਕਰਨੇ ਹੁੰਦੇ ਨੇ, ਘੰਟਾ ਉਸ ਉੱਤੇ, ਘੰਟਾ ਉਸ ਉੱਤੇ। ਇਹ ਅਦਾਰਿਆਂ ਨੂੰ ਭੇਜਣੀਆਂ ਹੁੰਦੀਆਂ ਨੇ, ਫਿਰ ਜੀ ਪਰੂਫ ਵੀ ਪੜ੍ਹਨੇ ਹੁੰਦੇ ਨੇ...ਤੇ ਜੀ ਇਹ ਦਫ਼ਤਰ ਦੀਆਂ ਫਾਈਲਾਂ ਤੇ ਕਾਗਜ਼ਾਂ ਰਜਿਸਟਰਾਂ ਨੂੰ ਵੀ ਵਾਚਣਾ ਤੇ ਦਸਖਤ ਕਰਕੇ ਕੱਢਣਾ ਹੁੰਦੈ, ਅਹਿ ਦੇਖੋ ਢੇਰ ਪਿਐ ਜੇ। ਤੇ ਕਾਹਲੀ ਨਾ ਕਰਾਂਗਾ ਤੇ ਕੰਮ ਕਿਵੇਂ ਨਿਪਟਣਗੇ ਸਾਰੇ...ਠੀਕ ਇਆ ਨਾ? ਸਭ ਸੂਤਰ...।"

"ਚਲੋ ਇਹ ਛੱਡੋ, ਤੇਜ਼ ਖਾਣੇ ਦਾ ਕੀ ਲਾਭ ਹੋਇਐ ", ਮੇਰੀ ਏਨੀ ਸੁਣ ਉਹ ਆਖਣ ਲੱਗੇ," "ਏਹਦੇ ਬੜੇ ਈ ਫੈਦੇ ਨੇ। ਲਓ ਸੁਣੋ। ਤੇਜ਼ ਖਾਧਾ ਭੋਜਨ ਸੁਆਦੀ ਹੁੰਦੈ, ਇਕ ਤਾਂ ਗਰਮੋ-ਗਰਮ ਖਾਧਾ ਜਾ ਸਕਦੈ। ਦੂਜਾ ਪਚਦਾ ਛੇਤੀ ਏ। ਤੀਜਾ ਟਾਈਮ ਵੇਸਟ ਨਹੀਂ ਹੁੰਦਾ, ਤੇ ਫਿਰ ਮੈਂ ਕੰਮ ਵੀ ਇਕ ਹੱਥ ਤੋਂ ਲੈਣਾ ਹੁੰਦੈ। ਜੇਕਰ ਬਾਹਰ ਕਿਧਰੇ ਹੋਈਏ ਤਾਂ ਇਹ ਕਾਹਲ ਹੁੰਦੀ ਏ ਕਿ ਵਾਪਸ ਆਪਣੇ ਠਿਕਾਣੇ ਉੱਤੇ ਵੀ ਪਰਤਣਾ ਏਂ....ਠੀਕ ਏ ਨਾ... ਸਭ ਸੂਤਰ ਇਆ।"

ਬਟਾਲਵੀ ਜੀ ਹਮੇਸ਼ਾ ਸਾਦੇ ਕੱਪੜੇ ਪਾਉਂਦੇ ਸਨ ਤੇ ਕਈ-ਕਈ ਦਿਨ ਉਹ ਇਕ ਪੈਂਟ ਸ਼ਰਟ ਨਾਲ ਕੱਢ ਲੈਂਦੇ। ਜਦ ਉਹਨਾਂ ਦਾ ਸੇਵਾਦਾਰ ਆਖਦਾ, "ਸਰ, ਬੂਟ ਪੋਲਿਸ਼ ਹੋਣ ਵਾਲੇ ਹਨ।" ਤਾਂ ਉਹ ਆਖਦੇ, "ਛਡੋ ਜੀ, ਠੀਕ ਨੇ, ਸਭ ਸੂਤਰ ਇਆ।" ਦਫਤਰ ਦੀਆਂ ਸਰਕਾਰੀ ਕਾਰਾਂ ਉੱਤੇ ਚੜ੍ਹਨ ਦੀ ਵੀ ਉਹ ਘੱਟ ਹੀ ਪਰਵਾਹ ਕਰਦੇ ਸਨ ਤੇ ਅਕਸਰ ਹੀ ਆਕਾਸ਼ਵਾਣੀ ਕੇਂਦਰ ਦੇ ਆਸ ਪਾਸ ਸੜਕਾਂ ਉੱਤੇ ਕਾਹਲੀ-ਕਾਹਲੀ ਪੈਦਲ ਤੁਰਦੇ ਜਾਂਦੇ ਦਿਖਾਈ ਦਿੰਦੇ। ਮੈਨੂੰ ਉਹਨਾਂ ਨਾਲ ਕਈ ਸਮਾਰੋਹਾਂ ਤੇ ਘਰਾਂ ਵਿੱਚ ਪੈਦਲ ਤੁਰ ਕੇ ਜਾਣ ਦਾ ਮੌਕਾ ਮਿਲਿਆ। ਤੁਰਦੇ-ਤੁਰਦੇ ਉਹ ਗੱਲਾਂ ਵੀ ਸੁਣਾਂਦੇ ਜਾਂਦੇ ਸਨ।

ਮੇਰਾ ਇੱਕ ਮਿੱਤਰ ਇੰਗਲੈਂਡ ਤੋਂ ਇੰਡੀਆ ਆਇਆ ਸੀ। ਉਸ ਦੇ ਘਰ ਵਾਲੀ ਮਰ ਗਈ ਸੀ। ਉਸਨੇ ਆਪਣੇ ਘਰ ਵਾਲੀ ਦੀ ਯਾਦ ਵਿੱਚ ਟੁੱਟੀਆਂ ਫੁੱਟੀਆਂ ਕਵਿਤਾਵਾਂ, ਜੋ ਉਹਦੇ ਮਨ ਵਿੱਚ ਆਈਆਂ, ਲਿਖ ਲਈਆਂ ਤੇ ਉਹਨਾਂ ਦੀ ਕਿਤਾਬ ਛਪਵਾ ਲਈ। ਮੇਰੇ ਕਿਸੇ ਜਾਣੂੰ ਨੇ ਉਸ ਨੂੰ ਆਖਿਆ ਕਿ ਇੰਡੀਆ ਆਣ ਕੇ ਉਹ ਮੈਨੂੰ ਮਿਲੇ। ਇੰਗਲੈਂਡ ਤੋਂ ਆਇਆ ਸੱਜਣ ਮੇਰੇ ਪਾਸ ਆਣ ਆਖਣ ਲੱਗਿਆ, "ਮੇਰੀ ਆਹ ਕਿਤਾਬ ਰਿਲੀਜ਼ ਕਰਵਾ ਦਿਓ।" ਮੈਨੂੰ ਉਸਨੇ ਮੇਰੇ ਇਕ ਮਿੱਤਰ ਦਾ ਰੈਂਫਰੈਂਸ ਵੀ ਦਿੱਤਾ। ਤੇ ਇਹ ਵੀ ਕਿਹਾ ਕਿ ਕਿਤਾਬ ਉੱਤੇ ਕੋਈ ਚੰਗਾ ਜਿਹਾ ਬੁਲਾਰਾ ਵੀ ਬੁਲਵਾ ਦਿਓ। ਮੈਂ ਆਖਿਆ, ਤੁਹਾਡੀ ਕਿਤਾਬ ਉੱਤੇ ਬਟਾਲਵੀ ਜੀ ਬੋਲਣਗੇ, ਜੋ ਕਿ ਆਕਾਸ਼ਵਾਣੀ ਕੇਂਦਰ ਜਲੰਧਰ ਦੇ ਐਡੀਸ਼ਨਲ ਡਾਇਰੈਕਟਰ ਤੇ ਵਿਦਵਾਨ ਲੇਖਕ ਹਨ। ਉਹ ਇੰਗਲੈਂਡੀਆ ਸੱਜਣ ਖੁਸ਼ੀ ਨਾਲ ਝੂਮਣ ਲੱਗ ਪਿਆ, "ਅੱਛਾ ? ਸੱਚਮੁੱਚ, ਮੇਰੀ ਕਿਤਾਬ ਬਾਰੇ ਏਡਾ-ਵੱਡਾ ਬੰਦਾ ਬੋਲੇਗਾ ?"

ਇਕ ਵੱਡੇ ਹੋਟਲ ਵਿੱਚ ਸਮਾਗਮ ਦਾ ਪ੍ਰਬੰਧ ਕਰ ਲਿਆ ਗਿਆ। ਬਟਾਲਵੀ ਜੀ ਨੇ ਕਿਤਾਬ ਵਾਚ ਲਈ ਤੇ ਬੋਲਣ ਲਈ ਤਿਆਰ ਹੋ ਗਏ। ਸਮਾਗਮ ਸ਼ਾਮ ਵੇਲੇ ਸੀ। ਛੇ ਵਜੇ ਦਾ ਵਕਤ ਸੀ। ਬਟਾਲਵੀ ਜੀ ਪੰਜ ਵਜੇ ਹੀ ਪੈਦਲ ਤੁਰ ਪਏ ਤਾਂ ਮੈਂ ਆਖਿਆ, "ਤੁਸੀਂ ਮੁੱਖ ਮਹਿਮਾਨ ਹੋ। ਛੇ ਵਜੇ ਤੋਂ ਥੋੜ੍ਹਾ ਹਟਕੇ ਜਾਣਾ ਹੈ।" ਮੁੜ ਆਏ। ਇਸ ਤੋਂ ਇਹ ਪ੍ਰਭਾਵ ਪੈਦਾ ਹੁੰਦਾ ਹੈ ਕਿ ਉਹਨਾਂ ਦੇ ਦਿਲ ਵਿੱਚ ਕਿਤਨੀ ਵੱਡੀ ਸ਼ਰਧਾ ਸੀ ਸਮਾਗਮ ਵਿੱਚ ਜਾ ਕੇ ਬੋਲਣ ਦੀ, ਲੋਕਾਂ ਨੂੰ ਮਿਲਣ ਦੀ ਤੇ ਪ੍ਰੇਮ ਭਾਵਨਾ ਵਧਾਉਣ ਦੀ। ਜਦ ਛੇ ਵੱਜ ਗਏ ਤਾਂ ਇੰਗਲੈਂਡੀਏ ਸੱਜਣ ਦੀਆਂ ਧੀਆਂ, ਨੂੰਹਾਂ, ਜੁਆਈ ਤੇ ਪੁੱਤਰ ਵੀ ਹੋਟਲ ਦੇ ਗੇਟ ਅੱਗੇ ਖਲੋਤੇ ਸਾਡੀ ਉਡੀਕ ਕਰ ਰਹੇ ਸਨ। ਬਟਾਲਵੀ ਜੀ ਨੂੰ ਫੁੱਲਾਂ ਦੇ ਹਾਰਾਂ ਤੇ ਗੁਲਦਸਤਿਆਂ ਨਾਲ ਲੱਦ ਦਿੱਤਾ ਗਿਆ। ਨਾਲੋ-ਨਾਲ ਵੀਡੀਓ ਕੈਮਰੇ ਚੱਲ ਰਹੇ ਸਨ ਤੇ ਫੋਟੂ ਖਿਚੇ ਜਾ ਰਹੇ ਸਨ। ਜਦ ਬਟਾਲਵੀ ਜੀ ਹਾਰਾਂ ਵਿੱਚ ਲਿਪਟੇ ਹੋਏ ਪੰਡਾਲ ਵਿੱਚ ਦਾਖਲ ਹੋਏ ਤਾਂ ਕੁਰਸੀਆਂ ਉੱਪਰ ਬੈਠੇ ਸਭ ਸਰੋਤੇ ਉਠ ਕੇ ਖਲੋ ਗਏ, ਤਾੜੀਆਂ ਮਾਰਕੇ, ਸੁਆਗਤ ਕਰਨ ਲੱਗੇ। ਬਟਾਲਵੀ ਜੀ ਬਹੁਤ ਪ੍ਰਸੰਨ ਨਜ਼ਰ ਆ ਰਹੇ ਸਨ। ਮੈਂ ਮਾਈਕ ਉੱਤੇ ਸਭ ਨੂੰ ਜੀਓ ਆਇਆਂ ਆਖਿਆ, ਬਟਾਲਵੀ ਜੀ ਬਾਰੇ ਤੇ ਫਿਰ ਇੰਗਲੈਂਡੀਏ ਸੱਜਣ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਸ ਪਿਛੋਂ ਇੰਗਲੈਂਡੀਏ ਸੱਜਣ ਨੇ ਆਪਣੀ ਪਤਨੀ ਦੀ ਯਾਦ ਵਿਚ ਪੁਸਤਕ ਵਿਚੋਂ ਕੁਝ ਕਵਿਤਾਵਾਂ ਪੜ੍ਹ ਕੇ ਸੁਣਾਈਆਂ। ਉਸ ਪਿਛੋਂ ਬਟਾਲਵੀ ਜੀ ਬੋਲਣ ਲੱਗੇ। ਸਭ ਸਰੋਤੇ ਸਾਹ ਰੋਕ ਕੇ ਉਹਨਾਂ ਨੂੰ ਸੁਣ ਰਹੇ ਸਨ। ਬਟਾਲਵੀ ਜੀ ਨੇ ਆਖਿਆ "ਅੱਜ ਜੋ ਇਹ ਪੁਸਤਕ ਰਿਲੀਜ਼ ਹੋਈ ਏ ਇਹ ਇਕ ਪਤਨੀ ਦੀ ਯਾਦ ਵਿਚ ਨਹੀਂ, ਸਗੋਂ ਇਕ ਮਾਂ ਦੀ ਯਾਦ ਵਿੱਚ ਹੋਈ ਏ।" ਉਹਨਾਂ ਦੀ ਏਨੀ ਗੱਲ ਸੁਣਕੇ ਸ੍ਰੋਤੇ ਇਕ ਦੂਸਰੇ ਦੇ ਕੰਨਾਂ ਵਿੱਚ ਖੁਸਰ-ਫੁਸਰ

ਕਰਨ ਲੱਗ ਪਏ। ਫਿਰ ਬਟਾਲਵੀ ਜੀ ਨੇ ਅੱਗੇ ਆਖਿਆ "ਮੈਨੂੰ ਪਤਾ ਜੇ, ਤੁਸੀਂ ਜੋ ਖੁਸਰ-ਫੁਸਰ ਕਰ ਰਹੇ ਓ। ਮੈਂ ਸੱਚ ਕਹਿ ਰਿਹਾਂ...ਪਤਨੀ ਵੀ ਇਕ ਤਰ੍ਹਾਂ ਦੀ ਮਾਂ ਈ ਹੁੰਦੀ ਏ, ਜੋ ਬੱਚੇ ਜੰਮਦੀ ਏ, ਪਾਲਦੀ ਏ, ਪੜ੍ਹਾਉਂਦੀ ਏ, ਗਿੱਲੇ ਥਾਂ ਉੱਤੇ ਆਪ ਪੈ ਕੇ ਸੁੱਕੇ ਥਾਂ ਪਾਉਂਦੀ ਏ, ਘਰ ਵਾਲੇ ਤੋਂ ਗਾਲਾਂ ਲੈਂਦੀ ਏ, ਗੋਹਾ-ਕੂੜਾ ਕਰਦੀ ਏ, ਬੀਮਾਰ ਨੂੰ ਸਾਂਭਦੀ ਏ, ਕਬੀਲਦਾਰੀ ਨਜਿਠਦੀ ਏ....ਤੇ ਅਖੀਰ ਉੱਤੇ ਜਦੋਂ ਬੁਢੇਪਾ ਆਵੇ ਆਸਰਾ ਬਣਦੀ ਏ...ਧੀਆਂ ਪੁੱਤਰ ਮੂੰਹ ਭੂਆਂ ਲੈਂਦੇ ਨੇ ਪਰ ਪਤਨੀ..ਪਤਨੀ ਮਾਂ ਬਣਕੇ ਖਲੋਂਦੀ ਏ। ਅੰਤ ਵੇਲੇ ਸਿਰਹਾਣੇ ਕੋਲ ਬੈਠੀ...ਮਰ ਰਹੇ ਬੰਦੇ ਦੇ ਮੂੰਹ ਵਿਚ ਪਾਣੀ ਦਾ ਚਮਚਾ ਪਾਂਦੀ ਏ...ਇਹ ਮਾਂ ਨਹੀਂ ਤਾਂ ਹੋਰ ਕੀ ਏ ?"

ਬਟਾਲਵੀ ਜੀ ਬੋਲ ਰਹੇ ਸਨ ਤਾਂ ਪੰਡਾਲ ਵਿੱਚ ਤਾੜੀਆਂ ਗੂੰਜ ਰਹੀਆਂ ਸਨ। ਦੇਖਦੇ ਹੀ ਦੇਖਦੇ ਉਸ ਇੰਗਲੈਂਡੀਏ ਸੱਜਣ ਦੀਆਂ ਧੀਆਂ ਤੇ ਨੂੰਹਾਂ ਰੋਣ ਲੱਗ ਪਈਆਂ ਉੱਚੀ-ਉੱਚੀ। ਲੋਕਾਂ ਦਾ ਧਿਆਨ ਉਧਰ ਖਿੱਚਿਆ ਗਿਆ। ਆਪਣੀਆਂ ਮਾਵਾਂ ਰੋਂਦੀਆਂ ਦੇਖ ਕੇ ਕੁੱਛੜ ਬੈਠੇ ਉਹਨਾਂ ਦੇ ਬਾਲ ਵੀ ਵਿਲਕਣ ਲੱਗ ਪਏ, ਗੈਂ-ਗੈਂ ਕਰਨ ਲੱਗੇ। ਤੇ ਇੰਗਲੈਂਡੀਆ ਸੱਜਣ ਵੀ ਰੋਣ ਲੱਗਿਆ। ਬਟਾਲਵੀ ਜੀ ਨੇ ਅਜਿਹਾ ਜਾਦੂ ਬਿਖੇਰਿਆ ਹਰ ਕੋਈ ਆਖ ਰਿਹਾ ਸੀ, "ਭਾਈ ਕਮਾਲ ਕਰ ਦਿੱਤੀ ਏ ਤੁਸਾਂ, ਏਡਾ ਚੰਗਾ ਭਾਸ਼ਣ...?"

ਬਟਾਲਵੀ ਸਾਹਿਬ ਸਮਾਗਮ ਦੇ ਹੀਰੋ ਬਣ ਗਏ। ਉਸ ਇੰਗਲੈਂਡੀਏ ਸੱਜਣ ਨੇ ਖੁਸ਼ ਹੋ ਕੇ ੨੧੦੦੦ ਬਟਾਲਵੀ ਜੀ ਨੂੰ ਇਨਾਮ ਦਿੱਤਾ। ਉਹ ਕਈ ਮਹੀਨੇ ਇਸੇ ਸਮਾਗਮ ਦੀ ਚਰਚਾ ਮੇਰੇ ਨਾਲ ਕਰਦੇ ਰਹੇ। ਕਈ ਵਾਰ, ਪ੍ਰਬੰਧਕ ਉਹਨਾਂ ਨੂੰ ਐਨ ਮੌਕੇ ਸਿਰ ਹੀ ਦਸਦੇ ਹੁੰਦੇ ਸਨ ਕਿ ਤੁਸਾਂ ਵੀ ਬੋਲਣਾ ਹੈ। ਉਹ ਬਿਨ ਤਿਆਰੀ ਕੀਤਿਆਂ ਅਜਿਹਾ ਰੰਗ (ਹਰ ਵਿਸ਼ੇ ਉੱਤੇ) ਬੰਨ੍ਹ ਦਿੰਦੇ ਸਨ ਕਿ ਤਿਆਰੀ ਕਰਕੇ ਆਏ ਬੁਲਾਰੇ ਫਿੱਕੇ ਪੈ ਜਾਂਦੇ ਸਨ।

ਹਰਭਜਨ ਸਿੰਘ ਬਟਾਲਵੀ ਜੀ ਨੇ ਰੋਜ਼ਾਨਾ ਅਖਬਾਰਾਂ ਲਈ ਕਈ ਲੜੀਵਾਰ ਕਾਲਮ ਲਿਖੇ, ਜਿਨ੍ਹਾਂ ਵਿਚੋਂ 'ਪ੍ਰਮੁੱਖ ਪੰਜਾਬੀ ਗਾਇਕ' ਅਤੇ ਪੰਜਾਬ ਦੇ ਕਿਲੇ ਅਤੇ 'ਗਾਉਂਦਾ ਜਾਏ ਵਣਜਾਰਾ' ਬਹੁ-ਚਰਚਿਤ ਕਾਲਮ ਸਨ। ਬਟਾਲਵੀ ਜੀ ਨੇ ਸੈਂਕੜੇ ਪੁਸਤਕਾਂ ਦੇ ਰਿਵੀਊ ਲਿਖੇ, ਉਹ ਦਿਨ ਵਿੱਚ ਚਾਰ ਪੁਸਤਕਾਂ ਦੇ ਰਿਵੀਊ ਅਖਬਾਰਾਂ, ਰਸਾਲਿਆਂ ਤੇ ਰੇਡੀਓ ਲਈ ਲਿਖਦੇ ਸਨ। ਬਹੁਤ ਸਾਰੇ ਲੇਖਕਾਂ ਦੀਆਂ ਕਿਤਾਬਾਂ ਦੇ ਮੁੱਖਬੰਧ ਲਿਖੇ। ਆਪ ਦੀ ਪਹਿਲੀ ਮੌਲਿਕ ਪੁਸਤਕ "ਮੈਮੋਰੰਡਮ" ਕਹਾਣੀ ਸੰਗ੍ਰਹਿ ੧੯੮੮ ਵਿਚ ਛਪਿਆ। 'ਡਿਸਕਵਰੀ ਆਫ਼ ਇੰਡੀਆ' ਪੁਸਤਕ ਅਨੁਵਾਦ ਕੀਤੀ। ਨੈਸ਼ਨਲ ਬੁੱਕ ਟਰੱਸਟ, ਭਾਸ਼ਾ ਵਿਭਾਗ ਤੇ ਪੰਜਾਬੀ ਯੂਨੀਵਰਸਿਟੀ ਲਈ ਕਈ ਪੁਸਤਕਾਂ ਲਿਖੀਆਂ ਤੇ ਅਨੁਵਾਦ ਕੀਤੀਆਂ। ਮੀਰਾਂ ਬਾਈ, ਸਾਧੂ ਸਿੰਘ ਹਮਦਰਦ, ਈਸ਼ਵਰ ਚਿੱਤਰਕਾਰ ਦੀਆਂ ਜੀਵਨੀਆਂ ਲਿਖੀਆਂ। ਉਹਨਾਂ ਦੀ ਹਿੰਦੀ ਪੰਜਾਬੀ ਤੇ ਅੰਗਰੇਜ਼ੀ ਉੱਪਰ ਇਕੋ ਜਿਤਨੀ ਪਕੜ ਸੀ। ਇਕ ਰਚਨਾ ਦਾ ਅਨੁਵਾਦ ਕਰਨ ਉਪਰੰਤ ਉਹ ਕਈ ਥਾਈਂ ਪ੍ਰਕਾਸ਼ਿਤ ਕਰਵਾ ਕੇ ਬਹੁ ਵਿਸ਼ਾਲ ਪਾਠਕ ਘੇਰੇ ਤੱਕ ਪਹੁੰਚਾ ਜਾਂਦੇ। ਇੰਜ ਹੀ ਉਹਨਾਂ ਪੰਜਾਬ ਦੀ ਵੱਖ-ਵੱਖ ਖੇਤਰਾਂ ਦੀਆਂ ਸਿਰਮੌਰ ਸ਼ਖਸੀਅਤਾਂ ਨਾਲ ਮੁਲਾਕਾਤਾਂ ਕੀਤੀਆਂ। ਜੋ ਨਾਲ ਦੀ ਨਾਲ ਰੇਡੀਓ ਉਤੋਂ ਪ੍ਰਸਾਰਿਤ ਤੇ ਵੱਖ-ਵੱਖ ਥਾਈਂ ਪ੍ਰਕਾਸ਼ਿਤ ਹੁੰਦੀਆਂ ਰਹੀਆਂ। ਹਰਭਜਨ ਸਿੰਘ ਬਟਾਲਵੀ ਨੇ ਸੈਂਕੜੇ ਹੀ ਲੇਖਕਾਂ, ਕਲਾਕਾਰਾਂ, ਬੁੱਧੀਜੀਵੀਆਂ ਤੇ ਹੋਰ ਲੋਕਾਂ ਨੂੰ ਰੇਡੀਓ ਦੇ ਸਟੂਡੀਓ ਵਿੱਚ ਲਿਆਂਦਾ ਤੇ ਉਹਨਾਂ ਦੀ ਕਲਾ ਲੋਕਾਂ ਤੱਕ ਪੁਜਦੀ ਕੀਤੀ। ਆਪਣੀ ਸੇਵਾਮੁਕਤੀ ਤੋਂ ਕੁਝ ਸਮਾਂ ਪਹਿਲਾਂ ਹੀ ਉਹ ਨਿਰਾਸ ਹੋਣ ਲਗ ਪਏ ਸਨ। ਸੇਵਾਮੁਕਤੀ ਦੇ ਥੋੜ੍ਹੇ ਸਮੇਂ ਪਿਛੋਂ ਹੀ ਉਹ ਆਪਣੇ ਘਰ ਵਿਚ ਖਾਮੋਸ਼ ਹੋ ਕੇ ਬੈਠ ਗਏ ਤੇ ਸੰਖੇਪ ਜਿਹੀ ਬੀਮਾਰੀ ਪਿਛੋਂ ਚੱਲ ਵਸੇ। ਉਹਨਾਂ ਦੀ ਮੌਤ ਨਾਲ ਸਾਹਿਤ ਤੇ ਕਲਾ ਜਗਤ ਨੂੰ ਘਾਟਾ ਤਾਂ ਪਿਆ ਹੀ ਪ੍ਰਿੰਟ ਮੀਡੀਏ ਨੇ ਉਹਨਾਂ ਨੂੰ ਇਕਦਮ ਅੱਖੋਂ ਪਰ੍ਹੇ ਕਰ ਦਿੱਤਾ।

ਮੈਂ ਦੇਖ ਰਿਹਾ ਸਾਂ ਤੇ ਉਦਾਸ ਹੋ ਰਿਹਾ ਸਾਂ ਕਿ ਉਹਨਾਂ ਦੇ ਭੋਗ ਮੌਕੇ ਨਾ ਕੋਈ ਉਚ ਪ੍ਰਸ਼ਾਸਨਿਕ ਅਧਿਕਾਰੀ, ਨਾ ਨੇਤਾ। ਨਾਂ ਉਹ ਲੋਕ ਹੀ ਹਾਜ਼ਿਰ ਸਨ, ਜੋ ਹਰ ਸਮੇਂ ਉਹਨਾਂ ਤੋਂ ਰੇਡੀਓ ਪ੍ਰੋਗਰਾਮ ਲੈਣ ਖਾਤਰ ਉਹਨਾਂ ਦੇ ਕਮਰੇ ਦੇ ਅੰਦਰ ਬਾਹਰ ਹੂਛ-ਹੂਛ ਕਰਦੇ ਪੂਛਾਂ ਮਾਰਦੇ ਫਿਰਿਆ ਕਰਦੇ ਸਨ। ਨਾ ਹੀ ਕਿਸੇ ਅਖਬਾਰ ਦਾ ਸੰਪਾਦਕ ਜਾਂ ਪੱਤਰਕਾਰ ਹਾਜ਼ਿਰ ਹੋਇਆ, ਜਿਨ੍ਹਾਂ ਲਈ ਉਹ ਸਾਲਾਂ ਤੋਂ ਲਿਖਦੇ ਰਹੇ ਸਨ। ਨਾ ਕੋਈ ਕਲਾਕਾਰ ਪੁੱਜਾ, ਜਿੰਨਾ ਨੂੰ ਉਹ ਰੇਡੀਓ ਸਟੇਸ਼ਨ ਲਿਆਏ ਸਨ। ਬੱਸ, ਚਾਰ ਕੁ ਚੁਣੀਂਦਾ ਲੇਖਕ ਤੇ ਮੌਜੂਦਾ ਸਟੇਸ਼ਨ ਡਾਇਰੈਕਟਰ ਤੋਂ ਇਲਾਵਾ ਕੁਝ ਸੇਵਾ ਮੁਕਤ ਅਫਸਰ ਹਾਜ਼ਿਰ ਸਨ, ਉਹ ਸਭ ਜਣੇ ਇਹੋ ਹੀ ਕਹਿ ਰਹੇ ਸਨ ਕਿ ਬਟਾਲਵੀ ਜੀ ਤਾਂ ਬੜੇ ਚੰਗੇ ਸਨ, ਉਹਨਾਂ ਕਦੇ ਕਿਸੇ ਦਾ ਮਾੜਾ ਨਹੀਂ ਕੀਤਾ ਸੀ, ਫਿਰ ਵੀ ਏਨੇ 'ਇਗਨੋਰ' ਹੋ ਗਏ ?

ਮੈਂ ਸੋਚ ਰਿਹਾ ਸਾਂ, ਤੇ ਮਨ ਹੀ ਮਨ ਗੱਲਾਂ ਕਰ ਰਿਹਾ ਸਾਂ, ਏਥੇ ਚੰਗੇ ਬੰਦੇ ਨੂੰ ਤੇ ਭਲਾ ਕਰਨ ਵਾਲੇ ਨੂੰ ਕੌਣ ਪੁਛਦਾ ਹੈ ? ਏਥੇ ਤਾਂ "ਜੁਗਾੜੀਆਂ" ਤੇ "ਚਾਪਲੂਸਾਂ" ਦਾ ਜ਼ਮਾਨਾ ਹੈ। ਬਟਾਲਵੀ ਜੀ ਇਹੋ ਜਿਹੇ ਨਹੀਂ ਸਨ। ਉਹ ਮਸਤ ਸਨ, ਫੱਕਰ ਸੁਭਾ ਵਾਲੇ, ਵਿਦਵਾਨ ਤੇ ਸੁਲਝੀ ਸ਼ਖਸੀਅਤ ਵਾਲੇ। ਉਹਨਾਂ ਚਿਤਵਿਆ ਤੱਕ ਨਹੀਂ ਹੋਣਾ ਕਿ ਇੰਜ ਭੀੜੀ ਥਾਂ ਵਿੱਚ ਲੱਗੇ ਪੰਡਾਲ ਵਿੱਚ ਬੈਠੇ ਰਾਗੀ ਸਿੰਘ ਕੀਰਤਨ ਕਰ ਰਹੇ ਸਨ, "ਜਿਸ ਦੀ ਵਸਤ, ਸੋਈ ਲੈ ਜਾਇਗਾ।"

ਮੈਂ ਆਪਣੇ ਆਪ ਵਿੱਚ ਗੁਆਚਾ ਹੋਇਆ, ਉਹਨਾਂ ਦੇ ਨਾਲ ਨਾਲ ਤੁਰਿਆ ਫਿਰ ਰਿਹਾ ਸਾਂ।

—ਪਿੰਡ ਤੇ ਡਾਕ. ਘੁਗਿਆਣਾ (ਫਰੀਦਕੋਟ)

ਖ਼ਬਰਨਾਮਾ

ਸ਼੍ਰੋਮਣੀ ਪੁਰਸਕਾਰ

ਪੰਜਾਬ ਸਰਕਾਰ ਨੇ ਲੇਖਕਾਂ ਨੂੰ ਹਰ ਸਾਲ ਦਿਤੇ ਜਾਣ ਵਾਲੇ ਸ਼੍ਰੋਮਣੀ ਪੁਰਸਕਾਰਾਂ ਦਾ ਐਲਾਨ ਕਰ ਦਿਤਾ ਹੈ। ਪਿਛਲੇ ਤਿੰਨ ਸਾਲਾਂ ਤੋਂ ਇਹ ਪੁਰਸਕਾਰ ਰੁਕੇ ਪਏ ਸਨ। ਹੁਣ ਸਰਕਾਰ ਨੇ ਪਿਛਲੇ ਸਾਲ ਅਤੇ ਵਰਤਮਾਨ ਸਾਲ ਪਾ ਕੇ ਸੰਨ ੨੦੦੧ ਤੋਂ ੨੦੦੪ ਸਾਲ ਤਕ ਦੇ ਇਕੱਠੇ ਚਾਰ ਸਾਲਾਂ ਪੁਰਸਕਾਰਾਂ ਦਾ ਐਲਾਨ ਕਰ ਦਿਤਾ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ ਸਥਾਪਤ ਸਲਾਹਕਾਰ ਬੋਰਡ ਦੀ ਡਿਪਟੀ ਮੁਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ। ਅਖਬਾਰਾਂ ਵਿਚ ਛਪੀਆਂ ਖਬਰਾਂ ਅਨੁਸਾਰ ਇਹਨਾਂ ਪੁਰਸਕਾਰਾਂ ਦੀ ਸੂਚੀ ਇਸ ਤਰ੍ਹਾਂ ਬਣਦੀ ਹੈ। ਹਰ ਇਕ ਪੁਰਸਕਾਰਤ ਸਤਕਾਰਤ ਹਸਤੀ ਨੇ ਮੋਮੈਂਟੋ ਸ਼ਾਲ ਅਤੇ ਨਕਦ ਰਾਸ਼ੀ ਭੇਟ ਕੀਤੀ ਜਾਵੇਗੀ।

ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ ਰਾਸ਼ੀ ੧ ਲੱਖ ੨੫ ਹਜ਼ਾਰ

ਸੱਯਦ ਨਜ਼ਮ ਹੁਸੈਨ ਪਾਕਿਸਤਾਨ
ਡਾ. ਜਸਵੰਤ ਸਿੰਘ ਨੇਕੀ
ਸ. ਸੁਰਿੰਦਰ ਸਿੰਘ ਨਰੂਲਾ
ਸ. ਗੁਰਦਿਆਲ ਸਿੰਘ ਨਾਵਲਿਸਟ

ਸ਼੍ਰੋਮਣੀ ਪੁਰਸਕਾਰ ਰਾਸ਼ੀ ੧ ਲੱਖ

ਸ਼੍ਰੋਮਣੀ ਪੰਜਾਬੀ ਸਾਹਿਤਕਾਰ
ਗੁਲਜ਼ਾਰ ਸਿੰਘ ਸੰਧੂ
ਪ੍ਰੇਮ ਪ੍ਰਕਾਸ਼ ਖੰਨਵੀ
ਵਰਿਆਮ ਸਿੰਘ ਸੰਧੂ
ਓਸ ਪ੍ਰਕਾਸ਼ ਗਾਸੋ

ਸ਼੍ਰੋਮਣੀ ਹਿੰਦੀ ਸਾਹਿਤਕਾਰ
ਰਮੇਸ਼ ਕੁੰਤਲ ਮੇਘ
ਹਰਮੋਹਿੰਦਰ ਸਿੰਘ ਬੇਦੀ
ਚਮਨ ਲਾਲ
ਬਲਦੇਵ ਵੰਸ਼ੀ

ਸ਼੍ਰੋਮਣੀ ਉਰਦੂ ਸਾਹਿਤਕਾਰ
ਸਰਦਾਰ ਪੰਛੀ
ਬਲਰਾਜ ਕੋਮਲ
ਭੁਪਿੰਦਰ ਸਿੰਘ ਪਰਿਹਾਰ
ਸਤਿਆਪਾਲ ਆਨੰਦ

ਸ਼੍ਰੋਮਣੀ ਸੰਸਕ੍ਰਿਤ ਸਾਹਿਤਕਾਰ
ਡੀ.ਵੀ. ਸ਼ਰਮਾ
ਐਮ.ਵੀ. ਪਾਂਡੇ
ਊਸ਼ਾ ਸਤਿਆਵ੍ਰਤ
ਡਾ. ਅਭਿਮੰਨਿਊ

ਸ਼੍ਰੋਮਣੀ ਪੰਜਾਬੀ ਪੱਤਰਕਾਰ
ਸ਼ਾਮ ਸਿੰਘ
ਜਗਤਾਰ ਸਿੰਘ ਸਿੱਧੂ
ਜਤਿੰਦਰ ਪਨੂੰ
ਦਰਸ਼ਨ ਸਿੰਘ ਮੱਕੜ

ਸ਼੍ਰੋਮਣੀ ਰਾਗੀ ਢਾਡੀ
ਗੁਰਨਾਮ ਸਿੰਘ ਪਟਿਆਲਾ
ਬਲਜੀਤ ਸਿੰਘ ਨਾਮਧਾਰੀ
ਗੁਲਾਮ ਮੁਹੰਮਦ ਚਾਂਦ (ਪਾਕਿਸਤਾਨ)
ਸੁਦਾਗਰ ਸਿੰਘ

ਸ਼੍ਰੋਮਣੀ ਪੰਜਾਬੀ ਲੇਖਕ
ਮੇਘ ਰਾਜ ਮਿਤਰ
ਹਰਚੰਦ ਸਿੰਘ ਸਰਹੰਦੀ
ਨਰਿੰਦਰ ਸਿੰਘ ਕਪੂਰ
ਡੀ. ਆਰ. ਸਚਦੇਵਾ

ਸ਼੍ਰੋਮਣੀ ਪੰਜਾਬੀ ਕਵੀ
ਸ਼ਿਵ ਨਾਥ
ਪਾਲ ਕੌਰ
ਰਵਿੰਦਰ ਭੱਠਲ
ਮੋਹਨ ਜੀਤ

ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ
ਰਮਾ ਰਤਨ
ਹਰਦੇਵ ਚੌਹਾਨ
ਸਰਬਜੀਤ ਬੇਦੀ
ਸੁਰਜੀਤ ਮਰਜਾਰਾ

ਸ਼੍ਰੋਮਣੀ ਪੰਜਾਬੀ ਲੇਖਕ (ਪੰਜਾਬ ਤੋਂ ਬਾਹਰ)
ਗੁਰਬਚਨ ਭੁੱਲਰ
ਅਜੀਤ ਕੌਰ
ਕੰਵਲ ਕਸ਼ਮੀਰੀ

ਮਨਮੋਹਨ ਬਾਵਾ
ਸ਼੍ਰੋਮਣੀ ਪੰਜਾਬੀ ਵਿਦੇਸ਼ੀ ਸਾਹਿਤਕਾਰ
ਇਲਿਆਸ ਘੁੰਮਣ ਪਾਕਿਸਤਾਨ
ਅਮਰਜੀਤ ਚੰਦਨ
ਨਵਤੇਜ ਭਾਰਤੀ
ਪ੍ਰੀਤਮ ਸਿੰਘ ਕੈਂਬੋ
ਸ਼੍ਰੋਮਣੀ ਪੰਜਾਬੀ ਥੀਏਟਰ ਰੇਡੀਓ ਤੇ ਟੈਲੀਵੀਜਨ
ਆਤਮਜੀਤ
ਪ੍ਰੀਤੀ ਸਪਰੂ
ਲਖਵਿੰਦਰ ਜੌਹਲ
ਨੀਲਮ ਮਾਨ ਸਿੰਘ ਚੌਧਰੀ

ਬਾਹਦਰ ਸਿੰਘ ਸੰਧੂ ਨੂੰ ਯੂ. ਕੇ. ਦੀ ਸੰਸਥਾ ਵੱਲੋਂ ਪੁਰਸਕਾਰ

ਜਲੰਧਰ– ਮਾਸਟਰ ਬਹਾਦਰ ਸਿੰਘ ਸੰਧੂ ਬਸ਼ੇਸ਼ਰਪੁਰ (ਮੀਡੀਆ ਸਕੱਤਰ ਪੰਜਾਬੀ ਸੱਥ), ਸਰਕਾਰੀ ਐਲੀਮੈਂਟਰੀ ਸਕੂਲ ਖੁਰਲਾ ਕਿੰਗਰਾ ਜਲੰਧਰ ਨੂੰ ਸਿੱਖਿਆ, ਸਾਖਰਤਾ, ਸਰਵ-ਸਿੱਖਿਆ ਅਭਿਆਨ, ਖੇਡਾਂ, ਸੱਭਿਆਚਾਰ, ਮਾਂ-ਬੋਲੀ ਪੰਜਾਬੀ, ਵਾਤਾਵਰਣ ਦੀ ਸੰਭਾਲ, ਚਿੱਟੀ ਅਤੇ ਕਾਲੀ ਵੇਈਂ ਦੇ ਸਰਵੇਖਣ, ਕਾਲੀ ਵੇਈਂ ਦੀ ਸਫਾਈ ਦੀ ਮੁਹਿੰਮ ਲਈ ਉੱਘਾ ਯੋਗਦਾਨ ਪਾਉਣ ਅਤੇ ਸਕੂਲ ਨੂੰ ਆਪਣਾ ਘਰ ਸਮਝਦੇ ਹੋਏ ਉਸ ਦੀ ਨੁਹਾਰ ਬਦਲਣ ਲਈ ਵਿਦਿਆਰਥੀਆਂ ਨੂੰ ਆਪਣੇ ਹੀ ਬੱਚੇ ਸਮਝ ਕੇ ਮੁੱਲਵਾਨ ਸਿੱਖਿਆ ਦੇਣ ਬਦਲੇ ਸਿੱਖ ਕਮਿਊਨਿਟੀ ਐਂਡ ਯੂਥ ਸਰਵਿਸ ਯੂ.ਕੇ. ਵੱਲੋਂ ੨੧ ਹਜ਼ਾਰ ਰੁਪਏ ਨਾਲ ਉਨ੍ਹਾਂ ਦੇ ਸਕੂਲ ਕੈਂਪਸ ਵਿਚ ੨੨ ਨਵੰਬਰ ਨੂੰ ਸਨਮਾਨਿਆ ਗਿਆ।

ਬਾਬਾ ਹਰਿਵਲਭ ਸੰਗੀਤ ਮਹਾਂਸਭਾ ਵੱਲੋਂ 'ਹੇਮੰਤ ਉਤਸਵ' ਸੰਗੀਤ ਸਭਾ ਦਾ ਆਯੋਜਨ

ਜਲੰਧਰ ਸ਼ਹਿਰ ਦਾ ਨਾਂਅ ਇਥੇ ਹਰ ਸਾਲ ਹੁੰਦੇ ਹਰਿਵਲਭ ਸੰਗੀਤ ਸੰਮੇਲਨ ਨਾਲ ਜੁੜਿਆ ਹੈ ਉੱਤਰੀ ਭਾਰਤ ਦਾ ਇਹ ਸਭ ਤੋਂ ਵੱਡਾ ਸੰਗੀਤ ਦਾ ਮੇਲਾ ਹੈ ਜਿਥੇ ਤਿੰਨ ਦਿਨ ਰਾਗ ਵਿੱਦਿਆ ਦੇ ਵਿਦਵਾਨ ਕਲਾਕਾਰ ਗਾਇਣ ਅਤੇ ਸਾਜ਼ ਵਾਦਨ ਵਿਚ ਉਚਤਮ ਕਲਾ ਦਾ ਪ੍ਰਦਰਸ਼ਨ ਕਰਦੇ ਹਨ। ਹਰਵਲਭ ਦਾ ਮੇਲਾ ਹਰ ਸਾਲ ਦਸੰਬਰ ਦੇ ਅੰਤਲੇ ਦਿਨਾਂ ਨੂੰ ਸਖ਼ਤ ਸਰਦੀ ਦੇ ਮੌਸਮ ਵਿਚ ਹੁੰਦਾ ਹੈ। (ਇਸ ਵਾਰ ੨੪-੨੫-੨੬ ਦਸੰਬਰ ੨੦੦੪ ਨੂੰ ਹੋ ਰਿਹਾ ਹਾ) ਇਸ ਵੱਡੇ ਮੇਲੇ ਤੋਂ ਇਲਾਵਾ ਵੀ ਸ੍ਰੀ ਬਾਬਾ ਹਰਿਵਲਭ ਸੰਗੀਤ ਮਹਾਂਸਭਾ ਵੱਲੋਂ ਸੰਗੀਤ ਦੇ ਉਤਸਵ ਹੁੰਦੇ ਹਨ, ਜਿਸ ਵਿਚ ਉਤਕ੍ਰਿਸ਼ਟ ਕਲਾਕਾਰ ਆਪਣੀ ਕਲਾ ਦੁਆਰਾ ਹਾਜ਼ਰੀ ਲੁਆਉਂਦੇ ਹਨ। ਸਮੇਂ ਦੇ ਲਿਹਾਜ਼ ਨਾਲ ਇਹ ਉਤਸਵ ਇਕੋ ਹੀ ਬੈਠਕ ਵਿਚ ਹੁੰਦੇ ਹਨ। ਇਸ ਤਰ੍ਹਾਂ ਸਾਰਾ ਸਾਲ ਹੀ ਸ਼ਾਸਤਰੀ ਸੰਗੀਤ ਦੀਆਂ ਸਰਗਰਮੀਆਂ ਚਲਦੀਆਂ ਰਹਿੰਦੀਆਂ ਹਨ।

ਮਿਤੀ ੬ ਨਵੰਬਰ ੨੦੦੪ ਸਨਿਚਰਵਾਰ ਸ਼ਾਮ ਨੂੰ ਦੇਵੀ ਤਾਲਾਬ ਪਰੀਸਰ ਵਿਚ ਰਾਮ ਹਾਲ ਵਿਚ 'ਹੇਮੰਤ ਉਤਸਵ' ਦਾ ਆਯੋਜਨ ਕੀਤਾ ਗਿਆ। ਇਸ ਵਿਚ ਦੋ ਹੀ ਕਲਾ ਕ੍ਰਿਤੀਆਂ ਸਨ– ਸ੍ਰੀ ਜੈਦੇਵ ਦਾ ਸੋਲੋ ਤਬਲਾ ਵਾਦਨ ਅਤੇ ਪ੍ਰੋ: ਬਲਦੇਵ ਸਿੰਘ ਨਾਰੰਗ ਦਾ ਗਾਇਣ। ਸਭਾ ਦੀ ਜਨਰਲ ਸਕੱਤਰ ਸ੍ਰੀਮਤੀ ਪੂਰਨਮਾ ਬੇਰੀ ਦੇ ਸੁਆਗਤੀ ਭਾਸ਼ਨ ਬਾਦ ਹਾਜ਼ਰ ਸਭਾ ਦੇ ਮੁਖੀ ਮੈਂਬਰਾਂ ਵੱਲੋਂ ਦੀਪਕ ਜਗਾ ਕੇ ਰਸਮੀ ਤੌਰ 'ਤੇ ਰਾਗ ਸਭਾ ਆਰੰਭ ਹੋਣ ਦਾ ਸੰਕੇਤ ਦਿੱਤਾ ਗਿਆ। ਸਭ ਤੋਂ ਪਹਿਲਾਂ ਨੌਜਵਾਨ ਕਲਾਕਾਰ ਸ੍ਰੀ ਜੈਦੇਵ ਦਾ ਤਬਲਾ ਵਾਦਨ ਹੋਇਆ। ਸ੍ਰੀ ਜੈਦੇਵ ਆਪਣੇ ਹੀ ਮਸ਼ਹੂਰ ਪਿਤਾ ਸ੍ਰੀ ਕਾਲੇ ਰਾਮ ਦੇ ਸ਼ਾਗਿਰਦ ਹਨ। ਸਭਾ ਵਿਚ ਸ੍ਰੀ ਕਾਲੇਰਾਮ ਦੇ ਗੁਰੂ, ਮਸ਼ਹੂਰ ਸੰਗੀਤਕਾਰ ਪ੍ਰੋ. ਲਛਮਣ ਸਿੰਘ ਵੀ ਉਪਸਥਿਤ ਸਨ। ਸੋ ਜੈਦੇਵ ਆਪਣੇ ਦਾਦਾ ਗੁਰੂ ਲਛਮਣ ਸਿੰਘ ਸੀਨ ਹੋਰਾਂ ਦੀ ਹਾਜ਼ਰੀ ਵਿਚ ਵਜਾ ਰਹੇ ਸਨ, ਇਸ ਗੱਲ ਦਾ ਉਲੇਖ ਵੀ ਉਨ੍ਹਾਂ ਆਪਣੇ ਸ਼ਬਦਾਂ ਵਿਚ ਕੀਤਾ। ਨੌਜਵਾਨ ਕਲਾਕਾਰ ਨੇ ਤਿੰਨ-ਤਾਲ ਵਿਚ ਰਸ-ਭਿੰਨਾ ਤਬਲਾ ਵਾਦਨ ਕਰਕੇ ਸਾਬਤ ਕੀਤਾ ਕਿ ਉਨ੍ਹਾਂ ਦੀ ਜ਼ਬਰਦਸਤ ਤਿਆਰੀ ਹੈ। ਸਵਾ ਘੰਟਾ ਤੋਂ ਉੱਪਰ ਤਬਲੇ ਤੇ ਪੇਸ਼ਕਾਰੀ ਤੋਂ ਇਲਾਵਾ ਵੱਖ-ਵੱਖ ਲੈਆਂ ਵਿਚ, ਆਨ ਬੀਟ ਤੇ ਆਫ ਬੀਟ ਦੇ ਵਿਵਿਧ ਨਮੂਨੇ ਪੇਸ਼ ਕੀਤੇ। ਸਰਦੀ ਦੇ ਮੌਸਮ ਵਿਚ ਕਲਾਕਾਰ ਮੁੜਕੋ-ਮੁੜਕਾ ਹੋਇਆ ਪਿਆ ਸੀ। ਹਾਰਮੋਨੀਅਮ ਤੇ ਨਗ਼ਮੇ ਦੀ ਸੰਗਤ ਅਤੇ ਤਾਨਪੂਰੇ 'ਤੇ ਵੀ ਨੌਜੁਆਨ ਕਲਾਕਾਰ ਹੀ ਸਾਥ ਦੇ ਰਹੇ ਸਨ। ਅੰਤ ਉੱਤੇ ਕਲਾਕਾਰ ਦਾ ਮਾਨ ਸਨਮਾਨ ਸਿਮ੍ਰਤੀ ਚਿੰਨ੍ਹ, ਫੁੱਲਾਂ ਦੇ ਹਾਰਾਂ ਅਤੇ ਯੋਗ ਭੇਟਾਵਾਂ ਦੁਆਰਾ ਕੀਤਾ ਗਿਆ।

ਪ੍ਰੋ. ਬੀ. ਐਸ. ਨਾਰੰਗ ਪੰਜਾਬ ਦੇ ਪ੍ਰਸਿੱਧ ਗਾਇਕ ਹਨ। ਆਪ ਖੁਦ ਆਪਣੇ ਪਿਤਾ ਜੀ ਦੇ ਸ਼ਗਿਰਦ ਹਨ ਅਤੇ ਉਸਤਾਦ ਸਲਾਮਤ ਅਲੀ ਤੋਂ ਵੀ ਸਿੱਖਿਆ ਲੈਣ ਦਾ ਮਾਨ ਪ੍ਰਾਪਤ ਹੋਇਆ। ਅੱਗੋਂ ਇਨ੍ਹਾਂ ਦੇ ਸ਼ਾਗਿਰਦਾਂ ਵਿਚ ਪ੍ਰਸਿੱਧ ਸ਼ਾਸਤਰੀ ਅਤੇ ਲੋਕ ਸੰਗੀਤ ਗਾਇਕ ਹਨ।

ਪ੍ਰੋ. ਨਾਰੰਗ ਦੀ ਗਹਿਰ ਗੰਭੀਰ ਸੁਰੀਲੀ ਆਵਾਜ਼ ਵਿਚ ਰਾਗ ਮਾਰਵਾ ਦਾ ਆਲਾਪ ਸ਼ੁਰੂ ਹੋਇਆ। ਮਾਰਵਾ ਰਾਗ ਦੀ

ਪੇਸ਼ਕਾਰੀ ਵਿਚ ਉਸਤਾਦੀ ਰਿਆਜ਼ ਚਮਤਕਾਰ ਦਿਖਾਉਣ ਲੱਗਾ। ਪ੍ਰੋ. ਨਾਰੰਗ ਦੇ ਗਾਇਣ ਨੇ ਦਿਲਾਂ 'ਤੇ ਡੂੰਘਾ ਪ੍ਰਭਾਵ ਛੱਡਿਆ ਅਤੇ ਸ੍ਰੋਤਿਆਂ ਨੂੰ ਝੂਮਣ 'ਤੇ ਮਜਬੂਰ ਕਰ ਦਿੱਤਾ।

"ਗੁਰੂ ਬਿਨ ਗਿਆਨ ਨਾ ਪਾਵੇ। ਮਨ ਮੂਰਖ ਸੋਚ ਸੋਚ ਕਾਹੇ ਪਛਤਾਵੇ" ਬੋਲ ਬਾਰ ਬਾਰ ਗੂੰਜ ਰਹੇ ਸਨ। ਇਕ ਅਧਿਆਤਮਕ ਵਾਤਾਵਰਨ ਸੀ। ਜੈ ਦੇਵ ਦਾ ਤਬਲਾ ਵਾਦਨ, ਪ੍ਰਦੁਮਣ ਹੈਪੀ ਦਾ ਹਾਰਮੋਨੀਅਮ, ਸ੍ਰੀ ਓਮ ਪ੍ਰਕਾਸ਼ ਥਾਪਰ ਅਤੇ ਮੋਹਿਤ ਪ੍ਰਤਾਪ ਕਿੱਟੂ ਦੇ ਤਾਨਪੂਰੇ, ਗਾਇਨ ਵਿਚ ਸੋਨੇ ਤੇ ਸੁਹਾਗਾ ਦੀ ਚਮਕ ਭਰ ਰਹੇ ਸਨ।

ਮਾਰਵਾ ਤੋਂ ਬਾਅਦ ਰਾਗ ਸੋਹਣੀ ਵਿਚ ਇਕ ਤਾਲ ਦੀ ਬੰਦਿਸ਼ ਵਿਚ "ਤਾਲ ਸੁਰਨ ਕੋ ਧਰ ਧਿਆਨ, ਗੁਨੀਅਨ ਕੀ ਬਾਤ ਮਾਨ "ਬੋਲਾਂ ਵਿਚ ਜ਼ਬਰਦਸਤ ਬੰਦਿਸ਼ ਸੀ। ਫਿਰ ਪੰਜਾਬੀ ਬੰਦਿਸ਼ "ਕਿਤੇ ਮੋੜ ਦਿੱਲਾਂ ਦੀਆਂ ਵਾਗਾਂ ਨੂੰ" ਉਨ੍ਹਾਂ ਰਾਗ ਦੀਆਂ ਸੁਰਾਂ ਵਿਚ ਗਾ ਕੇ ਮਨ ਦੀ ਲੋਚਾ ਤਰਲੇ ਹਾੜੇ ਨੂੰ ਰੂਪਮਾਨ ਕਰਦਿਆਂ ਇਕ ਵਜਦ ਦੀ ਸਥਿਤੀ ਪੈਦਾ ਕਰ ਦਿੱਤੀ। ਪ੍ਰੋ. ਨਾਰੰਗ ਨੇ ਆਪਣੇ ਗਾਣੇ ਦੀ ਸਮਾਪਤੀ ਇਕ ਮਸ਼ਹੂਰ ਭਜਨ ਨਾਲ ਕੀਤੀ ਜਿਸ ਦੇ ਬੋਲ ਸਨ "ਤੁਮ ਨਾਮ ਜਪਣ ਕਿਉਂ ਛੋੜ ਦੀਆ। ਕਾਮ ਨਾ ਛੋੜਾ ਕ੍ਰੋਧ ਨਾ ਛੋੜਾ, ਸਤਿ ਬਚਨ ਕਿਉਂ ਛੋੜ ਦੀਆ।"

ਪ੍ਰੋਗਰਾਮ ਸਮਾਪਨ ਤੇ ਕਲਾਕਾਰਾਂ ਦਾ ਮਾਨ ਸਨਮਾਨ ਕੀਤਾ ਗਿਆ। ਇਸ ਸਭਾ ਵਿਚ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਭਾਰਤੀ ਸਾਹਿਤ ਅਕੈਡਮੀ ਐਵਾਰਡੀ ਡਾ: ਵਰਿਆਮ ਸਿੰਘ ਸੰਧੂ ਵੀ ਹਾਜ਼ਰ ਸਨ। ਉਨ੍ਹਾਂ ਦੇ ਸੰਗੀਤ ਸਬੰਧੀ ਅਤੇ ਇਸ ਸੰਗੀਤ ਸਭਾ ਸਬੰਧੀ ਵਿਚਾਰ ਸੁਣ ਕੇ ਸ੍ਰੋਤੇ ਹੋਰ ਵੀ ਮੰਤਰ ਮੁਗਧ ਹੋਏ। ਸੰਧੂ ਸਾਹਿਬ ਦੇ ਵਿਚਾਰਾਂ ਅਤੇ ਬੋਲਾਂ ਦੀ ਵਾਹ ਵਾਹ ਦੇਰ ਤਕ ਹੁੰਦੀ ਰਹੀ। ਅੰਤ ਉੱਤੇ ਪ੍ਰਧਾਨ ਜੀ ਨੇ ਸਭ ਆਏ ਵਿਅਕਤੀਆਂ ਦਾ ਧੰਨਵਾਦ ਕੀਤਾ। ਸੁਰਾਂ ਦੇ ਲੰਗਰ ਬਾਅਦ ਰਾਤ ਦਾ ਖਾਣਾ ਵੀ ਹਾਜ਼ਰ ਸੀ।

ਮੰਤਰੀ ਪ੍ਰੀਸ਼ਦ ਵੱਲੋਂ ਜਥੇਦਾਰ ਟੌਹੜਾ ਦੀ ਵਿਧਵਾ ਲਈ ਪੈਨਸ਼ਨ ਨੂੰ ਪ੍ਰਵਾਨਗੀ

ਚੰਡੀਗੜ੍ਹ— ਇੱਥੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਨੇ ਰਾਜ ਸਭਾ ਮੈਂਬਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸਵਰਗੀ ਸ. ਗੁਰਚਰਨ ਸਿੰਘ ਟੌਹੜਾ ਦੀ ਵਿਧਵਾ ਸ੍ਰੀਮਤੀ ਜੋਗਿੰਦਰ ਕੌਰ ਨੂੰ ਉਮਰ ਭਰ ਲਈ ੧੫ ਹਜ਼ਾਰ ਰੁਪਏ ਪ੍ਰਤੀ ਮਹੀਨਾ ਉੱਕਾ-ਪੁੱਕਾ ਅਤੇ ਫਿਕਸ ਪੈਨਸ਼ਨ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਇਹ ਪ੍ਰਗਟਾਵਾ ਕਰਦਿਆਂ ਪੰਜਾਬ ਸਰਕਾਰ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਮਾਤਾ ਜੋਗਿੰਦਰ ਕੌਰ ਨੂੰ ਜ਼ਿੰਦਗੀ ਭਰ ਲਈ ਆਪਣੀ ਰਿਹਾਇਸ਼ 'ਤੇ ਮੁਫਤ ਟੈਲੀਫੋਨ ਦੀ ਸਹੂਲਤ ਅਤੇ ਪੰਜਾਬ ਸਰਕਾਰ ਦੇ ਦਰਜਾ ਇੱਕ ਅਧਿਕਾਰੀਆਂ ਦੇ ਪੈਟਰਨ 'ਤੇ ਮੈਡੀਕਲ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਪੁੱਛਾ ਉਨ੍ਹਾਂ ਲਈ ਪਿੰਡ ਟੌਹੜਾ ਜਾਂ ਪਟਿਆਲਾ ਜਾਂ ਮੁਹਾਲੀ ਵਿਖੇ ਰਿਹਾਇਸ਼ ਲਈ ਮਕਾਨ ਮੁਹੱਈਆ ਕਰਵਾਏਗਾ।

ਉਨ੍ਹਾਂ ਨੂੰ ਪੂਰੇ ਸਮੇਂ ਲਈ ਸੁਰੱਖਿਆ ਅਤੇ ਇਕ ਡਰਾਈਵਰ ਵੀ ਮੁਹੱਈਆ ਕਰਵਾਇਆ ਜਾਵੇਗਾ।

ਮੀਟਿੰਗ ਦੇ ਆਰੰਭ ਵਿੱਚ ਮੰਤਰੀ ਪ੍ਰੀਸ਼ਦ ਨੇ ਪੰਜਾਬ ਦੇ ਸਾਬਕਾ ਡਾਇਰੈਕਟਰ (ਸਪੋਰਟਸ) ਅਤੇ ਸਮਾਜਿਕ ਸੁਰੱਖਿਆ ਰਾਜ ਮੰਤਰੀ ਸ੍ਰੀਮਤੀ ਗੁਰਕੰਵਲ ਕੌਰ ਦੇ ਪਤੀ ਕਰਨਲ ਰਮਿੰਦਰ ਸਿੰਘ ਨੂੰ ਦੋ ਮਿੰਟ ਮੋਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਅਤੇ ਪ੍ਰਮਾਤਮਾ ਅੱਗੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ।

ਨਵਾਂ ਜ਼ਮਾਨਾ (29-10-2004)

ਲੋਕ-ਜੀਵਨ ਦੀਆਂ ਆਸਾਂ ਨਾਲ ਜੁੜਿਆ ਸਾਹਿੱਤ ਲਿਖਿਆ ਜਾਵੇ— ਮਕਸੂਦ ਸਾਕਿਬ

ਲੁਧਿਆਣਾ— ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਵਲੋਂ ਲਾਹੌਰ (ਪਾਕਿਸਤਾਨ) ਤੋਂ ਆਏ ਪੰਜਾਬੀ ਮਾਸਿਕ 'ਪੰਚਮ' ਦੇ ਸੰਪਾਦਕ ਸ੍ਰੀ ਮਕਸੂਦ ਸਾਕਿਬ ਨਾਲ ਰੂ-ਬ-ਰੂ ਸਮਾਗਮ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਅਕਾਡਮੀ ਦੇ ਪ੍ਰਧਾਨ ਡਾ. ਸੁਰਜੀਤ ਪਾਤਰ ਨੇ ਕੀਤੀ। ਪ੍ਰਧਾਨਗੀ ਮੰਡਲ ਵਿਚ ਉਨ੍ਹਾਂ ਨਾਲ ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੋ. ਗੁਰਭਜਨ ਗਿੱਲ ਅਤੇ ਜਨਰਲ ਸਕੱਤਰ ਪ੍ਰੋ. ਰਵਿੰਦਰ ਭੱਠਲ ਵੀ ਸ਼ਾਮਲ ਸਨ। ਪ੍ਰੋ. ਗਿੱਲ ਨੇ ਸ੍ਰੀ ਸਾਕਿਬ ਨੂੰ ਜੀ ਆਇਆਂ ਆਖਦੇ ਹੋਏ ਕਿਹਾ ਕਿ ਪਾਕਿਸਤਾਨ ਵਿਚ ਮਾਂ-ਬੋਲੀ ਪੰਜਾਬੀ ਦੀ ਪ੍ਰਫੁੱਲਤਾ ਲਈ ਉਹ ਪਿਛਲੇ ਲੰਮੇ ਸਮੇਂ ਤੋਂ ਨਿਰੰਤਰ ਕੰਮ ਕਰ ਰਹੇ ਹਨ। ਮਾਂ-ਬੋਲੀ ਨਾਲ ਉਨ੍ਹਾਂ ਨੂੰ ਜਨੂੰਨ ਦੀ ਹੱਦ ਤੱਕ ਇਸ਼ਕ ਹੈ ਅਤੇ ਉਹ ਏਸੇ ਲਈ ਉਥੋਂ ਪੰਜਾਬੀ ਵਿਚ 'ਮਾਂ-ਬੋਲੀ' ਨਾਂ ਦਾ ਸਾਹਿਤਕ ਪਰਚਾ ਵੀ ਕਾਫ਼ੀ ਦੇਰ ਕੱਢਦੇ ਰਹੇ ਹਨ। ਸ੍ਰੀ ਸਾਕਿਬ ਆਪਣੀਆਂ ਲਿਖਤਾਂ ਰਾਹੀਂ ਲੋਕਾਂ ਨੂੰ ਮਾਂ-ਬੋਲੀ ਪ੍ਰਤੀ ਸੁਚੇਤ ਕਰ ਰਹੇ ਹਨ ਅਤੇ ਬੜੀ ਉੱਜਲੀ ਸੋਚ ਦੇ ਮਾਲਿਕ ਹਨ।

ਇਸ ਅਵਸਰ 'ਤੇ ਬੋਲਦੇ ਹੋਏ ਪ੍ਰੋ. ਭੱਠਲ ਨੇ ਕਿਹਾ ਕਿ ਸਾਕਿਬ ਸਾਹਿਬ ਆਪਣੇ ਆਪ ਵਿਚ ਇਕ ਸੰਸਥਾ ਹਨ। ਪਾਕਿਸਤਾਨ ਦੇ ਪੰਜਾਬੀ ਪਿਆਰਿਆਂ ਨੂੰ ਸੰਗਠਤ ਕਰਨ

ਵਿਚ ਉਨ੍ਹਾਂ ਦਾ ਬੜਾ ਵੱਡਾ ਯੋਗਦਾਨ ਹੈ। ਸੁਚੇਤ ਕਿਤਾਬ ਘਰ ਪ੍ਰਕਾਸ਼ਨ ਰਾਹੀਂ ਪੰਜਾਬੀ ਵਿਚ ਕਿਤਾਬਾਂ ਛਾਪ ਕੇ ਉਹ ਮਾਂ-ਬੋਲੀ ਦੀ ਬੜੀ ਵੱਡੀ ਸੇਵਾ ਕਰ ਰਹੇ ਹਨ।

ਪ੍ਰੋ. ਸ. ਨ. ਸੇਵਕ ਜਿਨ੍ਹਾਂ ਦੇ ਉਚੇਚੇ ਸੱਦੇ ਸ੍ਰੀ ਸਾਕਿਬ ਅਤੇ ਮਾਸਿਕ 'ਪੰਚਮ' ਦੇ ਰਿਪੋਰਟਰ ਸ੍ਰੀ ਆਸਿਫ਼ ਥੱਬੀ ਏਥੇ ਆਏ ਸਨ, ਉਨ੍ਹਾਂ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਸ੍ਰੀ ਆਸਿਫ਼ ਬਹੁਤ ਹੀ ਨਿੱਘੇ ਤੇ ਮਿਲਾਪੜੇ ਇਨਸਾਨ ਹਨ ਪਰ ਉਹ ਸੱਚ ਕਹਿਣ ਤੋਂ ਕਦੇ ਨਹੀਂ ਝਿਜਕਦੇ ਅਤੇ ਧਰਮ, ਜਾਤ ਅਤੇ ਮੁਲਕਾਂ ਦੀ ਵੰਡ ਤੋਂ ਉਪਰ ਉਠ ਕੇ ਸਮੂਹ ਪੰਜਾਬੀਆਂ ਦੀ ਆਪਸੀ ਸਾਂਝ ਦੇ ਮੁਦੱਈ ਹਨ।

ਸ੍ਰੀ ਮਕਸੂਦ ਸਾਕਿਬ ਨੇ ਆਪਣੇ ਦਿਲ ਦੀਆਂ ਗੱਲਾਂ ਹਾਜ਼ਰ ਵਿਦਵਾਨ ਲੇਖਕਾਂ ਨਾਲ ਸਾਂਝੀਆਂ ਕਰਦੇ ਹੋਏ ਕਿਹਾ ਕਿ ਲੇਖਕਾਂ ਨੂੰ ਲੋਕਾਂ ਦੇ ਜੀਵਨ ਦੀਆਂ ਆਸਾਂ ਨਾਲ ਜੁੜਿਆ ਸਾਹਿੱਤ ਲਿਖਣਾ ਚਾਹੀਦਾ ਹੈ, ਅਤੇ ਉਨ੍ਹਾਂ ਨੂੰ ਜ਼ਿੰਦਗੀ ਦੀ ਨਰੋਈ ਸੇਧ ਦੇਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਜ਼ੁਬਾਨ ਤਾਂ ਬਣੀ ਹੀ ਜੋੜਨ ਵਾਸਤੇ ਹੈ ਇਸ ਨੂੰ ਆਪਸੀ ਪਿਆਰ ਮੁਹੱਬਤ ਤੇ ਸਾਂਝ ਵਧਾਉਣ ਲਈ ਵਰਤਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਸਾਨੂੰ ਪੰਜਾਬੀ ਬੋਲਣ ਵਿਚ ਮਾਣ ਮਹਿਸੂਸ ਕਰਨਾ ਚਾਹੀਦਾ ਹੈ ਅਤੇ ਵਿਖਾਵੇ ਤੇ ਦੂਹਰੇ ਮਾਪ-ਢੰਡ ਨਹੀਂ ਅਪਨਾਉਣੇ ਚਾਹੀਦੇ। ਉਨ੍ਹਾਂ ਨੇ ਦੱਸਿਆ ਕਿ ਪੰਜਾਬੀ ਲੇਖਕਾਂ ਦੇ ਨਿਰੰਤਰ ਯਤਨਾਂ ਸਦਕੇ ਹੁਣ ਪੱਛਮੀ ਪੰਜਾਬ (ਪਾਕਿਸਤਾਨ) ਵਿਚ ਛੇਵੀਂ ਤੋਂ ਦਸਵੀਂ ਤਕ ਸਕੂਲਾਂ ਵਿਚ ਪੰਜਾਬੀ ਚੋਣਵੇਂ ਵਿਸ਼ੇ ਵਜੋਂ ਪੜ੍ਹਾਈ ਜਾਂਦੀ ਹੈ। ਗਿਆਰਵੀਂ ਤੇ ਬੀ. ਏ. ਤਕ ਕਾਲਜਾਂ ਵਿਚ ਵਿਦਿਆਰਥੀ ਪੰਜਾਬੀ ਦਾ ਵਿਸ਼ਾ ਪੜ੍ਹ ਸਕਦੇ ਹਨ। ਕਈ ਵਿਦਿਆਰਥੀ ਐਮ. ਏ. ਪੰਜਾਬੀ ਦੀ ਪੜ੍ਹਾਈ ਵੀ ਕਰ ਰਹੇ ਹਨ। ਪੰਜਾਬੀ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਉਧਰ ਘਾਟ ਹੈ। ਉਨ੍ਹਾਂ ਕਿਹਾ ਕਿ ਜੇ ਪੰਜਾਬੀ ਪੜ੍ਹ ਕੇ ਵਿਦਿਆਰਥੀਆਂ ਨੂੰ ਰੁਜ਼ਗਾਰ ਮਿਲ ਸਕੇ ਤਾਂ ਇਹ ਵਧੇਰੇ ਪ੍ਰਫੁੱਲਤ ਹੋ ਸਕਦੀ ਹੈ।

ਇਸ ਮੌਕੇ ਹਾਜ਼ਰ ਲੇਖਕਾਂ ਵਿਚੋਂ ਪ੍ਰੋ. ਨਰਿੰਜਨ ਤਸਨੀਮ, ਪ੍ਰੋ. ਕੁਲਵੰਤ ਜਗਰਾਉਂ, ਕਰਮਜੀਤ ਸਿੰਘ ਔਜਲਾ, ਮਹਿੰਦਰਦੀਪ ਗਰੇਵਾਲ, ਈਸ਼ਰ ਸਿੰਘ ਸੋਬਤੀ, ਜੋਗਿੰਦਰ ਸਿੰਘ ਨਿਰਾਲਾ, ਡਾ. ਗੁਲਜ਼ਾਰ ਪੰਧੇਰ, ਜਨਮੇਜਾ ਸਿੰਘ ਜੌਹਲ, ਪਰਦੁਮਨ ਸਿੰਘ ਬੇਦੀ, ਗੁਰਸ਼ਰਨ ਸਿੰਘ ਨਰੂਲਾ, ਸ੍ਰੀਮਤੀ ਗੁਰਚਰਨ ਕੌਰ ਕੋਚਰ, ਤੇ ਤਰਲੋਚਨ ਝਾਂਡੇ, ਨੇ ਸ੍ਰੀ ਸਾਕਿਬ ਤੋਂ ਵਾਘੇ ਤੋਂ ਪਾਰਲੇ ਪੰਜਾਬ ਵਿਚ ਮਾਂ-ਬੋਲੀ ਪੰਜਾਬੀ ਦੀ ਸਥਿਤੀ ਅਤੇ ਉਥੇ ਰਚੇ ਜਾ ਰਹੇ ਪੰਜਾਬੀ ਸਾਹਿੱਤ ਬਾਰੇ ਕਈ ਪ੍ਰਸ਼ਨ ਪੁੱਛੇ, ਜਿਨ੍ਹਾਂ ਦੇ ਉਨ੍ਹਾਂ ਨੇ ਬੜੇ ਸਪੱਸ਼ਟ ਢੰਗ ਨਾਲ ਜ਼ਵਾਬ ਦਿੱਤੇ। ਸ੍ਰੀਮਤੀ ਕੋਚਰ ਨੇ ਆਪਣਾ ਗ਼ਜ਼ਲ ਸੰਗ੍ਰਹਿ 'ਅਹਿਸਾਸ ਦੀ ਖੁਸ਼ਬੂ' ਪ੍ਰੋ. ਰਵਿੰਦਰ ਭੱਠਲ ਨੇ ਆਪਣੀ ਕਾਵਿ ਪੁਸਤਕ 'ਅੰਬਰੀ ਅੱਖ' ਸ੍ਰੀ ਸਾਕਿਬ ਨੂੰ ਭੇਟ ਕੀਤੀਆਂ।

ਡਾ. ਸੁਰਜੀਤ ਪਾਤਰ ਨੇ ਸ੍ਰੀ ਸਾਕਿਬ ਦੇ ਸਨਮਾਨ ਵਿਚ ਬੋਲਦੇ ਹੋਏ ਕਿਹਾ ਕਿ ਉਨ੍ਹਾਂ ਨੇ ਆਪਣੇ ਦਿਲ ਦੀ ਡੂੰਘਾਈ ਵਿਚੋਂ ਨਿਕਲੀਆਂ ਬੜੀਆਂ ਸਾਫ਼ ਸਪੱਸ਼ਟ ਤੇ ਮੋਹ ਭਰੀਆਂ ਗੱਲਾਂ ਨਾਲ ਸਭ ਸਰੋਤਿਆਂ ਦਾ ਮਨ ਮੋਹ ਲਿਆ ਹੈ। ਪੰਜਾਬੀ ਦੀ ਤਰੱਕੀ ਲਈ ਦੋਹਾਂ ਪੰਜਾਬਾਂ ਵਿਚ ਵਸਦੇ ਪੰਜਾਬੀਆਂ ਨੂੰ ਕੀ ਕਰਨਾ ਚਾਹੀਦਾ ਹੈ ਇਸ ਬਾਰੇ ਵੀ ਉਨ੍ਹਾਂ ਨੇ ਬੜੇ ਨਿੱਗਰ ਸੁਝਾ ਦਿੱਤੇ ਹਨ। ਸ੍ਰੀ ਸਾਕਿਬ ਤੇ ਉਨ੍ਹਾਂ ਵਰਗੇ ਹੋਰ ਲੇਖਕ ਜੋ ਆਪਣੀਆਂ ਲਿਖਤਾਂ ਰਾਹੀਂ ਦੋਸਤੀ ਤੇ ਮੁਹੱਬਤ ਦੇ ਬੂਟੇ ਲਗਾ ਰਹੇ ਹਨ ਉਨ੍ਹਾਂ ਸਦਕੇ ਹੀ ਅੱਜ ਦੋਹਾਂ ਪੰਜਾਬਾਂ ਵਿਚ ਸਾਂਝ ਦੇ ਦਰਵਾਜ਼ੇ ਖੁੱਲ੍ਹ ਰਹੇ ਹਨ।

ਸਮਾਗਮ ਦੇ ਅੰਤ ਵਿਚ ਅਕਾਡਮੀ ਵਲੋਂ ਡਾ. ਸੁਰਜੀਤ ਪਾਤਰ, ਪ੍ਰੋ. ਰਵਿੰਦਰ ਭੱਠਲ, ਪ੍ਰੋ. ਨਰਿੰਜਨ ਤਸਨੀਮ ਤੇ ਪ੍ਰੋ. ਕੁਲਵੰਤ ਜਗਰਾਉਂ ਨੇ ਸ੍ਰੀ ਸਾਕਿਬ ਅਤੇ ਸ੍ਰੀ ਆਸਿਫ਼ ਥੱਬੀ ਨੂੰ ਦੋਸ਼ਾਲੇ ਅਤੇ ਪੰਜਾਬੀ ਸਾਹਿਬ ਅਕਾਡਮੀ ਲੁਧਿਆਣਾ ਵਲੋਂ ਪ੍ਰਕਾਸ਼ਿਤ ਪੁਸਤਕਾਂ ਦੇ ਸੈੱਟ ਭੇਟ ਕੀਤੇ।

—ਬੁੱਧ ਸਿੰਘ ਨੀਲੋਂ

ਨਵਰਾਹੀ ਘੁਗਿਆਣਵੀ ਨਾਲ ਰੂ-ਬ-ਰੂ

ਪਿਛਲੇ ਦਿਨੀਂ ਪੰਜਾਬੀ ਸਾਹਿਤ ਸਭਾ ਬਾਘਾ ਪੁਰਾਣਾ ਵੱਲੋਂ ਪ੍ਰਸਿੱਧ ਕਵੀ ਨਵਰਾਹੀ ਘੁਗਿਆਣਵੀ ਨੂੰ ਸਰੋਤਿਆਂ ਦੇ ਰੂ-ਬ-ਰੂ ਕੀਤਾ ਗਿਆ ਜਿਸ ਵਿਚ ਲਗਪਗ ੭੦-੮੦ ਲੇਖਕ ਤੇ ਪਾਠਕ ਸ਼ਾਮਿਲ ਹੋਏ। ਪ੍ਰਧਾਨਗੀ ਮੰਡਲ ਵਿਚ ਨਵਰਾਹੀ ਤੋਂ ਇਲਾਵਾ ਗੁਰਚਰਨ ਸਿੰਘ ਗਿੱਲ, ਪ੍ਰਿੰ. ਸੁਰਿੰਦਰ ਸਿੰਘ ਬਰਾੜ, ਪ੍ਰੀਤਮ ਬਰਾੜ ਲੰਡੇ ਅਤੇ ਪ੍ਰਿੰ. ਹਰਚਰਨ ਸਿੰਘ ਗਿੱਲ ਸ਼ਾਮਿਲ ਸਨ। ਸਟੇਜ ਸਕੱਤਰ ਦੇ ਫਰਜ਼ ਮੋਹਨ ਸਿੰਘ ਮਰਗਿੰਦ ਨੇ ਬਾਖੂਬੀ ਨਿਭਾਏ। ਨਵਰਾਹੀ ਜੀ ਬਾਰੇ ਇਕਬਾਲ ਘਾਰੂ ਨੇ ਸੰਖੇਪ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਦੇ ਪਰਿਵਾਰਕ ਤੇ ਸਾਹਿਤਕ ਜੀਵਨ ਬਾਰੇ ਚਾਨਣਾ ਪਾਇਆ। ਨਵਰਾਹੀ ਜੀ ਨੇ ਆਪ ਵੀ ਆਪਣੇ ਵਿਚਾਰ ਖੁੱਲ੍ਹ ਕੇ ਪੇਸ਼ ਕੀਤੇ ਤੇ ਆਪਣੀਆਂ ਪ੍ਰਤੀਨਿਧ ਰਚਨਾਵਾਂ ਵੀ ਸੁਣਾਈਆਂ, ਜੋ ਖੂਬ ਪਸੰਦ ਕੀਤੀਆਂ ਗਈਆਂ। ਉਨ੍ਹਾਂ ਨੇ ਪਾਠਕਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਬੜੇ ਤਹੰਮਲ ਨਾਲ ਦਿੱਤੇ ਗਏ। ਹਾਜ਼ਰ ਕਵੀਆਂ ਨੇ ਵੀ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਪ੍ਰੀਤਮ ਬਰਾੜ ਲੰਡੇ ਨੇ ਸਮਾਗਮ ਦੀ ਸਫ਼ਲਤਾ ਦੀ ਪ੍ਰਸੰਸਾ ਕੀਤੀ। ਪ੍ਰਿੰ. ਸੁਰਿਦਰ ਸਿੰਘ ਬਰਾੜ ਨੇ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਇਸ ਸਮਾਗਮ ਦੀ ਵੱਡੀ ਖੂਬੀ ਇਹ ਸੀ ਕਿ ਸਾਹਿਤ ਸਭਾ ਫ਼ਰੀਦਕੋਟ ਦੇ

ਲੇਖਕ ਵੱਡੀ ਗਿਣਤੀ ਵਿਚ ਨਵਰਾਹੀ ਜੀ ਦੇ ਹਮਰਾਹ ਸਨ ਜਿਨ੍ਹਾਂ ਵਿਚ ਪ੍ਰੋ. ਪਾਲ ਸਿੰਘ, ਡਾ. ਦਰਬਾਰਾ ਸਿੰਘ ਪੰਛੀ, ਬਿੱਕਰ ਸਿੰਘ ਆਜ਼ਾਦ, ਅਮਿਤ ਕੁਮਾਰ ਲਾਡੀ, ਸਾਕੀ ਫ਼ਰੀਦਕੋਟੀ, ਹਰਚੰਦ ਸਿੰਘ ਸੇਖੋਂ, ਗੁਰਚਰਨ ਸਿੰਘ ਗਿੱਲ, ਬਨਾਰਾਸੀ ਦਾਸ ਸ਼ਾਸਤਰੀ ਅਤੇ ਇਕਬਾਲ ਘਾਰੂ ਸ਼ਾਮਿਲ ਸਨ।

ਪਾਲ ਸਿੰਘ,

ਪ੍ਰਧਾਨ ਪੰਜਾਬੀ. ਸਾਹਿਤ ਸਭਾ, ਫਰੀਦਕੋਟ

ਆਦਲ ਸਪੁਤਰੀ ਦਾ ਅਨੰਦ ਕਾਰਜ

ਲੋਕ ਕਵੀ ਆਦਲ ਦਿਆਲਪੁਰੀ ਦੀ ਸਪੁੱਤਰੀ ਮਮਤਾ ਰਾਣੀ ਦਾ ਸ਼ੁਭ ਅਨੰਦ ਕਾਰਜ ਮਾਸਟਰ ਅਸ਼ੋਕ ਕੁਮਾਰ ਸਪੁੱਤਰ ਸ੍ਰੀ ਸੁਰਿੰਦਰ ਪਾਲ ਵਿਰਕ ਪਿੰਡ ਬੋਪਾਰਾਏ (ਕਪੂਰਥਲਾ) ਨਾਲ ਮਿਤੀ 18 ਅਕਤੂਬਰ 2004 ਨੂੰ ਗੁਰਦੁਆਰਾ ਮੁਹੱਲਾ ਖੱਖਾਂ ਦਿਆਲਪੁਰ (ਜਲੰਧਰ) ਵਿਚ ਹੋਇਆ। ਵਧਾਈਆਂ!

ਨਵੀਆਂ ਦੁਕਾਨਾਂ ਦਾ ਮਹੂਰਤ

ਸ. ਮੋਹਰ ਸਿੰਘ ਜੀ ਅਤੇ ਉਨ੍ਹਾਂ ਦੇ ਸਪੁੱਤਰ ਸ. ਗੁਰਦੀਪ ਸਿੰਘ ਨਾਮਧਾਰੀ ਦੇ ਸਮੁੱਚੇ ਪਰਿਵਾਰ ਵੱਲੋਂ ਲਾਡੋਵਾਲੀ ਰੋਡ ਜਲੰਧਰ ਤੇ ਨਵੀਆਂ ਉਸਾਰੀਆਂ ਦੁਕਾਨਾਂ ਵਿਚ ੫ ਨਵੰਬਰ ਸ਼ੁੱਕਰਵਾਰ ਨੂੰ ਸਾਧ ਸੰਗਤ ਦੇ ਚਰਨ ਪੁਆਏ। ਅਮ੍ਰਿਤ ਵੇਲੇ ਤੋਂ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਛੋਹਿਆ, ਸ਼ਬਦਾਂ ਸਹਿਤ ਨਿਰਧਾਰਤ ਰਾਗਾਂ ਤੇ ਆਧਾਰਿਤ ਸੰਤ ਬਲਬੀਰ ਸਿੰਘ ਜੀ, ਮਨਰਾਜ ਸਿੰਘ, ਸੰਤੋਖ ਸਿੰਘ, ਸੁਰਿੰਦਰ ਸਿੰਘ, ਬਲਵਿੰਦਰ ਸਿੰਘ ਆਦਿ ਨੇ ਰਸ-ਭਿੰਨੀਆਂ ਸੁਰਾਂ ਵਿਚ ਕੀਤਾ। ਉਪਰੰਤ ਪਰਿਵਾਰ ਦੇ ਬਹੁਤ ਨਿਕਟੀ ਮਹਾਂਪੁਰਸ਼ ਸੰਤ ਬਾਬਾ ਚਰਨਜੀਤ ਸਿੰਘ ਜੀ ਡੇਰਾ ਦੁੱਖ ਭੰਜਨ ਊਨਾ ਸਾਹਿਬ ਵਾਲਿਆਂ ਨੇ ਕੀਰਤਨ ਕੀਤਾ। ਇਕ ਸਾਧਾਰਨ ਪਾਠ ਦਾ ਭੋਗ ਪਾਇਆ ਗਿਆ। ਸ. ਜਗਦੀਸ਼ ਸਿੰਘ ਵਰਿਆਮ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ । ਅੰਤ ਤੇ ਸਾਧ ਸੰਗਤ ਨੂੰ ਪ੍ਰੇਮ-ਪੂਰਬਕ ਲੰਗਰ ਛਕਾਇਆ ਗਿਆ। ਨਾਮਧਾਰੀ ਧਰਮਸ਼ਾਲਾ ਸੈਂਟਰਲ ਟਾਊਨ ਜਲੰਧਰ, ਮਾਸਕ ਵਰਿਆਮ ਅਤੇ ਸਪਤਾਹਕ ਸਤਿਜੁਗ ਵਾਸਤੇ ਸਹਾਇਤਾ ਕੱਢੀ ਗਈ।

ਸੰਤੂਰ ਵਾਦਕ ਹਰਜਿੰਦਰ ਸਿੰਘ ਦੀ ਮਾਤਾ ਦਾ ਦੇਹਾਂਤ

ਸੰਤੂਰ ਵਾਦਕ ਹਰਜਿੰਦਰ ਸਿੰਘ ਨਾਮਧਾਰੀ, ਸ. ਗੁਰਮੀਤ ਸਿੰਘ ਯੂ.ਕੇ. ਅਤੇ ਸ. ਹਰਮਿੰਦਰ ਸਿੰਘ ਕਨੇਡਾ ਦੀ ਮਾਤਾ ਬੀਬੀ ਸੁਰਜੀਤ ਕੌਰ ਸੁਪਤਨੀ ਸੰਤ ਮੇਲਾ ਸਿੰਘ ਜਬਲਪੁਰ ਕਾਫੀ ਸਮਾਂ ਬੀਮਾਰ ਰਹਿਣ ਬਾਦ ਮਿਤੀ ੨੪ ਅਕਤੂਬਰ ੨੦੦੪ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਅੰਤਮ ਸੁਆਸ ਪੂਰੇ ਕਰ ਗਏ। ਬੀਮਾਰੀ ਦੇ ਸਮੇਂ ਉਹਨਾਂ ਕੋਲ ਸਪੁੱਤਰ ਹਰਜਿੰਦਰ ਸਿੰਘ ਅਤੇ ਨੂੰਹ ਬੀਬੀ ਮਹਿੰਦਰ ਪਾਲ ਕੌਰ ਸਨ, ਜਿਨ੍ਹਾਂ ਨੇ ਮਾਤਾ ਸੁਰਜੀਤ ਕੌਰ ਦੀ ਬਹੁਤ ਤਨ ਮਨ ਨਾਲ ਸੰਭਾਲ ਕੀਤੀ।

ਮਾਤਾ ਜੀ ਨਮਿਤ ਪਾਠ ਦਾ ਭੋਗ ੩੧ ਅਕਤੂਬਰ ੨੦੦੪ ਐਤਵਾਰ ਨੂੰ ਸ੍ਰੀ ਭੈਣੀ ਸਾਹਿਬ ਵਿਚ ਪਾਇਆ ਗਿਆ, ਜਿਥੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਦਰਸ਼ਨ ਦਿਤੇ। ਇਸ ਸਮੇਂ ਜਥੇਦਾਰ ਗੁਰਦੀਪ ਸਿੰਘ ਨੇ ਦੀਵਾਨ ਸਜਾਇਆ ਅਤੇ ਮਾਤਾ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਇਕ ਘੰਟਾ ਸਾਧ ਸੰਗਤ ਨੇ ਸਾਮੂਹਿਕ ਨਾਮ ਸਿਮਰਨ ਕੀਤਾ ਅਤੇ ਹਜ਼ੂਰੀ ਰਾਗੀ ਜਥਾ, ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਦਵਿੰਦਰ ਸਿੰਘ, ਹਰਵਿੰਦਰ ਸਿੰਘ ਨੇ ਵੈਰਾਗਮਈ ਸ਼ਬਦ ਪੜ੍ਹੇ। ਸੰਤ ਮਹਿੰਦਰ ਸਿੰਘ ਪੂਰਬਾ ਨੇ ਅੰਤਮ ਅਰਦਾਸ ਕੀਤੀ। ਸੂਬਾ ਤਰਸੇਮ ਸਿੰਘ ਲੰਡਨ, ਸੰਤ ਤਰਲੋਚਨ ਸਿੰਘ ਬਮਰਾਹ ਅਮਰੀਕਾ, ਸੰਤ ਮਨਜੀਤ ਸਿੰਘ ਭੁੱਲਰ ਨੈਰੋਬੀ-ਇੰਗਲੈਂਡ, ਸੰਤ ਹਰਚਰਨ ਸਿੰਘ ਰੰਧਾਵਾ ਯੂ.ਕੇ. ਸਮੇਤ ਦੇਸ਼ ਵਿਦੇਸ਼ ਤੋਂ ਭਾਰੀ ਗਿਣਤੀ ਵਿਚ ਸੰਗਤ ਅਤੇ ਪਰਿਵਾਰਕ ਰਿਸ਼ਤੇਦਾਰ ਇੱਕਤਰ ਸਨ।

ਮਾਤਾ ਗੁਰਚਰਨ ਕੌਰ ਨਮਿਤ ਸ਼ਰਧਾਂਜਲੀ




ਸੰਪਾਦਕ ਵਰਿਆਮ ਦੇ ਪਿਛਲੇ ਪਿੰਡ ਢੇ (ਨਾਰੋਵਾਲ-ਸਿਆਲਕੋਟ) ਦੀ ਸਿਰਕੱਢ ਹਸਤੀ ਹਰਮਨ-ਪਿਆਰੇ ਸੂਬੇਦਾਰ ਸੰਤਾ ਸਿੰਘ ਜੀ ੪੫ ਸਾਲ ਪਹਿਲਾਂ ਗੁਰਪੁਰੀ ਸਿਧਾਰ ਗਏ ਸਨ। ਉਨ੍ਹਾਂ ਦੇ ਘਰੋਂ ਮਾਤਾ ਗੁਰਚਰਨ ਕੌਰ ਜੀ ੯੬ ਸਾਲ ਦੀ ਉਮਰ ਭੋਗ ਕੇ ਮਿਤੀ ੧੮ ਅਗਸਤ ੨੦੦੪ ਨੂੰ ਜਲੰਧਰ ਵਿਚ ਆਪਣੇ ਸਪੁਤਰਾਂ ਕੋਲ ਸੁਰਗਵਾਸ ਹੋ ਗਏ। ਸਸਕਾਰ ਪਰਿਵਾਰ ਦੇ ਪਿੰਡ ਡੋਗਰਾਂ ਵਿਚ ੧੯ ਅਗਸਤ ਨੂੰ ਕੀਤਾ ਗਿਆ। ਉਹਨਾਂ ਨਮਿਤ ਪਾਠ ਦਾ ਭੋਗ ੨੭ ਅਗਸਤ ਨੂੰ ਪਰਿਵਾਰ ਦੇ ਗ੍ਰਹਿ ਪਿੰਡ ਡੋਗਰਾਂ (ਗੁਰਦਾਸਪੁਰ) ਵਿਖੇ ਪਾਇਆ ਗਿਆ ਅਤੇ ਸ਼ਰਧਾਂਜਲੀ ਸਮਾਗਮ ਫਤਹਿਗੜ੍ਹ ਚੂੜੀਆਂ ਵਿਚ ਕਰਾਇਆ ਗਿਆ। ਇਸ ਸਮੇਂ ਸਜਨਾਂ ਮਿਤਰਾਂ ਅਤੇ ਰਿਸ਼ਤੇਦਾਰਾਂ ਦਾ ਬਹੁਤ ਭਾਰੀ ਇਕੱਠ ਸੀ। ਕੀਰਤਨ ਭਾਈ ਬਖਸ਼ੀਸ਼ ਸਿੰਘ ਰਾਗੀ ਹੋਰਾਂ ਕੀਤਾ। ਸ਼ਰਧਾਂਜਲੀਆਂ ਅਰਪਿਤ ਕਰਨ ਵਾਲਿਆਂ ਵਿਚ ਸ਼ਾਮਲ ਹਨ— ਸ. ਜੁਗਿੰਦਰ ਸਿੰਘ ਟੌਹਰਾ, ਸ, ਅਮਰੀਕ ਸਿੰਘ ਸ਼ਾਹਪੁਰ ਮੈਂਬਰ ਸ਼ਿਰੋਮਣੀ ਗੁ. ਪਰਬੰਧਕ ਕਮੇਟੀ, ਬਖਸ਼ੀਸ਼ ਸਿੰਘ ਸਾਬਕਾ ਚੇਅਰਮੈਨ

ਮਾਰਕਟਿੰਗ ਕਮੇਟੀ ਫਤਹਿਗੜ੍ਹ ਚੂੜੀਆਂ ਅਤੇ ਸਾਬਕਾ ਮੰਤਰੀ ਸ. ਨਿਰਮਲ ਸਿੰਘ ਕਾਹਲੋਂ। ਸਟੇਜ ਸਕੱਤਰ ਸ. ਗੁਰਦਿਆਲ ਸਿੰਘ ਫੁੱਲ ਸਨ।

ਮਾਤਾ ਜੀ ਦਾ ਜੀਵਨ ਭਗਤੀ ਭਾਵ ਅਤੇ ਪ੍ਰੇਮ ਵਾਲਾ ਸੀ। ਉਹ ਬਹੁਤ ਮਿਠ ਬੋਲੜੇ ਅਤੇ ਪਿਆਰੀ ਸ਼ਖਸੀਅਤ ਸਨ। ਪੁੱਤਰ ਪੋਤਰਿਆਂ ਪੜਪੋਤਿਆਂ ਤੱਕ ਉਹਨਾਂ ਆਪਣੇ ਪਿਆਰ ਦੀ ਖੁਸ਼ਬੋ ਵੰਡੀ। ਮਾਤਾ ਜੀ ਧਾਰਮਕ ਖਿਆਲਾਂ ਵਾਲੇ ਅੰਮ੍ਰਿਤਧਾਰੀ ਵਿਅਕਤੀ ਸਨ। ਆਪ ਦਾ ਪਰਿਵਾਰ ਕਾਫੀ ਵੱਡਾ ਹੈ। ਦੋ ਪੁੱਤਰ ਸੂਬੇਦਾਰ ਮੇਜਰ ਗੁਰਦੇਵ ਸਿੰਘ ਅਤੇ ਡੀ. ਐਸ. ਪੀ. ਸਵਿੰਦਰ ਸਿੰਘ ਜਲੰਧਰ ਰਹਿੰਦੇ ਹਨ। ਪਿੰਡ ਡੋਗਰਾਂ ਵਿਚ ਸ. ਅਜੀਤ ਸਿੰਘ , ਸਰਪੰਚ ਕੁਲਵਿੰਦਰ ਸਿੰਘ ਅਤੇ ਥਾਨੇਦਾਰ ਮਹਿੰਦਰ ਸਿੰਘ ਪਰਿਵਾਰਾਂ ਸਹਿਤ ਨਿਵਾਸ ਰੱਖਦੇ ਹਨ। ਵੱਡੇ ਸਪੁੱਤਰ ਸੂਬੇਦਾਰ ਮੇਜਰ ਗੁਰਦੇਵ ਸਿੰਘ ਹੰਜਰਾ ਵਧੀਆ ਲਿਖਾਰੀ ਵੀ ਹਨ ਜਿਨ੍ਹਾਂ ਦੇ ਲੇਖ ਵਰਿਆਮ ਅਤੇ ਹੋਰ ਅਖਬਾਰਾਂ ਵਿਚ ਛਪਦੇ ਹਨ।

ਇੰਜੀਨੀਅਰ ਹਰਜੀਤ ਸਿੰਘ ਨਮਿਤ ਪਾਠ ਦਾ ਭੋਗ



ਸ: ਹਰਜੀਤ ਸਿੰਘ ਸਪੁੱਤਰ ਸ: ਬਿਸ਼ਨ ਸਿੰਘ ਪਿੰਡ ਅਬਦਾਲੀ ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਦਾ ਜਨਮ ੧੫ ਫਰਵੀਰ ੧੯੩੬ ਨੂੰ ਹੋਇਆ। ਪ੍ਰਾਈਮਰੀ ਸਿੱਖਿਆ ਆਪ ਨੇ ਪਿੰਡ ਪਸਰੂਰ ਤੋਂ ਪ੍ਰਾਪਤ ਕੀਤੀ। ਫਿਰ ਪਾਰਟੀਸ਼ਨ ਤੋਂ ਬਾਅਦ (੧੯੪੭) ਪਿੰਡ ਨਰਕਟ ਜ਼ਿਲ੍ਹਾ ਕਪੂਰਥਲਾ ਵਿਚ ਪਰਿਵਾਰ ਨੇ ਨਿਵਾਸ ਕੀਤਾ। ਗੌ: ਮਿਡਲ ਸਕੂਲ ਭੰਡਾਲ ਬੇਟ ਤੋਂ ਮਿਡਲ ਤਕ ਸਿੱਖਿਆ ਲਈ, ਅਤੇ ਮੈਟਰਿਕ ੧੯੫੩ ਵਿਚ ਗੌ: ਹਾਈ ਸਕੂਲ ਢਿਲਵਾਂ ਤੋਂ ਮੈਰਿਟ ਵਿਚ ਪ੍ਰਾਪਤ ਕੀਤੀ ਉਸ ਤੋਂ ਬਾਅਦ ਸਰਕਾਰੀ: ਰਣਧੀਰ ਕਾਲਜ ਕਪੂਰਥਲਾ ਤੋਂ ਐਫ਼ ਐਸ. ਸੀ. ਕਰਕੇ ਸਿਵਲ ਇੰਜੀਨੀਅਰ ਦੀ ਡਿਗਰੀ ਰਾਮਗੜ੍ਹੀਆ ਪੋਲੀਟੈਕਨਿਕ 'ਤੋਂ ਪ੍ਰਾਪਤ ਕਰਕੇ ਪੀ. ਡਬਲਯੂ ਡ਼ੀ. ਵਿਚ ਸਿਵਲ ਇੰਜੀਨੀਅਰ ਭਰਤੀ ਹੋ ਗਏ। ਆਪ ਜੀ ਦੀ ਸ਼ਾਦੀ ੧੧.੫.੧੯੬੩ ਨੂੰ ਗੁਰਦਾਸਪੁਰ ਵਿਚ ਸ੍ਰੀਮਤੀ ਅਰਜਨ ਕੌਰ ਸਪੁੱਤਰੀ ਸ: ਜਗਜੀਤ ਸਿੰਘ ਵਿਰਦੀ ਨਾਲ ਹੋ ਗਈ। ਉਨ੍ਹਾਂ ਦੇ ਘਰ ਦੋ ਲੜਕੇ ਇੰਜੀ: ਗੁਰਿਦਰਪਾਲ ਸਿੰਘ ਅਤੇ ਜਸਵਿੰਦਰ ਸਿੰਘ ਹਨ ਅਤੇ ਦੋ ਲੜਕੀਆਂ ਬੀਬੀ ਸ਼ਰਨਜੀਤ ਕੌਰ ਅਤੇ ਸੁਖਨੰਦਨ ਕੌਰ ਹਨ। ਇਨ੍ਹਾਂ ਦਾ ਪਰਿਵਾਰ ਪੜ੍ਹਿਆ ਲਿਖਿਆ ਹੈ। ਇਨ੍ਹਾਂ ਦੇ ਦੋ ਭਰਾ ਸ: ਰਘਬੀਰ ਸਿੰਘ ਅਤੇ ਸ੍ਰ. ਦੀਪ ਸਿੰਘ ਹੈਡ ਡਰਾਫਟਸਮੈਨ ਹਨ।

ਸ੍ਰ. ਹਰਜੀਤ ਸਿੰਘਪੀ. ਡਬਲਯੂ. ਡੀ. ਭਵਨ ਅਤੇ ਮਾਰਗ ਪੰਜਾਬ ਵਿਚ ਬਤੌਰ ਸਿਵਲ ਇੰਜੀ: ੩੫ ਸਾਲ ਨੌਕਰੀ ਕਰਕੇ ੨੮ ਫਰਵਰੀ ੧੯੯੪ ਨੂੰ ਬੜੀ ਸ਼ਾਨ ਤੇ ਸਨਮਾਨ ਨਾਲ ਰਿਟਾਇਰ ਹੋ ਗਏ। ਤਕਰੀਬਨ ੯ ਸਾਲ ਰਿਟਾਇਰ ਹੋਣ ਤੇ ਬਾਅਦ ਆਪ ੩੦ ਅਕਤੂਬਰ ੨੦੦੪ ਨੂੰ ਸਵਰਗਵਾਸ ਹੋ ਗਏ। ਭੋਗ ੮.੧੧.੨੦੦੪ ਸੋਮਵਾਰ, ੪੬-ਅਮਨ ਨਗਰ , ਪ੍ਰੀਤ ਨਗਰ ਸੋਡਲ ਰੋਡ ਜਲੰਧਰ। ਵਿਖੇ ਪਾਇਆ ਗਿਆ।

ਅੰਤਮ ਅਰਦਾਸ ਗੁਰਦੁਆਰਾ ਸਿੰਘ ਸਭਾ ਪ੍ਰੀਤਨਗਰ ਜਲੰਧਰ ਵਿਚ ਹੋਈ। ਭਾਰੀ ਗਿਣਤੀ ਵਿਚ ਰਿਸ਼ਤੇਦਾਰ, ਸਨੇਹੀ ਅਤੇ ਬਰਾਦਰੀ ਦੇ ਲੋਕ ਸ਼ਾਮਲ ਹੋਏ। ਬਹੁਤ ਸਾਰੀਆਂ ਸੰਸਥਾਨਾਂ ਲਈ ਮਾਇਆ ਦਾਨ ਕੀਤੀ ਗਈ। ਸਵਰਗੀ ਨੇ ਛੋਟੇ ਵੀਰ ਸ. ਦੀਪ ਸਿੰਘ ਨਾਮਧਾਰੀ ਧਰਮਸਾਲਾ ਬਸਤੀ ਬੂਰੇ ਖਾਂ ਜਲੰਧਰ ਦੇ ਸਕੱਤਰ ਹਨ।

ਵਰਿਆਮ ਨੂੰ ਮਾਇਕ ਸਹਿਯੋਗ

ਬੀਬੀ ਦਵਿੰਦਰ ਕੌਰ ਜੰਮੂ ਵਲੋਂ ਅਖੰਡ ਪਾਠ ਦੇ ਭੋਗ ਸਮੇਂ	੫੦੦.੦੦
ਸ. ਦੀਪ ਸਿੰਘ ਪ੍ਰੀਤ ਨਗਰ ਸੋਡਲ ਰੋਡ ਜਲੰਧਰ ਵੱਲੋਂ ਹੈੱਡ ਡਰਾਫਟਸਮੈਨ ਦੀ ਨੌਕਰੀ ਤੋਂ ਸੇਵਾ ਮੁਕਤੀ ਸਮੇਂ	੫੦੦.੦੦
ਸ. ਹਰਜੀਤ ਸਿੰਘ ਸਿਵਲ ਇੰਜੀਨੀਅਰ, ੪੬ ਅਮਨ ਨਗਰ ਸੋਡਲ ਰੋਡ ਜਲੰਧਰ ਨਮਿਤ ਪਰਿਵਾਰ ਵੱਲੋਂ ਅੰਤਿਮ ਅਰਦਾਸ ਸਮੇਂ	੨੫੦.੦੦
ਸ. ਨਿਰੰਜਨ ਸਿੰਘ ਜਯੋਤੀ (ਦਿਲੀ) ਜੀ ਨਮਿਤ ਭੋਗ ਸਮੇਂ ੨੦ ਨਵੰਬਰ ੨੦੦੪ ਨੂੰ ਪਰਿਵਾਰ ਵੱਲੋਂ	੨੫੦.੦੦
ਲੋਕ ਕਵੀ ਆਦਲ ਦਿਆਲਪੁਰੀ ਵੱਲੋਂ ਆਪਣੀ ਸਪੁੱਤਰੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ	੧੦੦.੦੦
ਪ੍ਰੋ. ਮਹਿੰਦਰ ਸਿੰਘ ਚੀਮਾ ਲੁਧਿਆਣਾ ਵੱਲੋਂ ਵਰਿਆਮ ਦੀ ਚੜ੍ਹਦੀ ਕਲਾ ਲਈ	੧੦੦.੦੦

ਮੇਰੀ ਪ੍ਰਤੀਕਿਰਿਆ

ਸਵਰਨ ਸਿੰਘ ਸਨੇਹੀ

ਨਵੰਬਰ ਦੇ 'ਵਰਿਆਮ' ਵਿਚ ਡਾ: ਤੇਜਵੰਤ ਸਿੰਘ ਮਾਨ ਹੋਰਾਂ ਦਾ ਲੇਖ ਪੜ੍ਹਿਆ। ਮੈਨੂੰ ਇਉਂ ਜਾਪਿਆ ਜਿਵੇਂ ਇਹ ਲੇਖ ਨਾ ਹੋ ਕੇ, ਡਾ: ਸਾਹਿਬ ਵੱਲੋਂ ਸੰਪਾਦਤ ਪੁਸਤਕ ਦੀ ਭੂਮਿਕਾ ਹੋਵੇ ਤੇ ਇਸ ਨੂੰ ਲੇਖ ਦਾ ਰੂਪ ਦਿੱਤੇ ਬਿਨਾਂ ਹੀ ਜਿਉਂ ਦੀ ਤਿਉਂ ਲੇਖ ਵਜੋਂ ਛਪਣ ਵਾਸਤੇ ਭੇਜ ਦਿੱਤੀ ਹੋਵੇ। ਹੈਰਾਨੀ ਇਸ ਗੱਲ ਦੀ ਵੀ ਹੈ ਕਿ ਇਹ ਤੱਥ ਸੰਪਾਦਕੀ ਨਜ਼ਰ ਤੋਂ ਵੀ ਬਚ ਗਿਆ ਹੈ। ਇਸ ਲੇਖ ਵਿਚ ਡਾ. ਸਾਹਿਬ ਜਦੋਂ ਇਹ ਲਿਖਦੇ ਹਨ ਕਿ "ਇਹ ਖਰੜਾ ਮੇਰੇ ਹੱਥਾਂ ਵਿਚ ਦਿੰਦਿਆਂ ਕਹਿਣ ਲੱਗੇ..." ਤਾਂ ਉਹ ਕਿਸੇ ਖਰੜੇ ਦੀ ਗੱਲ ਕਰ ਰਹੇ ਹਨ, ਪਰ ਲੇਖ ਦਾ ਸਬੰਧ ਖਰੜੇ ਨਾਲ ਨਹੀਂ। ਪਾਠਕ ਨੂੰ ਲੇਖ ਪੜ੍ਹ ਕੇ ਪਤਾ ਲਗਦਾ ਹੈ ਕਿ ਉਹ 'ਦੁਖੀ' ਜੀ ਰਚਿਤ ਰੁਬਾਈਆਂ ਦੀ ਪੁਸਤਕ 'ਜੀਵਨ ਲਹਿਰਾਂ' ਦੇ ਖਰੜੇ ਦੀ ਗੱਲ ਕਰ ਰਹੇ ਹਨ ਜਿਸ ਨੂੰ ਉਨ੍ਹਾਂ ਨੇ 'ਸ਼ਹੀਦੀ ਰੱਤ' ਦਾ ਨਾਂ ਦੇ ਕੇ ਛਪਵਾਇਆ ਹੈ।

ਇਸ ਭੂਮਿਕਾ ਰੂਪੀ ਲੇਖ ਵਿਚ ਆਪ ਨੇ ਗਦਰ ਲਹਿਰ ਦੇ ਸੂਰਮਿਆਂ ਦੀਆਂ ਰਚਨਾਵਾਂ ਦਾ ਜ਼ਿਕਰ ਕਰਦਿਆਂ ਗਦਰੀ ਕਵੀਆਂ ਵੱਲੋਂ ਗੀਤ, ਬੈਂਤ ਰੁਬਾਈਆਂ ਆਦਿ ਲਿਖੇ ਜਾਣ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਗਦਰੀ ਕਵੀਆਂ ਦੀਆਂ ਰਚਨਾਵਾਂ 'ਗਦਰ ਗੂੰਜਾਂ' ਦੇ ਨਾਂ ਦੇ ਸੰਗ੍ਰਹਿ ਵਿਚ ਛਪਦੀਆਂ ਸਨ ਜਿਨ੍ਹਾਂ ਨੂੰ ਗੂੰਜ ਨੰਬਰ ਇਕ ਦੋ ਤਿੰਨ ਆਦਿ ਨਾਂ ਦਿੱਤੇ ਜਾਂਦੇ ਸਨ। ਮੈਨੂੰ 'ਦੁਖੀ' ਜੀ ਕੋਲ ਇਨ੍ਹਾਂ ਸਾਰੀਆਂ ਗੂੰਜਾਂ ਦਾ ਪਾਠ ਕਰਨ ਦਾ ਮੌਕਾ ਮਿਲਿਆ ਸੀ। ਇਨ੍ਹਾਂ ਗੂੰਜਾਂ ਵਿਚ ਮੇਰੀ ਜਾਣਕਾਰੀ ਅਨੁਸਾਰ ਮੁੱਖ ਤੌਰ 'ਤੇ ਲੋਕਪ੍ਰਿਯ ਛੰਦ ਬੈਂਤ ਦਾ ਪ੍ਰਯੋਗ ਕੀਤਾ ਗਿਆ ਹੈ। ਕਿਸੇ ਕਿਸੇ ਕਵੀ ਨੇ ਕਬਿਤ ਤੇ ਕੋਰੜਾ ਛੰਦ ਦੀ ਵਰਤੋਂ ਵੀ ਕੀਤੀ ਹੈ ਪਰ ਰੁਬਾਈ ਨਿਸਚਿਤ ਤੌਰ 'ਤੇ ਇਨ੍ਹਾਂ ਵਿਚ ਨਹੀਂ। 'ਦੁਖੀ' ਜੀ ਨੇ ਵੀ ਰੁਬਾਈਆਂ ਆਪਣੇ ਮਗਰਲੇ ਜੀਵਨ ਵਿਚ ਹੀ ਲਿਖੀਆਂ ਸਨ। ਗੀਤ ਤਾਂ ਜੁਝਾਰੂ ਬੰਦੇ ਉਂਜ ਹੀ ਨਹੀਂ ਲਿਖ ਸਕਦੇ। 'ਦੁਖੀ' ਜੀ ਦੀ ਸਮੁੱਚੀ ਕਾਵਿ ਰਚਨਾ ਵਿਚ ਇਸੇ ਲਈ ਸ਼ਿੰਗਾਰ ਰਸ ਵਰਨਣ ਬਹੁਤ ਦੁਰਲੱਭ ਹੈ। ਡਾ. ਸਾਹਿਬ ਦਾ ਰੁਬਾਈਆ ਗੀਤਾਂ ਵਾਲਾ ਕਥਨ ਮੇਰੀ ਸਮਝੋਂ ਬਾਹਰ ਹੈ।

ਡਾ. ਸਾਹਿਬ ਨੇ 'ਦੁਖੀ' ਜੀ ਦੀਆਂ ਬਹੁਤੀਆਂ ਪ੍ਰਸਿੱਧ ਕਵਿਤਾਵਾਂ ਵਿਚੋਂ ਇਕ ਕਵਿਤਾ ਦੀ ਅੱਧੀ ਸਤਰ ਦਾ ਇਸ ਲੇਖ ਦੇ ਸਿਰਲੇਖ ਵਜੋਂ ਪ੍ਰਯੋਗ ਕੀਤਾ ਹੈ। ਇਹ ਕਵਿਤਾ, 'ਦੁਖੀ' ਜੀ ਵੱਲੋਂ ਹੀ ਦਿੱਤੇ ਗਏ 'ਬਾਗੀ ਦਾ ਚਸਕਾ' ਸਿਰਲੇਖ ਹੇਠ ਬਹੁਤ ਥਾਈਂ ਛਪ ਚੁੱਕੀ ਹੈ। ਮੈਨੂੰ ਇਸ ਗੱਲ ਦਾ ਦੁਖ ਵੀ ਹੋਇਆ ਹੈ ਤੇ ਹੈਰਾਨੀ ਵੀ ਕਿ ਇੰਨੇ ਵਿਦਵਾਨ ਡਾ. ਮਾਨ ਸਾਹਿਬ ਨੇ 'ਦੁਖੀ' ਜੀ ਦੀ ਕਵਿਤਾ ਦੇ ਇਕ ਬੰਦ ਨੂੰ ਆਪਣੀ ਵਿਦਵਤਾ ਦੀ ਪੁਠ ਚਾੜ੍ਹਨ ਦੇ ਆਹਰ ਵਿਚ ਕਵਿਤਾ ਦਾ ਰੂਪ ਵੀ ਬਦਲ ਕੇ ਰੱਖ ਦਿੱਤਾ ਹੈ ਤੇ ਕੁਝ ਤੱਥਾਂ ਨੂੰ ਅਤੱਥ ਵੀ ਬਣਾ ਦਿੱਤਾ ਹੈ।

'ਦੁਖੀ' ਜੀ ਦੀ ਉਮਰ ਦੇ ਅੰਤਮ ਗਿਆਰਾਂ ਸਾਲ ਦੇ ਸਮੇਂ ਵਿਚ ਉਨ੍ਹਾਂ ਦਾ ਵਿਦਿਆਰਥੀ ਬਣ ਕੇ ਉਨ੍ਹਾਂ ਦੇ ਕਿਰਦਾਰ ਨੂੰ ਸਮਝਣ ਦਾ ਮਾਣ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਪ੍ਰਾਪਤ ਹੈ। ਇਸ ਤੋਂ ਪਹਿਲਾਂ ਇੰਨਾਂ ਲੰਮਾ ਸਮਾਂ ਤੇ ਇਸ ਤੋਂ ਪਿੱਛੋਂ 'ਦੁਖੀ' ਜੀ ਦਾ ਕੋਈ ਹੋਰ ਸ਼ਗਿਰਦ ਨਹੀਂ ਬਣਿਆ। 'ਬਾਗੀ ਦਾ ਚਸਕਾ' ਨੂੰ ਆਪ ਅਕਸਰ ਤਰੰਨਮ ਵਿਚ ਪੜ੍ਹਿਆ ਕਰਦੇ ਸਨ।

ਇਹ ਕਵਿਤਾ ਬਰਤਾਨਵੀ ਭਾਰਤ ਦੀ ਸਰਕਾਰ ਨੂੰ ਸੰਬੋਧਤ ਹੈ। ਹਰੇਕ ਕਵੀ ਦਾ ਗੱਲ ਕਹਿਣ ਦਾ ਆਪਣਾ ਅੰਦਾਜ਼ ਹੁੰਦਾ ਹੈ ਤੇ ਮੇਰੀ ਜਾਚੇ ਇਹ ਅੰਦਾਜ਼ ਦਾ ਵਖਰੇਵਾਂ ਹੀ ਉਸ ਨੂੰ ਬਾਕੀਆਂ ਨਾਲੋਂ ਉਚਿਆਉਂਦਾ ਜਾਂ ਨਿਵਿਆਉਂਦਾ ਹੈ। ਉਦਾਹਰਣ ਵਜੋਂ ਗੁਰਮੁਖ ਸਿੰਘ ਮੁਸਾਫਿਰ ਦੀ ਇਕ ਕਵਿਤਾ ਹੈ ਜਿਸ ਵਿਚ ਕਵੀ ਨੇ ਆਪਣੀ ਪਤਨੀ ਦੀ ਲੰਬੀ ਉਮਰ ਦੀ ਕਾਮਨਾ ਕੀਤੀ ਹੈ, ਪਰ ਕੀਤੀ ਕਿਵੇਂ ਹੈ ? ਦੇਖੋ, ਉਹ ਲਿਖਦੇ ਹਨ:

> ਸਤਿਲੁਜ ਬਿਆਸ ਰਾਵੀ ਝਨਾਂ,
> ਜਿਹਲਮ ਜਦ ਤਕ ਵਗੇ ਸੁਹਾਂ,
> ਹੇਠਾਂ ਜ਼ਿਮੀਂ ਉਤੇ ਆਸਮਾਂ,
> ਜਿਉਂਦੀ ਰਹੇ ਮੇਰੇ ਬੱਚਿਆਂ ਦੀ ਮਾਂ।

'ਦੁਖੀ' ਜੀ ਦਾ ਆਪਣਾ ਅੰਦਾਜ਼ ਸੀ। ਇਸ ਕਵਿਤਾ ਵਿਚ ਉਹ ਸਰਕਾਰ ਨੂੰ ਦੱਸਣਾ ਇਹ ਚਾਹੁੰਦੇ ਹਨ ਕਿ ਉਹ ਬਾਗੀ ਹਨ ਤਾਂ ਨਹੀਂ, ਪਰ ਬਾਗੀਆਂ ਤੋਂ ਡਰਦੇ ਵੀ ਨਹੀਂ ਸਗੋਂ ਉਨ੍ਹਾਂ ਨਾਲ ਮੁਢ ਕਦੀਮੀ ਯਰਾਨਾ ਹੈ ਕਿਉਂਕਿ ਆਪਣੇ ਬੰਗਾਲ ਕਿਆਮ ਸਮੇਂ ਇਨਕਲਾਬੀ ਜਥੇਬੰਦੀਆਂ ਵਿਚ ਰਹਿ ਕੇ ਆਪ ਨੇ ਭਵਿੱਖ ਵਿਚ ਮਿਲ ਸਕਣ ਵਾਲੇ ਤਰ੍ਹਾਂ ਤਰ੍ਹਾਂ ਦੇ ਸਰਕਾਰੀ ਤਸੀਹੇ ਸਹਿਣ ਦੀ ਸਿੱਖਿਆ ਤੇ ਮੁਹਾਰਤ ਪ੍ਰਾਪਤ ਕੀਤੀ ਸੀ। ਇਸ ਕਵਿਤਾ ਵਿਚੋਂ ਕਵੀ ਦਾ ਦੇਸ਼ ਭਗਤਕ ਕਿਰਦਾਰ ਅਛੋਪਲੇ ਹੀ ਪ੍ਰਗਟ ਹੁੰਦਾ ਹੈ, ਪਰ ਡਾ. ਸਾਹਿਬ ਨੇ ਆਪਣੇ ਵਿਚਾਰਾਧੀਨ 'ਲੇਖ' ਵਿਚ ਇਸ ਕਵਿਤਾ ਦਾ ਪਹਿਲਾ ਬੰਦ ਦਿੱਤਾ ਹੈ ਤੇ ਪਹਿਲੀ ਹੀ ਸਤਰ ਦਾ ਰੂਪ ਤੇ ਕਵੀ ਦਾ ਅੰਦਾਜ਼ ਵਿਗਾੜ ਦਿੱਤਾ ਹੈ। ਡਾ. ਸਾਹਿਬ ਨੇ 'ਬਾਗੀ ਨਹੀਂ' ਨੂੰ ਬਦਲ ਕੇ 'ਬਾਗੀ ਹਾਂ' ਕਰ ਦਿੱਤਾ ਹੈ, ਜਿਵੇਂ ਉਹ 'ਦੁਖੀ' ਜੀ ਦੀ ਗਲਤੀ ਦੀ ਸੋਧ ਕਰ ਰਹੇ ਹੋਣ।

ਦੂਸਰੀ ਸਤਰ ਵਿਚ ਕਵੀ ਨੂੰ ਪ੍ਰਸ਼ਨ-ਕਰਤਾ ਬਣਾ

ਦਿੱਤਾ ਹੈ ਜਦਕਿ ਮੂਲ ਕਵਿਤਾ ਵਿਚ ਨਾ ਇਹ ਪ੍ਰਸ਼ਨ ਹੀ ਹੈ ਤੇ ਨਾ ਹੀ ਸਤਰ ਦਾ ਰੂਪ ਇਹ ਹੈ। ਇਸ ਦੇ ਫਲਸਰੂਪ, ਸਗੋਂ ਕਵਿਤਾ ਦੇ ਵਜ਼ਨ ਤੋਲ ਵਿਚ ਵੀ ਫਰਕ ਪੈ ਗਿਆ ਹੈ ਜੋ 'ਦੁਖੀ' ਜੀ ਵਰਗੇ ਉਸਤਾਦ ਕਵੀ ਲਈ ਮਿਹਣੇ ਦੇ ਤੁਲ ਹੈ। 'ਦੁਖੀ' ਜੀ ਵਜ਼ਨ ਤੋਲ ਵਿਚ ਇਕ ਮਾਤਰਾ ਦਾ ਫਰਕ ਵੀ ਸਹਿਣ ਨਹੀਂ ਸਨ ਕਰਦੇ। ਉਹ ਕਾਵਿ ਦੇ ਸਬੰਧ ਵਿਚ ਵਾਲ ਦੀ ਖੱਲ ਲਾਹੁਣ ਤੱਕ ਜਾਂਦੇ ਸਨ। ਡਾਕਟਰ ਸਾਹਿਬ ਨੇ ਸ਼ਾਇਦ ਪੜ੍ਹਿਆ ਹੋਵੇ ਕਿ ਪ੍ਰੋ: ਮੋਹਨ ਸਿੰਘ (ਮਾਹਿਰ) ਦੀ ਦਸਮੇਸ਼ ਦੇ ਨੇਤਰਾਂ ਬਾਰੇ ਲਿਖੀ ਇਕ ਕਵਿਤਾ ਦੀਆਂ ਦੋ ਸਤਰਾਂ ਉਤੇ ਮਾਸਕ ਕਵੀ ਵਿਚ ਪੂਰਾ ਸਾਲ ਭਰ ਬਹਿਸ ਚੱਲੀ ਸੀ ਜਿਸ ਵਿਚ ਸਮੇਂ ਦੇ ਪ੍ਰਸਿੱਧ ਕਵੀ ਤੇ ਸਾਹਿਤਕਾਰਾਂ ਨੇ ਹਿੱਸਾ ਲਿਆ ਸੀ। ਤੇ ਅੱਜ ਉਨ੍ਹਾਂ ਦੀ ਆਪਣੀ ਕਵਿਤਾ ਨਾਲ ਕੀ ਵਾਪਰ ਰਿਹਾ ਹੈ ? ਉਹ ਵੀ ਵਿਦਵਾਨ ਦੀ ਕਲਮ ਤੋਂ!

ਜਿਵੇਂ ਮੈਨੂੰ ਪਤਾ ਹੈ ਦੁਖੀ ਜੀ ਰੁਬਾਈਆਂ ਦੇ ਵੀ ਸਿਰਲੇਖ ਦਿਆ ਕਰਦੇ ਸਨ ਜਿਸ ਤੋਂ ਰੁਬਾਈ ਦੇ ਵਿਸ਼ੇ ਵਸਤੂ ਬਾਰੇ ਜਾਣਨ ਵਿਚ ਮਦਦ ਮਿਲ ਜਾਂਦੀ ਹੈ, ਪਰ ਜਿਹੜੀਆਂ ਰੁਬਾਈਆਂ ਡਾਕਟਰ ਸਾਹਿਬ ਨੇ ਲੇਖ ਵਿਚ ਦਿੱਤੀਆਂ ਹਨ ਉਨ੍ਹਾਂ ਤੇ ਸਿਰਲੇਖ ਨਹੀਂ। ਸ਼ਾਇਦ ਡਾ. ਸਾਹਿਬ ਨੇ ਇਹ ਵੀ ਯੋਗ ਨਾ ਸਮਝੇ ਹੋਣ।

ਇਸ ਲੇਖ ਵਿਚ ਦਰਜ ਕੁਝ ਗੱਲਾਂ ਤੋਂ ਸਿੱਧ ਹੁੰਦਾ ਹੈ ਕਿ ਡਾਕਟਰ ਸਾਹਿਬ ਨੇ ਮੇਰੀ ਲਿਖੀ ਹੋਈ ਤੇ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਖੋਜ ਪੁਸਤਕ 'ਮੁਨਸ਼ਾ ਸਿੰਘ ਦੁਖੀ' ਪੜ੍ਹੀ ਹੋਈ ਹੈ। ਬੁਢਾਪੇ ਵਿਚ 'ਦੁਖੀ' ਜੀ ਨੂੰ ਵਲਾਇਤ ਦੀ ਸਰਦੀ ਮੁਆਫਿਕ ਨਾ ਬੈਠਣ ਦਾ ਜਿਹੜਾ ਜ਼ਿਕਰ ਡਾਕਟਰ ਸਾਹਿਬ ਨੇ ਕੀਤਾ ਹੈ, ਵੈਦ ਹੋਣ ਤੇ 'ਦੁਖੀ' ਜੀ ਦਾ ਚਕਿਤਸਕ ਹੋਣ ਦੇ ਨਾਤੇ, ਉਹ ਮੇਰਾ ਆਪਣਾ ਅਨੁਭਵ ਸੀ ਜਿਹੜਾ ਮੈਂ ਉਕਤ ਪੁਸਤਕ ਵਿਚ ਦਰਜ ਕੀਤਾ ਸੀ।

ਡਾਕਟਰ ਮਾਨ ਸਾਹਿਬ ਨੇ ਇਕ ਹੋਰ ਬਹੁਤ ਅਲੋਕਾਰ ਪਰ ਦੁਖਦਾਈ ਗੱਲ, ਕੀਤੀ ਹੈ। 'ਦੁਖੀ' ਜੀ ਮਣਾਂ ਮੂੰਹੀਂ ਸਾਹਿਤ ਰਚਨਾ ਕੀਤੀ ਹੋਣ ਦੀ ਗੱਲ ਕਰਿਆ ਕਰਦੇ ਸਨ ਜਿਹੜੀ ਪ੍ਰਿੰ. ਪ੍ਰੇਮ ਸਿੰਘ ਬਜਾਜ ਹੋਰਾਂ ਵੱਲੋਂ ਕੀਤੀ ਗਈ ਤੇ ਪੰਜਾਬੀ ਸਾਹਿਤ ਅਕਾਦਮੀ ਦੇ ਪੱਤਰ 'ਆਲੋਚਨਾ' ਵਿਚ ਪ੍ਰਕਾਸ਼ਿਤ ਮੁਲਾਕਾਤ ਵਿਚ ਵੀ ਦਰਜ ਹੈ। ਆਪ ਦੀਆਂ ੩੩ ਪੁਸਤਕਾਂ ਦਾ ਸਾਹਿਤਕ ਸਰਵੇਖਣ ਮੈਂ ਬੜੀ ਮਿਹਨਤ ਨਾਲ ਤਿਆਰ ਕਰਕੇ ਉਕਤ ਪੁਸਤਕ ਦੇ ਪੰਨਾਂ ੩੩ ਤੋਂ ੪੧ ਤਕ ਦਰਜ ਕੀਤਾ ਹੋਇਆ ਹੈ ਪਰ ਆਪ ਨੇ ਪੁਸਤਕਾਂ ਦੀ ਗਿਣਤੀ ਸਗੋਂ ਘਟਾ ਕੇ ੧੭ ਕਰ ਦਿੱਤੀ ਹੈ। ਬਚਦੀਆਂ ੧੬ ਕਿਤਾਬਾਂ ਕਿਹਦੇ ਖਾਤੇ ਪਾਈਆਂ ਜਾਣਗੀਆਂ ? ਫਿਰ ਇਸੇ ਪੁਸਤਕ ਵਿਚ 'ਬਾਗੀ ਦਾ ਚਸਕਾ' ਵੀ ਪੂਰੀ ਛਪੀ ਹੋਈ ਹੈ। ਤਦ ਡਾਕਟਰ ਸਾਹਿਬ ਨੇ ਲੇਖ ਦੇ ਮੁਢ ਵਿਚ ਦਿੱਤਾ ਗਲਤ ਬੰਦ ਕਿਸ ਸੰਗ੍ਰਹਿ ਵਿਚੋਂ ਲਿਆ ਹੈ ? ਇਹ ਵੀ ਸਮਝ ਨਹੀਂ ਲੱਗ ਸਕੀ।

ਕੁਛ ਹੋਰ ਤੱਥ ਵੀ ਸਹੀ ਨਹੀਂ। ਉਦਾਹਰਣ ਵਜੋਂ ਰਸਾਲਾ 'ਵਿਹਾਰ ਸੁਧਾਰ' 'ਦੁਖੀ' ਜੀ ਨੇ ਨਹੀਂ ਸੀ ਕੱਢਿਆ ਸਗੋਂ ਇਹ ਸਰਦਾਰ ਪ੍ਰੇਮ ਸਿੰਘ 'ਮਿੱਤਰ' ਦੀ ਕਾਢ ਸੀ। 'ਦੁਖੀ' ਜੀ ਨੂੰ ਕਲਕੱਤਿਓਂ ਇਸ ਦੀ ਸੰਪਾਦਨਾ ਵਾਸਤੇ ਬੁਲਾਇਆ ਗਿਆ ਸੀ। ਉਦੋਂ ਆਪ ਦੇ ਸ਼ਗਿਰਦ ਤੇ ਪਿੱਛੋਂ ਗਜ਼ਲਗੋ ਵਜੋਂ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਸਰਦਾਰ ਸਾਧੂ ਸਿੰਘ ਹਮਦਰਦ ਵੀ ਮੀਆਂ ਚੰਨੂੰ ਰਹਿੰਦੇ ਸਨ ਤੇ ਇਸ ਰਸਾਲੇ ਵਿਚ ਉਨ੍ਹਾਂ ਦੀਆਂ ਰਚਨਾਵਾਂ ਵੀ ਛਪਦੀਆਂ ਸਨ। ਫਿਰ 'ਕੌਮੀ ਸੰਦੇਸ਼' ਦੀ ਸੰਪਾਦਨਾ ਸਮੇਂ ਆਪ ਹਰ ਰੋਜ਼ ਪਿੰਡ ਤੋਂ ਫਗਵਾੜੇ ਜਾਇਆ ਕਰਦੇ ਸਨ, ਫਗਵਾੜੇ ਆਪ ਦੀ ਰਿਹਾਇਸ਼ ਨਹੀਂ ਸੀ। ਫਗਵਾੜੇ ਉਨ੍ਹਾਂ ਆਪਣੀ ਲੜਕੀ, ਭੈਣ ਮੁਨਰਾਜ ਹੋਰਾਂ ਕੋਲ ਅੰਤਿਮ ਸਵਾਸ ਜ਼ਰੂਰ ਲਏ ਸਨ।

ਮੇਰੇ ਲਈ ਹੈਰਾਨੀ ਦੀ ਗੱਲ ਇਹ ਵੀ ਹੈ ਕਿ ਇਸ ਕੱਟ ਵੱਢ ਦੀ ਖੁੱਲ੍ਹ ਦੇਣ ਦੀ ਜ਼ਿੰਮੇਵਾਰੀ ਆਪ ਨੇ ਉਸ ਸਰਦਾਰ ਬਿਕਰਮਜੀਤ ਸਿੰਘ ਉਤੇ ਪਾਈ ਹੈ ਜਿਹੜੇ ਢੇਰ ਸਾਰੀਆਂ ਪੁਸਤਕਾਂ ਦੇ ਲੇਖਕ ਸਵਰਗੀ ਬਖਸ਼ੀ ਸਿੰਘ ਜੀ 'ਆਦਿਲ' ਦੇ ਸਪੁੱਤਰ ਹਨ ਤੇ ਕਾਵਿਉਸਤਾਦ 'ਦੁਖੀ' ਜੀ ਦੇ ਦਾਮਾਦ। ਇੰਨੀ ਕੱਟ-ਵੱਢ, ਤੋੜ-ਮਰੋੜ ਜਾਂ ਗਲਤ ਬਿਆਨੀ ਕਰਨ ਦੀ ਖੁੱਲ੍ਹ ਦੇਣ ਦੀ 'ਸਿਆਣਪ' ਉਨ੍ਹਾਂ ਕਿਵੇਂ ਕਰ ਲਈ ?

ਮੈਂ ਸਮਝਦਾ ਹਾਂ ਕਿ ਇਸ ਲਿਖਤ ਨਾਲ ਡਾਕਟਰ ਸਾਹਿਬ ਨੇ 'ਦੁਖੀ' ਜੀ ਦੀ ਉਸਤਤ ਨਹੀਂ ਕੀਤੀ ਸਗੋਂ ਇਹ ਉਸਤਤ ਵਿਆਜ ਨਿੰਦਾ ਅਲੰਕਾਰ ਵਾਲੀ ਗੱਲ ਬਣ ਗਈ ਹੈ ਜਿਸ ਨਾਲ 'ਦੁਖੀ' ਜੀ ਦੇ ਵਕਾਰ ਤੇ ਮਹੱਤਵ ਵਿਚ ਕਟੌਤੀ ਹੋਈ ਹੈ। ਪਾਠਕਾਂ ਦੀ ਜਾਣਕਾਰੀ ਲਈ ਕਵਿਤਾ ਦਾ ਸਹੀ ਬੰਦ ਹੇਠ ਦਿੱਤਾ ਜਾ ਰਿਹਾ ਹੈ:

ਬਾਗੀ ਨਹੀਂ, ਬਾਗੀਪਨ ਤੋਂ ਖੌਫ ਵੀ ਨਹੀਂ,
ਮੁਢੋਂ ਬਾਗੀਆਂ ਨਾਲ ਪਿਆਰ ਮੇਰਾ।
ਕਿਉਂਕਿ ਕੌਮ ਪੂਜਾਂ ਨੂੰ ਤੂੰ ਕਰੇਂ ਬਾਗੀ,
ਹਾਜ਼ਰ ਜਿਨ੍ਹਾਂ ਲਈ ਸੀਸ ਸੌ ਵਾਰ ਮੇਰਾ।
ਜਿਨ੍ਹਾਂ ਸੇਵਕਾਂ ਨੂੰ ਸਾੜੇਂ ਜੇਲ੍ਹਖਾਨੀਂ,
ਸਦਕੇ ਉਨ੍ਹਾਂ ਤੋਂ ਸਭ ਪਰਵਾਰ ਮੇਰਾ।
ਜਿਨ੍ਹਾਂ ਦੇਸ਼ ਭਗਤਾਂ ਨੂੰ ਤੂੰ ਦਏਂ ਫਾਹੇ,
ਰਾਜ ਦਿਆਂ ਜੇ ਹੋਇ ਅਖਤਿਆਰ ਮੇਰਾ।
ਮੁਲਕ ਲਈ, ਮੁਲਕੀ ਸੇਵਕਾਂ ਲਈ,
ਖੂਨ ਹਰਦਮ ਰਿਹਾ ਜੋਸ਼ ਮਾਰ ਮੇਰਾ।
ਜਿਚਰ ਜਾਨ ਵਿਚ ਜਾਨ ਈਮਾਨ ਦੀ ਸਹੁੰ,
ਚਸਕਾ ਛੁਟਦਾ ਨਹੀਂ ਸਰਕਾਰ ਮੇਰਾ।.....

ਸ਼ਾਹਪੁਰ (ਫਿਲੌਰ)

ਪ੍ਰਤੀਕਿਰਿਆ

ਆਪ ਜੀ ਵਲੋਂ ਭੇਜਿਆ ਵਰਿਆਮ ਦਾ ਸੱਜਰਾ ਅੰਕ ਮਿਲਿਆ। ਬਹੁਤ ਬਹੁਤ ਧੰਨਵਾਦ। ਆਪ ਨੇ ਜੋ ਸ. ਬਲਵੰਤ ਸਿੰਘ ਕਪੂਰ ਹਾਕੀ ਟੂਰਨਾਮੈਂਟ ਦੀ ਰਿਪੋਰਟ ਲਿਖੀ ਹੈ, ਉਹ ਨਿਸਚੇ ਹੀ ਬਹੁਤ ਸਰਾਹੁਣੀ ਹੈ ਪਰ ਤੱਥਾਂ ਤੇ ਵੀ ਆਧਾਰਤ ਹੈ। ਅਸੀਂ ਸਾਰੇ ਪਰਿਵਾਰ ਵਾਲੇ ਆਪ ਦੇ ਆਭਾਰੀ ਹਾਂ।

—ਪ੍ਰਿਥੀਪਾਲ ਸਿੰਘ ਕਪੂਰ
ਪੂਰਵ, ਪ੍ਰੋ ਵਾਈਸ ਚਾਂਸਲਰ
ਗੁਰੂ ਨਾਨਕ ਦੇਵ ਯੂਨੀਵਰਸਟੀ, ਅੰਮ੍ਰਿਤਸਰ

ਕੁਝ ਦਿਨ ਪਹਿਲਾਂ 'ਵਰਿਆਮ' ਦਾ ਨਵੰਬਰ, ੨੦੦੪ ਦਾ ਅੰਕ ਮਿਲਿਆ। ਇਹ ਇਕ ਅਜਿਹਾ ਰਸਾਲਾ ਹੈ ਜੋ ਨਿਰਵਿਘਨ ਪਾਠਕਾਂ ਦੇ ਹੱਥਾਂ ਵਿਚ ਅਗਾਊਂ ਹੀ ਪਹੁੰਚ ਜਾਂਦਾ ਹੈ। ਨਾਮਧਾਰੀ ਪੰਥ ਦਾ ਮਿਆਰੀ ਦਿੱਖ ਵਾਲਾ ਇਹ ਰਸਾਲਾ ਪੰਥ ਨਾਲ ਸਾਰੀਆਂ ਖ਼ਬਰਾਂ ਤਾਂ ਦਿੰਦਾ ਹੀ ਹੈ ਬਾਕੀ ਸਮਾਜ ਨੂੰ ਵੀ ਅੱਖੋਂ ਪਰੋਖੇ ਨਹੀਂ ਕਰਦਾ।

ਸ੍ਰੀ ਭੈਣੀ ਸਾਹਿਬ ਵਿਖੇ ਐਸਟਰੋਟਰਫ਼ ਸਥਾਪਤ ਹੋਣ 'ਤੇ ਸਾਰਾ ਨਾਮਧਾਰੀ ਪੰਥ ਵਧਾਈ ਦਾ ਹੱਕਦਾਰ ਹੈ। ਸਤਿਗੁਰੂ ਜੀ ਸਦਾ ਆਪਣੀ ਮਿਹਰ ਭਰੀ ਛਤਰ ਛਾਇਆ ਪੰਥ ਦੇ ਸਿਰ 'ਤੇ ਰੱਖਣ ਇਹੋ ਸਾਡੀ ਅਰਦਾਸ ਹੈ। ਹਰ ਵਾਰ ਦੀ ਤਰ੍ਹਾਂ ਸੰਪਾਦਕੀ ਅਤੇ ਤੁਹਾਡੇ ਵੱਲੋਂ ਲਿਖਿਆ ਲੇਖ 'ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਨੂੰ ਦੇਣ ਬਹੁਤ ਵਧੀਆ ਲੱਗਾ। ਨਾਮਧਾਰੀ ਨੌਜੁਆਨਾਂ ਅਤੇ ਬੱਚਿਆਂ ਨੂੰ ਸੰਗੀਤ ਦੀ ਤਾਲੀਮ ਵਾਸਤੇ ਸਤਿਗੁਰੂ ਜੀ ਵੱਲੋਂ ਕੀਤੀ ਅਪਾਰ ਕਿਰਪਾ ਸਦਕਾ ਹੀ ਅੱਜ ਭਾਰਤ ਅਤੇ ਵਿਦੇਸ਼ ਵਿਚ ਹੁੰਦੇ ਸੰਗੀਤ ਸੰਮੇਲਨਾਂ ਵਿਚ ਕਲਾਕਾਰਾਂ ਵਜੋਂ ਭਾਗ ਲੈਂਦੇ ਹਨ। ਤੁਸੀਂ ਬੜੀ ਬਾਰੀਕੀ ਨਾਲ ਸੰਗੀਤ ਪ੍ਰਤੀ ਸਤਿਗੁਰੂ ਜੀ ਦੀਆਂ ਮਿਹਰਾਂ ਦਾ ਜ਼ਿਕਰ ਕੀਤਾ। ਇੱਕ ਹੋਰ ਖੁਸ਼ੀ ਦੀ ਗੱਲ ਉਦੋਂ ਹੋਈ ਜਦੋਂ ਅੱਜ ਅਖਬਾਰਾਂ ਵਿਚ ਪੜ੍ਹਿਆਂ ਕਿ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵਲੋਂ ਨਾਮਧਾਰੀ ਰਾਗੀ ਸ. ਬਲਜੀਤ ਸਿੰਘ ਨੂੰ ਸ਼੍ਰੋਮਣੀ ਰਾਗੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਇਹ ਸਤਿਗੁਰੂ ਜੀ ਜੀ ਦੇ ਲਗਾਏ ਬੂਟੇ ਅਜ ਪੰਥ ਦੀ ਸ਼ਾਨ ਵਧਾ ਰਹੇ ਹਨ।

'ਵਰਿਆਮ' ਵਿਚ ਸ. ਸਵਰਨ ਸਿੰਘ ਸਨੇਹੀ ਹੋਰਾਂ ਦੇ ਲੜੀਵਾਰ ਛਪਦੇ ਜਾਣਕਾਰੀ ਭਰਪੂਰ ਲੇਖ ਪਾਠਕਾਂ ਨੂੰ ਨਾਮਧਾਰੀ ਇਤਿਹਾਸ ਬਾਰੇ ਭਰਪੂਰ ਚਾਨਣਾ ਪਾਉਂਦੇ ਹਨ। ਲੇਖਕ ਦੇ ਲੇਖ ਉਸ ਦੀ ਵਿਦਵਤਾ ਦੀ ਮੂੰਹ ਬੋਲਦੀ ਤਸਵੀਰ ਹਨ। ਸਨੇਹੀ ਜੀ ਦੀ ਆਪਣੇ ਪੰਥ ਪ੍ਰਤੀ ਸ਼ਰਧਾ ਤੇ ਸਤਿਕਾਰ ਉਨ੍ਹਾਂ ਦੇ ਹਰ ਲੇਖ ਵਿਚ ਵਿਦਮਾਨ ਹੈ। ਅਨੇਕਾਂ ਪੁਸਤਕਾਂ ਦੇ ਹਵਾਲੇ ਦੇ ਕੇ ਲਿਖੇ ਗਏ ਲੇਖ 'ਨਾਮਧਾਰੀ ਅੰਦੋਲਨ ਤੋਂ ਗਦਰ ਪਾਰਟੀ ਤੱਕ' ਬਹੁਤ ਵਧੀਆ ਲੱਗਾ। ਮੇਰੀ ਜਾਚੇ ਇਹ ਲੇਖ ਸਭ ਤੋਂ ਨਿਵੇਕਲਾ ਹੈ। ਸ਼ਾਇਦ ਹੀ ਇਸ ਵਿਸ਼ੇ 'ਤੇ ਪਹਿਲਾਂ ਕਿਸੇ ਹੋਰ ਲੇਖਕ ਨੇ ਕੰਮ ਕੀਤਾ ਹੋਵੇ। ਇਸ ਲਈ ਲੇਖਕ ਅਤੇ ਖਾਸ ਕਰਕੇ ਤੁਸੀਂ ਵਧਾਈ ਦੇ ਹੱਕਦਾਰ ਹੋ ਜੋ ਇੰਨੀ ਵਧੀਆ ਸਮੱਗਰੀ ਪਾਠਕਾਂ ਦੇ ਲਈ ਛਾਪਦੇ ਹੋ।

ਇਸੇ ਅੰਕ ਵਿਚ ਸਨੇਹੀ ਹੋਰਾਂ ਦਾ ਇਕ ਹੋਰ ਲੇਖ 'ਨਾਮਧਾਰੀ ਇਤਿਹਾਸ ਦਾ ਭੰਡਾਰ ਸਤਿਗੁਰੂ ਪ੍ਰਤਾਪ ਸਿੰਘ ਜੀ' ਪੜ੍ਹ ਕੇ ਲੱਗਾ ਕਿ ਸਤਿਗੁਰੂ ਜੀ ਪਹਿਲੇ ਨਾਮਧਾਰੀ ਮੁਖੀ ਸਨ ਜਿਨ੍ਹਾਂ ਦੇ ਕਾਰਜਕਾਲ ਦੌਰਾਨ ਨਾਮਧਾਰੀ ਇਤਿਹਾਸ ਦੀਆਂ ਪੁਸਤਕਾਂ ਰਚੀਆਂ ਜਾਂ ਰਚਵਾਈਆਂ। ਲੇਖਕ ਨੇ ਲੇਖ ਰਾਹੀਂ ਸਤਿਗੁਰੂ ਜੀ ਦੀ ਮਿਕਨਾਤੀਸੀ ਸ਼ਖਸੀਅਤ ਦੇ ਦਰਸ਼ਨ ਕਰਵਾਏ ਹਨ ਜੋ ਕਾਬਲੇ ਤਾਰੀਫ਼ ਹੈ। ਇਹ ਸਾਂਭਣਯੋਗ ਦਸਤਾਵੇਜ਼ ਹਨ ਜੋ ਤੁਹਾਡੇ ਰਸਾਲੇ ਰਾਹੀਂ ਪਾਠਕਾਂ ਨੂੰ ਨਾਮਧਾਰੀ ਪੰਥ ਬਾਰੇ ਭਰਪੂਰ ਜਾਣਕਾਰੀ ਦਿੰਦੇ ਹਨ।

ਤੁਸੀਂ ਆਪਣੇ ਰਸਾਲੇ ਵਿਚ ਅਨੇਕਾਂ ਲੇਖਕਾਂ ਦੀਆਂ ਰਚਨਾਵਾਂ ਛਾਪਦੇ ਹੋ ਜੋ ਬੜਾ ਵਧੀਆ ਉੱਦਮ ਹੈ ਫਿਰ ਵੀ ਮੈਂ ਇਕ ਸੁਝਾਅ ਦੇਣਾ ਚਾਹੁੰਦੀ ਹਾਂ, ਜੇਕਰ ਵਾਰੀ-ਵਾਰੀ ਸਾਹਿੱਤਕਾਰਾਂ ਦੇ ਜੀਵਨ ਬਾਰੇ ਜਾਣਕਾਰੀ ਭਰਪੂਰ ਲੇਖ ਛਾਪਣ ਦਾ ਕਾਲਮ ਹੀ ਬਣਾ ਦਿਉ ਤਾਂ ਵਧੀਆ ਹੋਵੇਗਾ। ਕਿਉਂਕਿ ਇਹ ਰਸਾਲਾ ਸਕੂਲਾਂ/ਕਾਲਜਾਂ ਲਈ ਪਰਵਾਨ ਹੈ ਇਸ ਲਈ ਜਿਹੜੇ ਬੱਚੇ ਸਾਹਿਤ ਦੇ ਵਿਦਿਆਰਥੀ ਹੋਣ ਉਹ ਵੀ ਲਾਭ ਉਠਾ ਸਕਣ ਤੇ ਜਿਹੜੇ ਹੋਰ ਵਿਸ਼ਿਆਂ ਦੇ ਵਿਦਿਆਰਥੀ ਹੋਣ ਉਹ ਵੀ ਰਸਾਲਾ ਪੜ੍ਹ ਕੇ ਆਪਣੇ ਵਿਰਸੇ ਨਾਲ ਜੁੜੇ ਰਹਿਣ।

ਤੁਸੀਂ ਹਰ ਅੰਕ 'ਤੇ ਬੜੀ ਮਿਹਨਤ ਕਰਦੇ ਹੋ। ਹਰ ਅੰਕ ਮਹੱਤਵਪੂਰਨ ਰਚਨਾਵਾਂ ਨਾਲ ਭਰਪੂਰ ਹੋਣ ਕਰਕੇ ਸਾਂਭਣਯੋਗ ਹੈ। ਸਤਿਗੁਰੂ ਜੀ ਕਿਰਪਾ ਕਰਨ 'ਵਰਿਆਮ' ਸਦਾ ਚੜ੍ਹਦੀਆਂ ਕਲਾਂ ਵਿਚ ਰਹੇ।

—ਸੁਰਿੰਦਰ ਕੌਰ
ਪੰਜਾਬੀ ਭਵਨ, ਲੁਧਿਆਣਾ

ਤੁਹਾਡੇ ਵੱਲੋਂ ਭੇਜਿਆ ਜਾਂਦਾ ਵਰਿਆਮ ਲਗਾਤਾਰ ਪੜ੍ਹਦਾ ਹਾਂ। ਵਰਿਆਮ ਭੇਜਣ ਲਈ ਧੰਨਵਾਦ ਅਤੇ ਜਿਸਨੇ 'ਵਰਿਆਮ' ਭੇਜਣ ਲਈ ਤੁਹਾਡੇ ਅੱਗੇ ਸਫਾਰਸ਼ ਕੀਤੀ ਅਤੇ ਭਿਜਵਾਉਣ ਲਈ ਉਪਰਾਲਾ ਕੀਤਾ ਹੈ ਉਸ ਦਾ ਵਧੇਰੇ ਧੰਨਵਾਦ।

ਸਤਿਗਗੁਰੂ ਜੀ ਦੀ ਦੇਹ ਢਿਲੀ ਨੇ ਸਾਰੇ ਨਾਮਧਾਰੀਆਂ ਨੂੰ ਹਲੂਣ ਕੇ ਰੱਖ ਦਿੱਤਾ ਹੈ। ਸਾਰੇ ਨਾਮਧਾਰੀਆਂ ਨੂੰ ਇਸ ਦਾ ਬਹੁਤ ਦੁੱਖ ਹੋਇਆ ਹੈ। ਸਤਿਗੁਰੂ ਆਪ ਹੀ ਕ੍ਰਿਪਾ

ਕੀਤੀ ਹੈ ਦੇਹ ਨੂੰ ਤੰਦਰੁਸਤੀ ਵਾਲੇ ਪਾਸੇ ਤੋਰਿਆ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਨਾਮਧਾਰੀਆਂ ਦੇ ਅਤੇ ਬਹੁਤ ਸਾਧਕਾਂ ਦੇ ਜਿੰਦ ਜਾਨ ਅਤੇ ਖੁਸ਼ੀ ਦੇ ਸੋਮੇ ਹਨ। ਅਕਤੂਬਰ ੨੦੦੪ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਵਰਿਆਮ ਪੜ੍ਹਿਆ। ਇਸ ਨੂੰ ਤਸਵੀਰ ਨਾਲ ਸ਼ੁਰੂ ਕੀਤਾ ਹੈ ਇਸ ਲਈ ਪਹਿਲਾਂ ਤਸਵੀਰ ਹੀ ਗੱਲ ਕਰ ਲਵਾਂ। ਇਸ ਵਿਚ ਤਸਵੀਰਾਂ ਤਾਂ ਸਾਰੀਆਂ ਸੋਹਣੀਆਂ ਹਨ ਪਰ ਉਨ੍ਹਾਂ ਵਿਚੋਂ, ਸੋਹਣੀਆਂ ਤਸਵੀਰਾਂ ਵਿਚੋਂ ਟਾਈਟਲ ਪੇਜ ਦੇ ਅੰਦਰਲੇ ਪਾਸੇ ਦੀ ਤਸਵੀਰ ਦਾ ਅਨੂਠਾ ਹੀ ਦ੍ਰਿਸ਼ ਹੈ। ਆਖਰੀ ਪੇਜ ਦੇ ਅੰਦਰਲੇ ਪਾਸੇ ਦੀਆਂ ਤਸਵੀਰਾਂ ਭੀ ਇਤਿਹਾਸ ਸਮੋਈ ਬੈਠੀਆਂ ਹਨ। ਇਹ ਇਕ ਬਦਲੇ ਯੁਗ ਦੀਆਂ ਝਲਕੀਆਂ ਹਨ। ਇਹ ਤਸਵੀਰਾਂ ਛਾਪਣ ਦਾ ਆਪ ਦਾ ਸ਼ਲਾਘਾਯੋਗ ਵਿਚਾਰ ਹੈ ਸਹੀ ਚੋਣ ਹੈ। ਹੁਣ ਲੇਖਣੀ ਬਾਰੇ ਕੁਛ ਲਿਖਣਾ ਚਾਹਾਂਗਾ।

ਆਪ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਿਮਰਿਤੀ ਬਾਰੇ ਸ਼ੁਰੂਆਤ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਵਿਚ ਪਰਵੇਸ਼ ਕਰਕੇ ਉਨ੍ਹਾਂ ਦੀ ਕੀਰਤੀ ਦਾ ਜੋ ਵਿਵਰਣ ਕੀਤਾ ਹੈ ਬਹੁਤ ਖੂਬ ਹੈ ਜੋ ਅਰਦਾਸ ਵਿਚ ਮੰਗ ਕੀਤੀ ਹੈ। ਬਹੁਤ ਉਸਾਰੂ ਮੰਗ ਹੈ ਸਰਬ ਦੇ ਭਲੇ ਲਈ, ਸਰਬ ਦੇ ਸੁਖ ਲਈ ਸਾਰਥਿਕ ਮੰਗ ਹੈ।

ਭਰੂਣ ਹੱਤਿਆਂ ਦੇ ਬਰਖਲਾਫ ਕਲਮ ਉਠਾਉਣੀ ਹਰ ਇਕ ਵਰਗ ਲਈ ਬਹੁਤ ਜ਼ਰੂਰੀ ਹੈ ਜੋ ਤੁਸੀਂ ਭੀ ਇਸ ਵੱਲ ਧਿਆਨ ਦਿੱਤਾ ਹੈ। ੧੯੮੪ ਦੇ ਦੰਗਿਆ ਲਈ ਜ਼ੁੰਮੇਵਾਰ ਭਾਵੇਂ ਕੋਈ ਭੀ ਸੀ ਪਰ ਜੋ ਜ਼ੁਲਮ ਸਿੱਖ-ਪੰਜਾਬੀਆਂ ਉੱਤੇ ਅਤੇ ਉਨ੍ਹਾਂ ਦੀ ਉਲਾਦ ਉੱਤੇ ਹੋਇਆਂ ਉਸ ਵਿਚ ਮਾਨਵ ਜਾਤੀ ਦਾ ਜੋ ਘਾਣ ਹੋਇਆ ਜੋ ਅਣਮਨੁੱਖੀ ਵਤੀਰਾ ਸਿੱਖੀ ਸਰੂਪਾਂ ਨਾਲ ਕੀਤਾ ਗਿਆ ਉਸ ਲਈ ਹਾਅ ਦਾ ਨਾਅਰਾ ਮਾਰਨਾ ਹਰ ਪ੍ਰਾਣੀਮਾਤਰ ਦਾ ਬਣਦਾ ਹੀ ਸੀ ਅਤੇ ਬਣਦਾ ਹੈ, ਇਹ ਸੋਚਣਾ ਕਿ ਅਣਮਨੁੱਖੀ ਵਤੀਰੇ ਵਾਲਿਆਂ ਬਾਰੇ ਕਹਿਣਾ ਜਾ ਲਿਖਣ ਨਾਲ ਕੋਈ ਨਰਾਜ ਹੋ ਜਾਵੇਗਾ ਤਾਂ ਇਹ ਮਨੁੱਖੀ ਕਿਰਦਾਰ ਅਤੇ ਸੋਚ ਦੇ ਉਲਟ ਹੋਵੇਗਾ। ਅਤਿਆਚਾਰ, ਜ਼ੁਲਮ, ਵਧੀਕੀ ਕਿਸੇ ਤੇ ਭੀ ਹੋਵੇ, ਕਿਸੇ ਫਿਰਕੇ ਤੇ ਭੀ ਹੋਵੇ ਜ਼ੁਬਾਨ ਵਾਲੇ ਨੂੰ ਜ਼ੁਬਾਨ ਖੋਹਲਣੀ ਹੀ ਚਾਹੀਦੀ ਹੈ, ਕਲਮ ਚੁਕਣੀ ਚਾਹੀਦੀ ਹੈ, ਮਨ ਖੋਹਲਣਾ ਚਾਹੀਦਾ ਹੈ ਇਸ ਅਤਿਆਚਾਰ ਦੇ ਉਲਟ। ਆਪ ਨੇ ਨਨਕਾਣਾ ਸਾਹਿਬ ਦੀ ਘਟਨਾ ਦਾ ਜ਼ਿਕਰ ਕੀਤਾ ਇਹ ਕਰਨਾ ਹੀ ਬਣਦਾ ਹੈ। ਗਿਆਨੀ ਕਰਤਾਰ ਸਿੰਘ ਜੀ ਦੇ ਵਿਚਾਰਾਂ ਨੂੰ ਜੋ ਤੁਸੀਂ ਇਸ ਅੰਕ ਵਿਚ ਦਿੱਤਾ ਹੈ ਬਹੁਤ ਢੁਕਵੇਂ ਸਮੇਂ ਢੁਕਵੀਂ ਚੀਜ਼ ਪੇਸ਼ ਕੀਤੀ ਹੈ। ਗਿਆਨੀ ਜੀ ਨੇ ਸਿਖੀ ਫਿਲਾਸਫੀ ਨੂੰ ਸ਼ੁਰੂ ਕਰਕੇ ਸਤਿਗੁਰੂ ਰਾਮ ਸਿੰਘ ਜੀ ਸਤਿਗੁਰੂ ਹਰੀ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਤਕ ਦੀ ਵਿਆਖਿਆ ਕਰਕੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖਸੀਅਤ ਅਤੇ ਹਸਤੀ ਨੂੰ ਬਹੁਤ ਵਧੀਆਂ ਤਰੀਕੇ ਨਾਲ ਪੇਸ਼ ਕੀਤਾ ਹੈ।

ਵਰਿਆਮ ਵਿਚ ਲਿਖਾਰੀ ਤਾਂ ਸਾਰੇ ਹੀ ਸ਼ਲਾਘਾਯੋਗ ਹਨ। ਸਾਰਿਆਂ ਇੱਕਠਿਆ ਦਾ ਮੈਂ ਧੰਨਵਾਦ ਕਰਦਾ ਹਾਂ। ਇਕੱਲੇ-ਇਕੱਲੇ ਦਾ ਜ਼ਿਕਰ ਕਰਨ ਤੇ ਵਿਸਥਾਰ ਤੋਂ ਡਰਦਿਆਂ ਇਨ੍ਹਾਂ ਵਿਚੋਂ ਕੁਝ ਕੁ ਦਾ ਜ਼ਿਕਰ ਇਸ ਤਰ੍ਹਾਂ ਕਰਦਾ ਹਾਂ-

ਸ. ਸਵਰਨ ਸਿੰਘ ਜੀ ਵਿਰਕ ਸਤਿਗੁਰੂ ਜੱਸ ਨੂੰ ਅਤੇ ਸਿੱਖਾਂ ਦੀ ਸੂਰਬੀਰਤਾ ਅਤੇ ਕੀਰਤੀ ਨੂੰ ਬਹੁਤ ਹੀ ਸੁਥਰੇ ਅਤੇ ਸੁੱਚਜੇ ਤਰੀਕੇ ਨਾਲ ਅਤੇ ਉਨ੍ਹਾਂ ਦੇ ਪੱਦ ਦੇ ਮੁਤਾਬਕ ਥਾ. ਪਰ ਥਾਂ ਹੀਰਿਆਂ ਦੀ ਲੜੀ ਵਿਚ ਪਰੋ ਕੇ ਕਰਦੇ ਹਨ। ਨਿਰੋਲ ਜੱਸ ਅਤੇ ਉਪਮਾ ਹੈ। ਇਹ ਲਿਖਤ ਬਹੁਤ ਸੁੱਖ ਦਿੰਦੀ ਹੈ। ਇਨ੍ਹਾਂ ਦੀ ਲਿਖਤ ਵਿਚ ਕਿਸੇ ਤੇ ਕੋਈ ਗਿਲਾ-ਸ਼ਿਕਵਾ-ਕੁੜੱਤਣ ਨਹੀਂ, ਕੋਈ ਸ਼ਕੇਤ ਨਹੀਂ, ਕੋਈ ਟਕਰਾਅ ਨਹੀਂ, ਵਿਰੋਧਾ ਭਾਸ ਤੋਂ ਰਹਿਤ ਅਤੇ ਰਸ ਭਰਪੂਰ ਇਤਹਾਸਕ ਸਮੱਗਰੀ ਪ੍ਰੇਰਣਾ ਦਾਇਕ ਹੈ। ਪੜ੍ਹ ਕੇ ਫਿਰ ਪੜ੍ਹਨ ਨੂੰ ਜੀਅ ਕਰਦਾ ਹੈ, ਕੁਝ ਗੁਰੂ ਪ੍ਰਤੀ ਪ੍ਰਾਪਤ ਹੁੰਦਾ ਹੈ। ਕੁਝ ਅਦਰਸ਼ ਮਿਲਦਾ ਹੈ। ਰੁੱਖਾਪਨ ਤਾਂ ਹੈ ਹੀ ਨਹੀਂ ਇਨ੍ਹਾਂ ਦੀ ਲਿਖਤ ਵਿਚ। ਇਨ੍ਹਾਂ ਨੇ ਗੁਰੂ ਸਿੱਖ ਦੇ ਨਾਤੇ ਨੂੰ ਪ੍ਰਗਟ ਕੀਤਾ ਹੈ ਅਤੇ ਗੁਰੂ ਪਿਆਰ ਨੂੰ ਉਜਾਗਰ ਕੀਤਾ ਹੈ, ਕਲਮ ਅਤੇ ਮਨ ਅਵਸਥਾ ਦੀ ਸਹੀ ਵਰਤੋਂ ਕੀਤੀ ਹੈ ਜਿਸ ਨੂੰ ਪੜ੍ਹਕੇ ਕੋਈ ਪ੍ਰਾਪਤੀ ਹੁੰਦੀ ਹੈ। ਐਵੇਂ ਹੀ ਫੋਕੀ ਇਤਿਹਾਸਕਾਰ ਵਾਲੀ ਦਿੱਖ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਸਿੱਖੀ ਦੇ ਸਹੀ ਰੰਗ ਰੂਪ ਨੂੰ ਪੇਸ਼ ਕੀਤਾ ਹੈ। ਸੰਤ ਵਰਿਆਮ ਸਿੰਘ ਮੁਸੱਵਰ ਦੇ ਦਰਸ਼ਨ ਮੈਂ ਨੇੜਿਓਂ ਹੋ ਕੇ ਕੀਤੇ ਹਨ ਉਹ ਸਹੀ ਰੂਪ ਵਿਚ ਗੁਰੂ ਪਿਆਰ ਵਿਚ ਰੰਗਿਆਂ ਹੋਇਆ ਸਤ੍ਰਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਵਿਚ ਤੜਫਦਾ ਰਹਿੰਦਾ ਅਤੇ ਦਰਸ਼ਨਾਂ ਦੀ ਇਛਾ ਰੱਖਦਾ ਹੋਇਆ ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਾਦਿਕ ਸਿਖ ਸੀ ਅਤੇ ਉਨ੍ਹਾਂ ਦੇ ਪ੍ਰੇਮ ਵਿਚ ਰੰਗਿਆ ਹੋਇਆ ਮਸਤਾਨਾ 'ਮੁਸੱਵਰ' ਸੀ। ਉਸ ਦੀ ਲਿਖਤ ਬਹੁਤ ਪਿਆਰੀ ਹੈ। ਬੈਂਤਾਂ ਅਲੀਸ਼ੇਰ ਦੀਆਂ ਆਪਣੇ ਥਾਂ ਇਕ ਨਵੀਂ ਚੀਜ਼ ਹੈ ਅਤੇ ਛੁਪਾਏ ਹੋਏ ਇਤਹਾਸ ਉਜਾਗਰ ਕਰਦੀਆਂ ਹਨ।

ਫਕੀਰ ਚੰਦ ਤੁਲੀ ਨੂੰ ਮੈਂ ਬਹੁਤ ਪਿਆਰ ਅਤੇ ਚਾਅ ਨਾਲ ਸੁਣਦਾ ਹੁੰਦਾ ਸਾਂ। ਭਰਵੀਂ ਅਵਾਜ਼ ਅਤੇ ਸਤਿਗੁਰੂ ਦੇ ਸਿਦਕ ਪਿਆਰ ਨਾਲ ਭਰਪੂਰ ਕਵਿਤਾ ਬਹੁਤ ਖੁਸ਼ੀ ਦਿੰਦੀ ਸੀ। ਅੱਜ ਚਿਰ ਬਾਦ ਸੌਦਰਾ ਪੜ੍ਹਨ ਨੂੰ ਮਿਲਿਆ।

ਮਾਸਟਰ ਅਮਰੀਕ ਸਿੰਘ ਜੀ ਦਾ 'ਕੇਹੀ ਬਣੇ ਅਰਦਾਸ' ਲੇਖ ਪੜ੍ਹਿਆ ਜਿਸ ਵਿਚ ਬੜੇ ਪੱਖ ਪੇਸ਼ ਕੀਤੇ ਹਨ। ਮਾਤਾ-ਪਿਤਾ ਦਾ ਸਤਿਗੁਰੂ ਪ੍ਰਤੀ ਪਿਆਰ ਤੇ ਲਗਨ, ਬੱਚਿਆਂ ਪ੍ਰਤੀ ਸੋਚ ਫਰਜ਼ ਅਤੇ ਪੁਤਰ ਨੇ ਮਾਤਾ ਪਿਤਾ ਦੀ ਸਿਖਿਆਂ ਨੂੰ ਸਹੀ ਤਰੀਕੇ ਵਿਚ ਅਪਣਾ ਕੇ ਸਪੁੱਤਰ ਦਾ ਦਰਜਾ ਪ੍ਰਾਪਤ ਕਰਕੇ ਗੁਰੂ ਪਿਤਾ ਦੇ ਦਰਸਾਏ ਮਾਰਗ ਨੂੰ ਕਿਸ ਸ਼ਰਧਾ-

ਪਿਆਰ-ਦ੍ਰਿੜਤਾ ਨਾਲ ਅਪਣਾਇਆ ਹੈ, ਇਹ ਇਕ ਮਾਰਗ ਦਰਸ਼ਨ ਹੈ। ਇਹ ਹਰ ਮਾਤਾ-ਪਿਤਾ-ਬੱਚਿਆਂ ਲਈ ਪ੍ਰੇਰਣਾ ਸਰੋਤ ਹੈ ਅਤੇ ਨਾਮਧਾਰੀਆਂ ਲਈ ਮਾਣ ਵਾਲੀ ਗੱਲ ਹੈ ਕਿ ਮਾਤਾ-ਪਿਤਾ-ਬੱਚੇ ਆਪਣੇ ਸਤਿਗੁਰੂ ਨੂੰ ਇਸ ਤਰ੍ਹਾਂ ਸਮਰਪਤ ਹੋਣੇ ਚਾਹੀਦੇ ਹਨ ਉਹ ਉਨ੍ਹਾਂ ਦੇ ਪਿਆਰ ਅਤੇ ਸ਼ਰਧਾ ਲਈ ਸਭ ਕੁਝ ਵਾਰ ਕੇ ਭੀ ਭਰੋਸੇ ਅਤੇ ਟਿਕਾਵ ਵਿਚ ਰਹਿਣੇ ਚਾਹੀਦੇ ਹਨ। ਮੈਨੂੰ ਇਹ ਲੇਖ ਬਹੁਤ ਹੀ ਵਧੀਆਂ ਲੱਗਾ।

ਹੋਰ ਭੀ ਵਰਿਆਮ ਵਿਚ ਸੋਹਣਾ ਮਸਾਲਾ ਹੈ। ਸਤਿਗੁਰੂ ਜੀ ਕ੍ਰਿਪਾ ਕਰਨ ਇਸ ਤਰ੍ਹਾਂ ਹੀ ਤੁਸੀਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਦਾ ਆਸਰਾ ਲੈਕੇ ਮਨ ਨੀਵਾ ਮਤਿ ਉਚਾ ਦੇ ਧਾਰਣੀ ਬਣ ਕੇ ਸਤਿਗੁਰੂ ਦਾ ਸੁਭ ਸੰਦੇਸ਼ ਸਾਰਿਆਂ ਤਕ ਵੰਡਣ ਦਾ ਉਪਰਾਲਾ ਕਰਦੇ ਹੋਏ ਜੋ ਸਰਬ ਕਲਿਆਣਕਾਰੀ ਹੈ।

ਸ. ਸਾਧੂ ਸਿੰਘ ਕਿਸਾਨ ਜੀ ਨੂੰ ਉਚੇਚਾ ਕਹਿ ਕੇ ਗੁਰੂ ਮਹਿਮਾ' ਬਾਰੇ ਲੇਖ ਲਿਖਾਉਂਦੇ ਰਿਹਾ ਕਰੋ। ਉਨ੍ਹਾਂ ਕੋਲ ਬਹੁਤੀ ਸਮਗਰੀ ਹੈ ਅਤੇ ਸਮਗਰੀ ਨੂੰ ਪੇਸ਼ ਕਰਨ ਦੀ ਯੋਗਤਾ ਭੀ।

ਨਵੰਬਰ ੨੦੦੪ ਦਾ 'ਵਰਿਆਮ' ਭੀ ਮਿਲ ਗਿਆ। ਮੁੱਖ ਸਫ਼ੇ 'ਤੇ ਗੁਰੂ ਮੇਰਾਪਾਰਬ੍ਰਹਮ, ਭਗਵੰਤ ਮੇਰਾ ਗੋਬਿੰਦ ਅਤੇ ਗੁਰੂ ਹੀ ਮੇਰੀ ਪੂਜਾ ਹੈ ਦੀ ਤਸਵੀਰ ਦਿਲ ਨੂੰ ਧੂਹ ਪਾਉਂਦੀ ਹੈ। ਜਨਮ ੨੨ ਨਵੰਬਰ ੧੯੨੦ ਦੀ ਜਗ੍ਹਾ ਅਵਤਾਰ ੨੨ ਨਵੰਬਰ ਲਿਖ ਹੋ ਜਾਂਦਾ ਤਾਂ ਜ਼ਿਆਦਾ ਢੁਕਵਾਂ ਸੀ। ਟਾਈਟਲ ਪੇਜ ਦਾ ਅੰਦਰਲਾ ਪੇਜ ਦੋ ਤਸਵੀਰਾਂ ਲਈ ਬੈਠਾ ਹੈ ਜਿਸ ਵਿਚ ਇਕ ਰਾਜਨੀਤਕ ਨੇਤਾ ਜਿਸ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਭਾਰਤ ਦੇਸ਼ ਦੀ ਆਜ਼ਾਦੀ ਪ੍ਰਾਪਤੀ ਲਈ ਦੱਸੇ-ਚਲਾਏ ਮਾਰਗ 'ਤੇ ਚੱਲ ਕੇ ਦੇਸ਼ ਆਜ਼ਾਦੀ ਲਈ ਯੋਗਦਾਨ ਪਾਇਆ ਉਸ ਦੀ ਤਸਵੀਰ ਹੈ 'ਗੁਰੂ ਕੀ ਸਰਣਿ ਕਹਉ ਕਰਿ ਜੋਰਿ' ਦੂਸਰੀ ਤਸਵੀਰ ਹੈ ਸਤਿਗੁਰੂ ਜੀ ਦੇ ਨਾਲ ਉਸ ਸ਼ਖਸੀਅਤ ਦੀ ਜਿਸ ਨੇ ਬਿਦੇਸ਼ ਵਿਚ ਖਾਸ ਕਰ ਅਮਰੀਕਾ-ਕੈਨੇਡਾ ਦੇ ਗੋਰਿਆਂ ਨੂੰ ਸਿੱਖ ਸਜਾਇਆ ਜੋ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਬਹੁਤ ਸਨੇਹ ਕਰਦੇ ਸਨ ਅਤੇ ਸਤਿਗੁਰੂ ਜੀ ਦਾ ਸਤਿਕਾਰ ਕਰਦੇ ਸਨ, ਜੋ ਮਲੇਰਕੋਟਲੇ ਸ਼ਹੀਦੀ ਸਮਾਗਮ ਸਮੇਂ ਸ਼ਹੀਦਾਂ ਨਮਿੱਤ ਬੋਲਦਿਆਂ ਵੈਰਾਗ ਦੇ ਹੰਝੂ ਸਟੇਜ 'ਤੇ ਹੀ ਨਹੀਂ ਰੋਕ ਸਕੇ ਜੋ ਅੱਜ ਸਾਡੇ ਵਿਚ ਦੇਹ ਕਰਕੇ ਨਹੀਂ ਰਹੇ।

ਵਰਿਆਮ ਦੇ ਤੀਹਵੇਂ ਸਾਲ ਦੇ 'ਸ਼ੁਰੂਆਤ' ਤੇ ਜੋ ਅਸੀਸ ਮੰਗੀ ਹੈ ਅਤੇ ਗੁਰੂ ਪ੍ਰਤੀ ਜੋ ਸ਼ਰਧਾ ਭਾਵਨਾ ਨਿਮਰਤਾ-ਨਿਰਮਾਣਤਾ ਦਰਸਾਈ ਹੈ ਗੁਰਸਿੱਖ ਦੀ ਇਹ ਵੈਰਾਗਮਈ ਦਸ਼ਾ ਹੈ। ਵਰਤਮਾਨ ਗੁਰੂ ਤੇ ਅਜੇਹੀ ਸ਼ਰਧਾ ਅਤੇ ਭਾਵਨਾ ਹੀ ਅਸਲ ਸਿੱਖੀ ਹੈ। ਭੂਤਕਾਲ ਇਤਿਹਾਸ ਵੱਲ ਭੱਜਣਾ ਸਿਰਫ ਵਿਦਵਤਾ ਦਾ ਵਿਖਾਵਾ ਹੀ ਰਹਿ ਜਾਂਦਾ ਹੈ ਜੋ ਸਿਰਫ ਲਿਖੇ ਇਤਿਹਾਸ ਨਾਲ ਟੱਕਰਾਂ ਮਾਰਨ ਵਾਲੀ ਗੱਲ ਹੀ ਹੁੰਦੀ ਹੈ।

ਵਰਤਮਾਨ ਗੁਰ ਇਤਿਹਾਸ ਦੀ ਚਿਤਰਣਾ ਆਪ ਜੀ ਨੇ ਅਤੇ ਸ: ਸਵਰਨ ਸਿੰਘ ਵਿਰਕ ਨੇ ਬਹੁਤ ਹੀ ਸੋਹਣੇ ਤਰੀਕੇ ਨਾਲ ਕੀਤੀ ਹੈ।

'ਗੁਰੂ ਕੀ ਸਰਣਿ ਰਹਉ ਕਰ ਜੋਰਿ, ਗੁਰੂ ਬਿਨਾ ਮੈ ਨਾਹੀ ਹੋਰੁ।

ਸਰਣਿ ਤਾਂ ਵਰਤਮਾਨ ਗੁਰੂ ਦੀ ਹੀ ਰਿਹਾ ਜਾ ਸਕਦਾ ਹੈ। ਇਸ ਅੰਕ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਨੁਮਾਈ ਅਤੇ ਪਵਿੱਤਰ ਅਗਵਾਈ ਵਿਚ ਜੋ ਨਾਮਧਾਰੀਆਂ ਨੂੰ ਅਗਾਂਹ ਪੁਲਾਘਾਂ ਸਤਿਗੁਰੂ ਜੀ ਨੇ ਪੁਟਵਾਈਆਂ ਹਨ ਉਸ ਦਾ ਜਿਤਨਾ ਕੁ ਜ਼ਿਕਰ ਕੀਤਾ ਜਾ ਸਕਦਾ ਸੀ ਉਹ ਤੁਸਾਂ ਕਰਨ ਦਾ ਜੋ ਉਪਰਾਲਾ ਕੀਤਾ ਹੈ ਨਿਹਾਇਤ ਹੀ ਸ਼ਲਾਘਾਯੋਗ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਜੋ ਦੇਣ ਸੰਗੀਤ ਪ੍ਰਤੀ ਹੈ ਇਸ ਨੂੰ ਤੁਸੀਂ (ਸ: ਜਗਦੀਸ਼ ਸਿੰਘ) ਹੀ ਸਹੀ ਤਰ੍ਹਾਂ ਦਰਸਾ ਸਕਦੇ ਹੋ ਹਰ ਲਿਖਾਰੀ ਦੇ ਵੱਸ ਦੀ ਇਹ ਗੱਲ ਨਹੀਂ। ਜੋ ਸੰਗੀਤ ਪ੍ਰਤੀ ਕੁਝ ਜਾਣਕਾਰੀ ਰੱਖਦਾ ਹੈ ਉਹ ਹੀ ਦੱਸ ਸਕਦਾ ਹੈ। ਤੁਸੀਂ ਇਹ ਪੱਖ ਭੀ ਛੂਹ ਕੇ ਸਾਰਥਿਕ ਉਦਮ ਕੀਤਾ ਹੈ ਬੇਸ਼ੱਕ ਸਤਿਗੁਰੂ ਜਗਜੀਤ ਸਿੰਘ ਨੇ ਸੰਗੀਤ ਸਬੰਧੀ ਜੋ ਭੰਡਾਰ ਖੋਲ੍ਹੇ ਹਨ, ਛੋਟੇ ਤੋਂ ਵੱਡਿਆਂ ਨੂੰ ਕੀ ਕੀ ਦੇਣ ਦਿੱਤੀ ਹੈ ਇਸ ਦਾ ਜ਼ਿਕਰ ਪੁਸਤਕ ਰੂਪ ਵਿਚ ਕਰਨਾ ਅਜੇ ਤੁਹਾਡੇ ਜ਼ੁੰਮੇ ਬਾਕੀ ਹੈ। ਕਿਉਂਕਿ ਮੈਂ ਸਤਿਗੁਰੂ ਜੀ ਕੋਲ ਅਰਜ਼ ਕੀਤੀ ਸੀ ਕਿ "ਜੋ ਕੁਝ ਆਪ ਜੀ ਨੇ ਬੱਚਿਆਂ ਨੂੰ ਸਿਖਾਇਆ ਗੀਤਾਂ ਸਿਖਾਈਆਂ, ਆਪ ਜੀ ਨੇ ਬਹੁਤ ਆਪਣੀਆਂ ਰਚਨਾਵਾਂ ਕੀਤੀਆਂ ਹਨ, ਉਸਤਾਦਾਂ ਤੱਕ ਪਹੁੰਚ ਕਰਕੇ ਬੱਚਿਆਂ ਨੂੰ ਸ਼ਗਿਰਦ ਬਣਾਇਆ ਹੈ। ਬਿਨਾ ਭਿੰਨ-ਭੇਦ ਦੇ ਸੰਗੀਤ ਸਿੱਖਣ ਲਈ ਅਨੇਕਾਂ ਦੀ ਮਦਦ ਕੀਤੀ ਹੈ, ਕਿਸ ਕਿਸ ਖੇਤਰ ਵਿਚ ਕੀ-ਕੀ ਪਤਾ ਹੈ। ਪੌਣੀਆਂ, ਸਵਾਈਆਂ ਮਾਤਰਾਂ ਬਣਾਈਆਂ ਹਨ ਇਹ ਲਿਖਤ ਵਿਚ ਆ ਜਾਏ ਤਾਂ ਔਣ ਵਾਲਿਆਂ ਦੇ ਕੰਮ ਆਉਣ ਵਾਲੀ ਚੀਜ਼ ਬਣ ਜਾਏਗੀ ਕਿਉਂਕਿ ਇਸ ਯੁੱਗ ਵਿਚ ਇਸ ਦਾ ਬਹੁਤ ਅਭਾਵ ਹੋ ਰਿਹਾ ਹੈ ਜਿਵੇਂ ਹੁਣ ਰਬਾਬ ਕੀਰਤਨਾਂ ਵਿਚ ਨਹੀਂ ਲੱਭਦੀ, ਢਾਡੀ ਜੋ ਵਾਰਾਂ ਢੱਡ ਨਾਲ ਲਾਉਂਦੇ ਸਨ ਉਹ ਡਮਰੂ ਨਾਲ ਹੀ ਰਹਿ ਗਈਆਂ ਹਨ" ਤਾਂ ਸਤਿਗੁਰੂ ਜੀ ਹੁਕਮ ਕੀਤਾ ਸੀ ਕਿ ਜਗਦੀਸ਼ ਸਿੰਘ ਨੂੰ ਕਹਿ, ਉਹ ਕਰੇ। ਸੋ ਹੁਕਮ ਮੁਤਾਬਿਕ ਮੈਂ ਤੁਹਾਨੂੰ ਬੇਨਤੀ ਕੀਤੀ ਵੀ ਸੀ, ਕਰ ਭੀ ਰਿਹਾ ਹਾਂ।

ਕਵੀ ਪ੍ਰੀਤਮ ਸਿੰਘ ਜੀ ਨੇ ਇਕ ਸ਼ਾਇਦ ਗਊ ਰੱਖਿਆ ਅੰਕ ਜਿਸ ਵਿਚ ਪਸ਼ੂ ਪਾਲਨ (ਗਊ ਅਤੇ ਘੋੜਿਆਂ) ਸਬੰਧੀ ਸਮਗਰੀ ਉਸ ਸਮੇਂ ਦੀ ਪਰਤੱਖ ਪ੍ਰਾਪਤੀ ਦੀ ਪਰਤੱਖ

ਜਾਣਕਾਰੀ ਸੀ, ਉਸ ਮੁਤਾਬਿਕ ਹੋਰ ਕੋਈ ਲਿਖ ਨਹੀਂ ਸਕਿਆ ਜੋ ਬਹੁਤ ਵੱਡੀ ਇਤਿਹਾਸਕ ਸਮੱਗਰੀ ਹੈ ਜਿਸ ਦਾ ਹੋਰ ਬਦਲ ਹੈ ਨਹੀਂ।

ਇਸ ਅੰਕ ਵਿਚ ਹੋਰ ਭੀ ਇਤਿਹਾਸਕ ਸਮੱਗਰੀ ਕਾਫੀ ਹੈ।

ਸ. ਸਾਧੂ ਸਿੰਘ ਕਿਸਾਨ ਦਾ ਸੁਨਿਹਰੀ ਸਿਮਰਨਾ ਹਰ ਇਕ ਨੂੰ ਲੁਭਾਇਮਾਨ ਕਰਦਾ ਹੀ ਹੈ।

ਅਖੀਰ ਵਿਚ ਵਿਸਥਾਰ ਤੋਂ ਡਰਦਿਆਂ ਮੈਂ ਇਨ੍ਹਾਂ ਤੁਕਾਂ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦਾ ਧੰਨਵਾਦ ਕਰਦਾ ਹੋਇਆ ਇਥੇ ਹੀ ਸਮਾਪਤੀ ਕਰਦਾ ਹਾਂ :

'ਗੁਰੁ ਸਮਰਥੁ ਅਪਾਰੁ ਗੁਰ ਵਡਭਾਗੀ ਦਰਸ਼ਨ ਹੋਇ'

'ਮੇਰੇ ਸਤਿਗੁਰਾ ਹਉ ਤੁਧੁ ਵਿਟਹੁ ਕੁਰਬਾਣੂ ਤੇਰੇ ਦਰਸਨ ਕਉ ਬਲਿਹਾਰਣੈ ਤੁਧਿ ਦਿੱਤਾ ਅੰਮ੍ਰਿਤ ਨਾਮੁ।'

ਤਰਸੇਮ ਸਿੰਘ ਨਾਮਧਾਰੀ।
230 MOUNTAIN BERR RD.
BRAMPTON. ON L6 RIW 3
CANADA
905-457-6829

ਸ੍ਰੀ ਸਤਿਗੁਰੂ ਜੀਆਂ ਦੀ ਦੂਰਦਰਸ਼ਤਾ ਦਾ ਮੁੜ ਰਿਣੀ ਹੋਣ ਨੂੰ ਜੀਅ ਕਰਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਲੜਕੀਆਂ ਮਾਰਨ ਤੋਂ ਰੋਕਿਆ ਤੇ ਵਿਧਵਾ ਵਿਆਹ ਦੀ ਆਗਿਆ ਦੇਕੇ ਸਮਾਜ ਵਿਚ ਆ ਰਹੇ ਨਿਘਾਰ ਨੂੰ ਠੱਲ੍ਹ ਪਾਈ। ਬੱਚੀਆਂ ਦਾ ਆਰਥਕਤਾ ਤੋਂ ਬੋਝ ਹਟਾਉਣ ਲਈ ਤੇ ਬੱਚੀਆਂ ਨੂੰ ਆਦਰ ਦੁਆਣ ਵਾਸਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਿਨਾਂ ਦਾਜ, ਮੇਲਿਆਂ ਵਿਚ ਅਨੰਦ ਕਰਨ ਦੀ ਪਿਰਤ ਪਾਕੇ ਵੱਡਾ ਉਪਕਾਰ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਕ੍ਰਿਪਾ ਕਰਕੇ ਨਾਮਧਾਰੀ ਦਰਬਾਰ ਰਾਹੀਂ ਮਤਾ ਪਾਸ ਕਰਕੇ ਲਿੰਗ ਨਿਰਧਾਰਨ ਟੈਸਟਾਂ ਤੇ ਸਰਕਾਰੀ ਰੋਕ ਲਗਵਾਈ ਤਾਂਕਿ ਲੜਕੇ ਲੜਕੀਆਂ ਦਾ ਸੰਤੁਲਨ ਬਣਿਆ ਰਹੇ।

ਲੜਕੇ ਲੜਕੀਆਂ ਦਾ ਅਨੁਪਾਤ ਵਿਗੜਨ ਦੀ ਗੱਲ ਮੁੜ ਗਰਮਾਈ ਹੈ। ਲੋਹਾ ਗਰਮ ਹੈ, ਹੋ ਸਕਦਾ ਹੈ ਮੇਰੀ ਕਵਿਤਾ ਦਾ ਹਥੋੜਾ ਕੁਝ ਯੋਗਦਾਨ ਪਾ ਦੇਵੇ।

ਗੁਰਦੇਵ ਸਿੰਘ ਚੌਘਰ
ਚਚਰਾੜੀ (ਜਲੰਧਰ)

ਟਿਪਣੀਆਂ ਪੰਜਾਬੀ ਟ੍ਰਿਬਿਊਨ ਦੀਆਂ

ਪੰਜਾਬੀ ਟ੍ਰਿਬਿਊਨ ਵਿਚ ਨਵਾਂ ਅੰਕ ਨਵਾਂ ਸਾਹਿਤ ਸਿਰਲੇਖ ਹੇਠ ਪ੍ਰੇਮ ਗੋਰਖੀ ਵਲੋਂ ਪੰਜਾਬੀ ਦੇ ਪਰਚਿਆਂ ਸਬੰਧੀ ਚਰਚਾ/ਜਾਣਕਾਰੀ ਛਪਦੀ ਹੈ। 'ਵਰਿਆਮ' ਦੇ ਦੇਸ਼ ਵਿਦੇਸ਼ ਦੇ ਪਾਠਕਾਂ ਵਾਸਤੇ ਵਰਿਆਮ ਸਬੰਧੀ ਟਿਪਣੀਆਂ, ਇਥੇ ਪੰਜਾਬੀ ਟ੍ਰਿਬਿਊਨ ਅਤੇ ਸ੍ਰੀ ਪ੍ਰੇਮ ਗੋਰਖੀ ਦੇ ਧੰਨਵਾਦ ਸਹਿਤ ਛਾਪ ਰਹੇ ਹਾਂ।

—ਸੰਪਾਦਕ ਵਰਿਆਮ

ਲੰਮੇਂ ਸਮੇਂ ਤੋਂ ਜਗਦੀਸ਼ ਸਿੰਘ ਜਲੰਧਰੋਂ ਵਰਿਆਮ ਛਾਪ ਰਹੇ ਹਨ। ਨਾਮਧਾਰੀ ਸੰਪਰਦਾ ਨੂੰ ਸਮਰਪਿਤ ਇਹ ਪਰਚਾ ਜਿਥੇ ਧਰਮ, ਸੰਗੀਤ, ਮਨੁੱਖਤਾ, ਪੰਜਾਬੀ ਵਿਰਸੇ ਸਬੰਧੀ ਸਮੇਂ-ਸਮੇਂ ਮੁੱਲਵਾਨ ਸਮੱਗਰੀ ਛਾਪਦਾ ਰਹਿੰਦਾ ਹੈ ਉਥੇ ਸਾਹਿਤਕ ਕਿਰਤਾਂ ਨੂੰ ਵੀ ਉਚੇਰੀ ਥਾਂ ਦੇ ਕੇ ਛਾਪਦਾ ਹੈ।

ਹਥਲੇ ਅੰਕ ਵਿਚ ਗੁਰਭਜਨ ਗਿੱਲ, ਸਤਨਾਮ ਚਾਨਾ, ਕਰਨੈਲ ਸਿੰਘ ਅਸਪਾਲ, ਮਹਿਮਾ ਸਿੰਘ ਤੂਰ, ਡੀ. ਆਰ. ਧਵਨ, ਵਕੀਲ ਕਰਮ ਸਿੰਘ, ਮਹਿੰਦਰ ਸਿੰਘ ਕੂਕਾ ਆਪਣੀਆਂ ਕਵਿਤਾਵਾਂ ਲੈ ਕੇ ਹਾਜ਼ਰ ਹਨ। ਬਹੁਤ ਲੰਮਾ ਸਮਾ ਗੁੰਮ ਰਹਿਣ ਦੇ ਬਾਅਦ ਸਰਵਣ ਰਾਹੀਂ ਹਾਜ਼ਰ ਹੈ ਤੇ ਡਾ: ਦਵਿੰਦਰ ਦਿਲਰੂਪ ਦੀਆਂ ਦਰਦੀਲੀਆਂ ਚਾਰ ਕਾਵਿ - ਰਚਨਾਵਾਂ ਸ਼ਾਮਿਲ ਹਨ। ਡਾ: ਲਖਵਿੰਦਰ ਜੌਹਲ 'ਚੌਕ-ਚੌਰਾਹਾ' ਲਲਿਤ ਨਿਬੰਧ ਲੈ ਕੇ ਫਿਰ ਹਾਜ਼ਰ ਹੈ, ਬਰਜਿੰਦਰ ਸਿੰਘ ਹਮਦਰਦ ਦੀ ਗਾਇਕੀ ਬਾਰੇ ਸੰਪਾਦਕ ਜਗਦੀਸ਼ ਸਿੰਘ ਦਾ ਲੇਖ ਚੰਗਾ ਹੈ, ਇਸੇ ਤਰ੍ਹਾਂ ਸੁਵਰਨ ਸਿੰਘ ਵਿਰਕ ਨੇ ਪ੍ਰੀਤਮ ਸਿੰਘ ਪੰਛੀ ਦੇ ਨਾਵਲ 'ਸੋਲਾਂ' ਚਰਚ ਰੋਡ' ਬਾਰੇ ਲੰਮਾ ਲੇਖ ਲਿਖਿਆ ਹੈ। ੧੨.੯.੨੦੦੪

ਨਵੇਂ ਅੰਕ ਵਿਚ ਨਾਮਧਾਰੀ ਸਮਾਜ ਦੇ ਸਤਿਗੁਰੂ ਪ੍ਰਤਾਪ ਸਿੰਘ ਹੋਰਾਂ ਬਾਰੇ ਸੁਵਰਨ ਸਿੰਘ ਵਿਰਕ, ਗਿ. ਕਰਤਾਰ ਸਿੰਘ, ਸਵਰਨ ਸਿੰਘ ਸਨੇਹੀ, ਸੰਤ ਵਰਿਆਮ ਸਿੰਘ ਦੇ ਲੇਖ-ਵਿਚਾਰ ਪੜ੍ਹਨਯੋਗ ਹਨ। 'ਵਰਿਆਮ' ਨੂੰ ਇਹ ਸਿਲਾ ਜਾਂਦਾ ਹੈ ਕਿ ਉਸ ਨੇ ਲਖਵਿੰਦਰ ਜੌਹਲ ਦੀ ਕਲਮ ਤੋਂ ਹੋਰ ਵੀ ਸਾਰਥਕ ਕੰਮ ਲੈਣਾ ਸ਼ੁਰੂ ਕਰ ਦਿੱਤਾ ਹੈ। ਇੰਦਰਜੀਤ ਹਸਨਪੁਰੀ ਦੇ ਦੋ ਬੜੇ ਪਿਆਰੇ ਗੀਤ 'ਮਾਏ ਨੀ ਮਾਏ' ਤੇ ਘੁੱਗੀ ਬੋਲੇ' ਜ਼ਿਕਰਯੋਗ ਹਨ। ਫਕੀਰ ਚੰਦ ਤੁਲੀ ਨੂੰ 'ਸਦੀਆਂ ਬਾਅਦ' ਛਪਿਆ ਦੇਖ ਕੇ ਖੁਸ਼ੀ ਹੋਈ।

੨੪ ਅਕਤੂਬਰ, ੨੦੦੪

ਨਵੇਂ ਅੰਕ ਵਿਚ ਸਤਿਗੁਰੂ ਜਗਜੀਤ ਸਿੰਘ ਬਾਰੇ ਸੁਵਰਨ ਸਿੰਘ ਵਿਰਕ, ਉਨ੍ਹਾਂ ਦੀ ਸੰਗੀਤ ਨੂੰ ਦੇਣ ਬਾਰੇ ਜਗਦੀਸ਼ ਸਿੰਘ ਵਰਿਆਮ ਦਾ ਭਾਵਪੂਰਤ ਲੇਖ ਸ਼ਾਮਿਲ ਹਨ। ਜਗਦੀਸ਼ ਪ੍ਰਸਾਦਿ ਕੌਸ਼ਿਕ ਦਾ ਵਿਅੰਗ 'ਸਿਰਕੇ ਦੀ ਬੋਤਲ' ਹਾਜ਼ਰ ਹੈ। ਮੁਨਸ਼ਾ ਸਿੰਘ ਦੁਖੀ ਦੀ ਕਾਵਿ ਦੇਣ ਬਾਰੇ ਡਾ. ਤੇਜਵੰਤ ਮਾਨ ਦਾ ਲੇਖ ਹੈ। ਕਾਵਿ ਮਹਿਫਲ ਵਿਚ ਕੁਝ ਕਵੀਆਂ ਨੇ ਹਾਜ਼ਰੀ ਲਵਾਈ ਹੈ। ਇਕ ਲੇਖ ਬੜੇ ਗੰਭੀਰ ਵਿਸ਼ੇ ਨਾਲ ਸਬੰਧਿਤ 'ਮਾਮਲਾ ਧੀਆਂ ਦੇ ਕਤਲਾਂ ਦਾ' ਵੀ ਛਾਪਿਆ ਗਿਆ ਹੈ।

੧੪ ਨਵੰਬਰ.੨੦੦੪

ਪੰਜਾਬ ਸਰਕਾਰ ਵਲੋਂ ਸ਼੍ਰੋਮਣੀ ਪੁਰਸਕਾਰ ਵਿਜੇਤਾ


ਸੰਤ ਬਲਜੀਤ ਸਿੰਘ ਨਾਮਧਾਰੀ


ਡਾ. ਲਖਵਿੰਦਰ ਜੌਹਲ



ਡਾ. ਵਰਿਆਮ ਸਿੰਘ ਸੰਧੂ


ਸ੍ਰੀ ਜਤਿੰਦਰ ਪਨੂੰ



ਸੰਤ ਬਲਬੀਰ ਸਿੰਘ ਜਲੰਧਰ ਨੂੰ ੨੯ ਅਕਤੂਬਰ ੨੦੦੪ ਨੂੰ ਰੋਟਰੀ ਕਲੱਬ ਜਲੰਧਰ ਵਲੋਂ ਵੋਕੇਸ਼ਨਲ ਐਵਾਰਡ ਪ੍ਰਦਾਨ ਕੀਤਾ ਗਿਆ। ਤਸਵੀਰ ਵਿਚ ਖੱਬੇ ਤੋਂ ਸੱਜੇ ਕੈਪਟਨ ਗੁਰਦੀਪ ਸਿੰਘ ਪ੍ਰਧਾਨ ਰੋਟਰੀ ਕਲੱਬ ਜਲੰਧਰ, ਸ੍ਰੀ ਐਸ. ਵੀ. ਹੰਸ ਪਾਸਟ ਡਿ. ਗਵਰਨਰ PDG 82-83 ਸ. ਸੁਰਿੰਦਰ ਪਾਲ ਸਿੰਘ ਰੋਟੇਰੀਅਨ, ਸੰਤ ਬਲਬੀਰ ਸਿੰਘ ਅਤੇ ਸ੍ਰੀ ਕ੍ਰਿਸ਼ਨ ਅਰੋੜਾ-ਰੋਟੇਰੀਅਨ ਸਕੱਤਰ ਦਿਸ ਰਹੇ ਹਨ।

Registered No. PB (0016) 2003 MONTHLY WARIAM Ladowali Road, Jalandhar-144 001
Regd. RNI No. 26453/75 December -2004



NAMDHARI SEEDS

ਤੁਹਾਡੀ ਖੁਸ਼ਹਾਲੀ ਦੀ ਰਾਜ਼

"ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

ਟਮਾਟਰ	: N.S. 815, ਉਤਸਵ ਅਤੇ ਅਮੋਘ
ਫੁਲ ਗੋਭੀ	: N.S. 60, N.S. 84 ਅਤੇ N.S. 90
ਭਿੰਡੀ	: ਅਰਕਾ ਅਨਾਮਿਕਾ
ਤਰਬੂਜ਼	: N.S. 295 (ਸਮਰ ਸਵੀਟ) N.S. 246
ਖਰਬੂਜਾ	: N.S. 7455 ਅਤੇ ਅਭੀਜੀਤ
ਲੌਕੀ (ਘੀਆ)	: ਕਾਵੇਰੀ
ਤੋਰਈ	: ਸੰਜੀਵਨੀ ਅਤੇ ਹੋਰ ਬਹੁਤ ਕੁਝ

ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ

ਨਾਮਧਾਰੀ ਸੀਡਜ਼ ਪ੍ਰ: ਲਿ:

Head Office:
Namdhari Seeds Pvt. Ltd.
Bidadi - Banglore (India)
Tel. : 080 - 72 82 653
72 82 654
City Office:080- 8602167
Fax :080 8602168

ਰੀਜਨਲ ਆਫਿਸ :
ਪਿੰਡ ਰਾਈਆਂ ਕੁਹਾੜਾ ਮਾਛੀਵਾੜਾ
ਰੋਡ ਜ਼ਿਲਾ ਲੁਧਿਆਣਾ
ਫੋਨ : 0161- 834036, 834420
ਮੋਬਾਇਲ : 98141-33109

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ, ਕੀਤਾ
ਫੋਨ : 2222543, ਨਿਵਾਸ : 2456289